Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 261 04/03/2026 www.samajweekly.com samajweekly @samajweekly samajweekly




# ਹੋਲੀ ਦੀਆਂ ਅਦਾਰਾ ਸਮਾਜ ਵੀਕਲੀ ਵਲੋਂ ਸ਼ੁੱਭਕਾਮਨਾਵਾਂ

ਅੱਜ ਅਦਾਰੇ ਵਿੱਚ ਛੁੱਟੀ ਰਹੇਗੀ, ਅਗਲਾ ਅੰਕ 6 ਮਾਰਚ ਨੂੰ ਆਵੇਗਾ।

# ਟੂਰਿਸਟ ਵੀਜ਼ੇ 'ਤੇ ਗਏ ਬਹੁਤ ਸਾਰੇ ਪੰਜਾਬੀ ਦੁਬਈ ਵਿੱਚ ਫਸੇ ਹੋਏ: ਡਾ. ਰਵਜੋਤ ਸਿੰਘ

**ਚੰਡੀਗੜ੍ਹ:** ਇਜ਼ਰਾਈਲ ਅਤੇ ਈਰਾਨ ਵਿਚਾਲੇ ਟਕਰਾਅ ਕਾਰਨ ਟੂਰਿਸਟ ਵੀਜ਼ੇ 'ਤੇ ਅਰਬ ਦੇਸ਼ਾਂ ਦੀ ਯਾਤਰਾ ਕਰਨ ਵਾਲੇ ਪੰਜਾਬ ਦੇ ਲੋਕ ਫਸੇ ਹੋਏ ਹਨ। ਜ਼ਿਆਦਾਤਰ ਦੁਬਈ ਵਿੱਚ ਫਸੇ ਹੋਏ ਹਨ। ਹਾਲਾਂਕਿ, ਸਾਡੇ ਕੋਲ ਅਜੇ ਤੱਕ ਕੋਈ ਅਧਿਕਾਰਤ ਅੰਕੜੇ ਨਹੀਂ ਹਨ। ਪੰਜਾਬ ਦੇ ਪ੍ਰਵਾਸੀ ਭਾਰਤੀ ਮੰਤਰੀ ਡਾ. ਰਵਜੋਤ ਸਿੰਘ ਨੇ ਦਿੱਲੀ ਵਿੱਚ ਇੱਕ ਪ੍ਰੈਸ ਕਾਨਫਰੰਸ ਵਿੱਚ ਇਹ ਗੱਲ ਕਹੀ। ਹੈਲਪਲਾਈਨ ਨੰਬਰ 'ਤੇ ਫਸੇ ਹੋਏ ਵਿਅਕਤੀਆਂ ਦੇ ਕਾਲ ਆ ਰਹੇ ਹਨ। ਲੋਕ ਕਹਿੰਦੇ ਹਨ ਕਿ ਉਨ੍ਹਾਂ ਦੇ ਵੀਜ਼ੇ ਦੀ ਮਿਆਦ ਖਤਮ ਹੋਣ ਵਾਲੀ ਹੈ ਅਤੇ ਉਨ੍ਹਾਂ ਦੇ ਪੈਸੇ ਖਤਮ ਹੋ ਰਹੇ ਹਨ। ਵਾਰ-ਵਾਰ ਟਿਕਟ ਰੱਦ ਕਰਨ ਨਾਲ ਮੁਸ਼ਕਲਾਂ ਆ ਰਹੀਆਂ ਹਨ। ਸਵੇਰ ਤੋਂ ਲਗਭਗ 150 ਕਾਲਾਂ ਆਈਆਂ ਹਨ। ਲੋਕ ਵੱਖ-ਵੱਖ ਦੇਸ਼ਾਂ ਵਿੱਚ ਫਸੇ ਹੋਏ ਹਨ। ਕੁਝ ਮਜ਼ਦੂਰਾਂ ਵਜੋਂ ਗਏ ਸਨ, ਕੁਝ ਕਰਮਚਾਰੀ ਹਨ, ਜਾਂ ਵੀਜ਼ਾ ਧਾਰਕਾਂ ਵਜੋਂ ਉੱਥੇ



ਰਹਿ ਰਹੇ ਹਨ।

**ਹੈਲਪਲਾਈਨ ਨੰਬਰ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ**

ਮੰਤਰੀ ਰਵਜੋਤ ਸਿੰਘ ਨੇ ਕਿਹਾ ਕਿ ਸਰਕਾਰ ਨੇ ਇੱਕ ਹੈਲਪਲਾਈਨ ਨੰਬਰ ਜਾਰੀ ਕੀਤਾ ਹੈ। ਵੱਖ-ਵੱਖ ਦੂਤਾਵਾਸਾਂ ਲਈ ਨੰਬਰ ਵੀ ਸਾਂਝੇ ਕੀਤੇ ਗਏ ਹਨ ਤਾਂ ਜੋ ਫਸੇ ਹੋਏ ਲੋਕ ਉਨ੍ਹਾਂ ਨਾਲ ਸਿੱਧਾ ਸੰਪਰਕ ਕਰ ਸਕਣ। ਹਾਲਾਂਕਿ, ਓਮਾਨ ਦੂਤਾਵਾਸ ਪਹੁੰਚ ਤੋਂ ਬਾਹਰ ਹੈ। ਇਸ ਮਾਮਲੇ ਸੰਬੰਧੀ ਸਬੰਧਤ ਮੰਤਰਾਲੇ ਨਾਲ ਵੀ ਤਾਲਮੇਲ ਸਥਾਪਤ ਕੀਤਾ ਗਿਆ ਹੈ। ਪੰਜਾਬ ਤੋਂ ਵੱਡੀ ਗਿਣਤੀ ਵਿੱਚ ਲੋਕ ਅਰਬ ਦੇਸ਼ਾਂ ਵਿੱਚ ਲੇਬਰ ਫੋਰਸ ਵਿੱਚ ਕੰਮ ਕਰਨ ਗਏ ਸਨ।

**ਕੇਂਦਰੀ ਨਿਯੁਕਤੀ ਦੀ ਮੰਗ ਕੀਤੀ ਗਈ**

ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਨੇ ਖੁਦ ਵਿਦੇਸ਼ ਮੰਤਰਾਲੇ ਤੋਂ ਵਿਦੇਸ਼ਾਂ ਵਿੱਚ ਫਸੇ ਲੋਕਾਂ ਦੀਆਂ ਸ਼ਿਕਾਇਤਾਂ ਦੇ ਹੱਲ ਲਈ ਸਮਾਂ ਮੰਗਿਆ ਹੈ। ਉਨ੍ਹਾਂ ਕਿਹਾ ਕਿ ਸਮਾਂ ਬਹੁਤ ਮਹੱਤਵਪੂਰਨ ਹੈ। ਹੈਲਪਲਾਈਨ 'ਤੇ ਪ੍ਰਾਪਤ ਹੋਣ ਵਾਲੇ ਜ਼ਿਆਦਾਤਰ ਸੁਨੇਹੇ ਅਤੇ ਕਾਲ ਉਨ੍ਹਾਂ ਲੋਕਾਂ ਦੇ ਹਨ ਜੋ ਟੂਰਿਸਟ ਵੀਜ਼ਾ 'ਤੇ ਯਾਤਰਾ ਕਰਦੇ ਸਨ। ਅਕਤੂਬਰ ਤੋਂ ਮਾਰਚ ਮੱਧ ਪੂਰਬ ਵਿੱਚ ਸੈਰ-ਸਪਾਟਾ ਸੀਜ਼ਨ ਹੈ। ਬਹੁਤ ਸਾਰੇ ਲੋਕਾਂ ਨੇ ਸੀਮਤ ਫੰਡਾਂ ਨਾਲ ਉੱਥੇ ਯਾਤਰਾ ਕੀਤੀ ਅਤੇ ਹੁਣ ਉਨ੍ਹਾਂ ਦੇ ਵੀਜ਼ਾ ਅਤੇ ਫੰਡ ਦੋਵਾਂ ਦੇ ਖਤਮ ਹੋਣ ਬਾਰੇ ਚਿੰਤਤ ਹਨ। ਇਸ ਲਈ ਸਰਕਾਰ ਨਾਲ ਲਗਾਤਾਰ ਸੰਪਰਕ ਕੀਤਾ ਜਾ ਰਿਹਾ ਹੈ।

## ਅਮਰੀਕਾ 'ਚ ਗੋਲੀਬਾਰੀ ਵਿਚ ਇਕ ਭਾਰਤੀ ਮੂਲ ਦੀ ਵਿਦਿਆਰਥਣ ਸਮੇਤ 4 ਲੋਕਾਂ ਦੀ ਮੌਤ



**ਅਮਰੀਕਾ।** ਅਮਰੀਕੀ ਰਾਜ ਟੈਕਸਸ ਦੀ ਰਾਜਧਾਨੀ ਆਸਟਿਨ ਵਿੱਚ ਐਤਵਾਰ ਤੜਕੇ ਹੋਈ ਗੋਲੀਬਾਰੀ ਵਿੱਚ 21 ਸਾਲਾ ਭਾਰਤੀ ਮੂਲ ਦੀ ਵਿਦਿਆਰਥਣ ਸਵਿਤਾ ਸ਼ਾਨ ਸਮੇਤ ਚਾਰ ਲੋਕਾਂ ਦੀ ਮੌਤ ਹੋ ਗਈ ਅਤੇ 14 ਹੋਰ ਜ਼ਖ਼ਮੀ ਹੋ ਗਏ। ਪੁਲਿਸ ਦੇ ਅਨੁਸਾਰ 53 ਸਾਲਾ ਹਮਲਾਵਰ ਨਡਿਆਗਾ ਡਾਇਗਨ ਨੇ ਆਸਟਿਨ ਵਿੱਚ ਇੱਕ ਬੀਅਰ ਗਾਰਡਨ ਦੇ ਬਾਹਰ ਆਪਣੀ ਕਾਰ ਖੜ੍ਹੀ ਕੀਤੀ ਅਤੇ ਉੱਥੇ ਬੈਠੇ ਲੋਕਾਂ 'ਤੇ ਪਿਸਤੌਲ ਨਾਲ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਫਿਰ ਉਹ ਕਾਰ ਤੋਂ ਬਾਹਰ ਨਿਕਲਿਆ ਅਤੇ ਰਾਹਗੀਰਾਂ 'ਤੇ ਰਾਈਫਲ ਨਾਲ ਗੋਲੀਬਾਰੀ ਕੀਤੀ। ਪੁਲਿਸ ਮੌਕੇ 'ਤੇ ਪਹੁੰਚੀ ਅਤੇ ਹਮਲਾਵਰ ਨੂੰ ਢੇਰ ਕਰ ਦਿੱਤਾ। ਐਫਬੀਆਈ ਡਾਇਰੈਕਟਰ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਐਲਾਨ ਕੀਤਾ ਕਿ ਅੱਤਵਾਦ ਵਿਰੋਧੀ ਅਤੇ ਖੁਫੀਆ ਟੀਮਾਂ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ। ਇਹ ਕਦਮ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਸ਼ਨੀਵਾਰ ਨੂੰ ਇਰਾਨ 'ਤੇ ਬੰਬਾਰੀ ਸ਼ੁਰੂ ਕਰਨ ਤੋਂ ਬਾਅਦ ਆਇਆ ਹੈ, ਜਿਸ ਨਾਲ ਦੇਸ਼ ਭਰ ਦੀਆਂ ਸੁਰੱਖਿਆ ਏਜੰਸੀਆਂ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ। ਦੱਸ ਦੇਈਏ ਕਿ ਸਵਿਤਾ ਸ਼ਾਨ ਯੂਨੀਵਰਸਿਟੀ ਆਫ਼ ਟੈਕਸਾਸ ਐਟ ਔਸਟਿਨ ਵਿੱਚ ਡਿਊਲ-ਡਿਗਰੀ ਸੀਨੀਅਰ ਸੀ। ਯੂਨੀਵਰਸਿਟੀ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਮੈਨੇਜਮੈਂਟ ਇਨਫਰਮੇਸ਼ਨ ਸਿਸਟਮ ਅਤੇ ਇਕਨਾਮਿਕਸ ਦੀ ਪੜ੍ਹਾਈ ਕਰਨ ਵਾਲੀ ਇੱਕ ਬਿਹਤਰੀਨ ਸਟੂਡੈਂਟ ਦੱਸਿਆ। ਸਵਿਤਾ ਸ਼ਾਨ ਦੀ ਹੱਤਿਆ ਨਾਲ ਔਸਟਿਨ ਵਿੱਚ ਰਹਿਣ ਵਾਲੇ ਭਾਰਤੀ ਭਾਈਚਾਰੇ ਖਾਸ ਵਿਦਿਆਰਥੀਆਂ ਅਤੇ ਟੈਕਨਾਲੋਜੀ ਪ੍ਰੋਫੈਸ਼ਨਲਜ਼ ਨੂੰ ਗਹਿਰਾ ਸਦਮਾ ਲੱਗਿਆ ਹੈ।

## ਭਾਰਤ ਕੋਲ 40-45 ਦਿਨਾਂ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ ਹਨ ਕੱਚੇ ਤੇਲ ਦੇ ਭੰਡਾਰ

**ਨਵੀਂ ਦਿੱਲੀ।** ਈਰਾਨ ਸੰਕਟ ਦੇ ਵਿਚਕਾਰ ਹੋਰਮੁਜ਼ ਜਲਡਮਰੂ ਰਾਹੀਂ ਕੱਚੇ ਤੇਲ ਦੀ ਸਪਲਾਈ ਵਿੱਚ ਵਿਘਨ ਪੈਣ ਦੀ ਸਥਿਤੀ ਵਿੱਚ, ਭਾਰਤ ਕੋਲ ਕੱਚੇ ਤੇਲ ਦੇ ਭੰਡਾਰ ਹਨ ਜੋ ਲਗਭਗ 40-45 ਦਿਨਾਂ ਦੀਆਂ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕਾਫ਼ੀ ਹਨ। ਊਰਜਾ ਬਾਜ਼ਾਰ ਵਿਸ਼ਲੇਸ਼ਣ ਫਰਮ ਕੇਪਲਰ ਨੇ ਇਹ ਮੁਲਾਂਕਣ ਜਾਰੀ ਕੀਤਾ ਹੈ। ਕੇਪਲਰ ਦੇ ਅਨੁਸਾਰ, ਭਾਰਤ ਕੋਲ ਲਗਭਗ 100 ਮਿਲੀਅਨ ਬੈਰਲ ਵਪਾਰਕ ਕੱਚਾ ਤੇਲ ਹੈ। ਇਸ ਵਿੱਚ ਰਿਫਾਇਨਰੀਆਂ, ਭੂਮੀਗਤ ਰਣਨੀਤਕ ਪੈਟਰੋਲੀਅਮ ਭੰਡਾਰ (ਐਸਪੀਆਰ) ਦੁਆਰਾ ਰੱਖੇ ਗਏ ਸਟਾਕ ਅਤੇ ਦੇਸ਼ ਵਿੱਚ ਆਉਣ ਵਾਲੇ ਜਹਾਜ਼ਾਂ 'ਤੇ ਲੋਡ ਕੀਤਾ ਜਾਣ ਵਾਲਾ ਤੇਲ ਸ਼ਾਮਲ ਹੈ। ਭਾਰਤ ਆਪਣੀਆਂ ਕੱਚੇ ਤੇਲ ਦੀਆਂ ਜ਼ਰੂਰਤਾਂ ਦਾ ਲਗਭਗ 88 ਪ੍ਰਤੀਸ਼ਤ ਆਯਾਤ ਕਰਦਾ ਹੈ। ਕੁੱਲ ਆਯਾਤ ਦਾ ਅੱਧਾ ਤੋਂ ਵੱਧ ਪੱਛਮੀ ਏਸ਼ੀਆ ਤੋਂ ਆਉਂਦਾ ਹੈ, ਅਤੇ ਇਸਦਾ ਇੱਕ ਵੱਡਾ ਹਿੱਸਾ ਹੋਰਮੁਜ਼ ਜਲਡਮਰੂ ਵਿੱਚੋਂ ਲੰਘਦਾ ਹੈ। ਭਾਰਤ ਰੋਜ਼ਾਨਾ ਔਸਤਨ ਲਗਭਗ 5 ਮਿਲੀਅਨ ਬੈਰਲ ਕੱਚਾ ਤੇਲ ਆਯਾਤ ਕਰਦਾ




ਹੈ, ਜਿਸ ਵਿੱਚੋਂ ਲਗਭਗ 2.5 ਮਿਲੀਅਨ ਬੈਰਲ ਹੋਰਮੁਜ਼ ਜਲਡਮਰੂ ਰਾਹੀਂ ਆਉਂਦਾ ਹੈ। ਕਪਲਰ ਦੇ ਪ੍ਰਮੁੱਖ ਖੋਜ ਵਿਸ਼ਲੇਸ਼ਕ ਸੁਮਿਤ ਰਿਟੋਲੀਆ ਨੇ ਕਿਹਾ, "ਜੇਕਰ ਪੱਛਮੀ ਏਸ਼ੀਆ ਤੋਂ ਤੇਲ ਦੀ ਸਪਲਾਈ ਅਸਥਾਈ ਤੌਰ 'ਤੇ ਵਿਘਨ ਪਾਉਂਦੀ ਹੈ, ਤਾਂ ਇਸਦਾ ਤੁਰੰਤ ਪ੍ਰਭਾਵ ਸਪਲਾਈ ਲੜੀ ਅਤੇ ਕੀਮਤਾਂ 'ਤੇ ਪਵੇਗਾ। ਹਾਲਾਂਕਿ, ਰਿਫਾਇਨਰੀਆਂ ਆਮ ਤੌਰ 'ਤੇ ਵਪਾਰਕ ਸਟਾਕ ਬਣਾਈ ਰੱਖਦੀਆਂ ਹਨ, ਅਤੇ ਪਹਿਲਾਂ ਹੀ ਰਵਾਨਾ ਹੋ ਚੁੱਕੇ ਤੇਲ ਕੈਰੀਅਰਾਂ ਦੀ ਆਮਦ ਥੋੜ੍ਹੇ ਸਮੇਂ ਲਈ ਰਾਹਤ ਪ੍ਰਦਾਨ ਕਰੇਗੀ।" ਹਾਲਾਂਕਿ, ਰਿਟੋਲੀਆ ਨੇ ਕਿਹਾ ਕਿ ਜੇਕਰ ਇਹ ਵਿਘਨ ਲੰਬੇ ਸਮੇਂ ਤੱਕ ਜਾਰੀ ਰਹਿੰਦਾ ਹੈ, ਤਾਂ ਤੇਲ ਆਯਾਤ ਲਾਗਤਾਂ, ਆਵਾਜਾਈ ਲਾਗਤਾਂ ਅਤੇ ਵਿਕਲਪਕ ਰੂਟਾਂ ਕਾਰਨ ਦਬਾਅ ਵਧੇਗਾ। ਗਲੋਬਲ ਤੇਲ ਬੈਂਚਮਾਰਕ ਬ੍ਰੈਂਟ ਕਰੂਡ ਦੀ ਕੀਮਤ ਪ੍ਰਤੀ ਬੈਰਲ $80 ਨੂੰ ਪਾਰ ਕਰ ਗਈ ਹੈ, ਜੋ ਕਿ ਈਰਾਨ ਸੰਕਟ ਸ਼ੁਰੂ ਹੋਣ ਤੋਂ ਪਹਿਲਾਂ ਦੇ ਪੱਧਰ ਨਾਲੋਂ ਲਗਭਗ 10 ਪ੍ਰਤੀਸ਼ਤ ਵੱਧ ਹੈ। ਭਾਰਤ ਨੇ ਪਿਛਲੇ ਵਿੱਤੀ ਸਾਲ ਵਿੱਚ ਕੱਚੇ ਤੇਲ ਦੀ ਦਰਾਮਦ 'ਤੇ $137 ਬਿਲੀਅਨ ਖਰਚ ਕੀਤੇ ਸਨ। ਮੌਜੂਦਾ ਵਿੱਤੀ ਸਾਲ ਦੇ ਅਪ੍ਰੈਲ-ਜਨਵਰੀ ਦੀ ਮਿਆਦ ਵਿੱਚ, ਇਹ ਪਹਿਲਾਂ ਹੀ 206.3 ਮਿਲੀਅਨ ਟਨ ਕੱਚੇ ਤੇਲ ਦੀ ਦਰਾਮਦ 'ਤੇ $100.4 ਬਿਲੀਅਨ ਖਰਚ ਕਰ ਚੁੱਕਾ ਹੈ। ਮੀਡੀਆ ਰਿਪੋਰਟਾਂ ਦੇ ਅਨੁਸਾਰ, ਪੱਛਮੀ ਏਸ਼ੀਆ ਵਿੱਚ ਟਕਰਾਅ ਨੇ ਹੋਰਮੁਜ਼ ਜਲਡਮਰੂ ਰਾਹੀਂ ਆਵਾਜਾਈ ਨੂੰ ਪ੍ਰਭਾਵਿਤ ਕੀਤਾ ਹੈ। ਇਹ 33 ਕਿਲੋਮੀਟਰ ਚੌੜਾ ਸਮੁੰਦਰੀ ਰਸਤਾ ਫਾਰਸ ਦੀ ਖਾੜੀ ਨੂੰ ਅਰਬ ਸਾਗਰ ਨਾਲ ਜੋੜਦਾ ਹੈ ਅਤੇ ਦੁਨੀਆ ਦੇ ਕੱਚੇ ਤੇਲ ਦੇ ਨਿਰਯਾਤ ਦਾ ਲਗਭਗ ਇੱਕ ਤਿਹਾਈ ਹਿੱਸਾ ਅਤੇ ਇਸਦੀ ਗੈਸ ਸਪਲਾਈ ਦਾ 20 ਪ੍ਰਤੀਸ਼ਤ ਇਸ ਤੋਂ ਆਉਂਦਾ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington, Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਜਨਮਦਿਨ ਪਾਰਟੀ ਵਿੱਚ ਗੋਲੀ ਚੱਲਣ ਕਾਰਨ 13 ਸਾਲਾਂ ਲੜਕੇ ਦੀ ਮੌਤ

**ਲਖਨਊ।** ਲਖਨਊ ਦੇ ਕ੍ਰਿਸ਼ਨਾ ਨਗਰ ਇਲਾਕੇ ਵਿੱਚ ਜਨਮਦਿਨ ਦੀ ਇੱਕ ਪਾਰਟੀ ਦੌਰਾਨ ਕਥਿਤ ਤੌਰ 'ਤੇ ਗੋਲੀ ਚੱਲਣ ਕਾਰਨ ਇੱਕ 13 ਸਾਲਾ ਲੜਕੇ ਦੀ ਮੌਤ ਹੋ ਗਈ, ਪੁਲੀਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਇਹ ਘਟਨਾ ਸੋਮਵਾਰ ਸ਼ਾਮ ਕਰੀਬ 6:40 ਵਜੇ ਕ੍ਰਿਸ਼ਨਾ ਨਗਰ ਪੁਲੀਸ ਸਟੇਸ਼ਨ ਖੇਤਰ ਅਧੀਨ ਇੱਕ ਐੱਲ ਡੀ ਏ (LDA) ਕਲੋਨੀ ਦੀ ਰਿਹਾਇਸ਼ ਵਿੱਚ ਵਾਪਰੀ। ਪੀੜਤ, ਉਨੈਸ ਖਾਨ, ਤਿੰਨ ਹੋਰ ਨਾਬਾਲਗਾਂ ਨਾਲ ਆਪਣੇ ਇੱਕ ਦੋਸਤ ਦੇ ਘਰ ਉਸ ਦੇ ਜਨਮਦਿਨ ਦੀ ਪਾਰਟੀ ਵਿੱਚ ਸ਼ਾਮਲ ਹੋਣ ਗਿਆ ਸੀ। ਜਸ਼ਨ ਦੇ ਦੌਰਾਨ, ਜਨਮਦਿਨ ਮਨਾ ਰਹੇ 13 ਸਾਲਾ ਲੜਕੇ ਨਵਨੀਤ ਤ੍ਰਿਪਾਠੀ ਨੇ ਕਥਿਤ ਤੌਰ 'ਤੇ ਬਾਹਰ ਖੜ੍ਹੀ ਕਾਰ ਵਿੱਚੋਂ ਆਪਣੇ ਪਿਤਾ ਦਾ ਲਾਇਸੈਂਸੀ ਰਿਵਾਲਵਰ ਕੱਢਿਆ ਅਤੇ ਅਚਾਨਕ ਗੋਲੀ ਚੱਲ ਗਈ।



ਗੋਲੀ ਉਨੈਸ ਦੀ ਖੱਬੀ ਅੱਖ ਦੇ ਉੱਪਰ ਲੱਗੀ ਅਤੇ ਉਹ ਫਰਸ਼ 'ਤੇ ਡਿੱਗ ਪਿਆ। ਉਸ ਨੂੰ ਤੁਰੰਤ ਲੋਕਬੰਧੂ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਉਸ ਦੇ ਪਰਿਵਾਰ ਨੇ ਦੋਸ਼ ਲਾਇਆ ਕਿ ਉਨੈਸ ਨੂੰ ਕਿਸੇ ਬਾਲਗ ਨੇ ਗੋਲੀ ਮਾਰੀ ਹੈ ਅਤੇ ਇਹ ਕੋਈ ਅਚਾਨਕ ਚੱਲੀ ਗੋਲੀ ਨਹੀਂ ਸੀ। ਡਿਪਟੀ ਕਮਿਸ਼ਨਰ ਆਫ਼ ਪੁਲਿਸ (ਲਖਨਊ ਦੱਖਣੀ) ਨਿਪੁਨ ਅਗਰਵਾਲ ਨੇ ਦੱਸਿਆ ਕਿ ਪਾਰਟੀ ਵਿੱਚ ਮੌਜੂਦ ਤਿੰਨ ਨਾਬਾਲਗ਼ਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਅਤੇ ਉਹਨਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

## ਮੱਧ-ਪੂਰਬ ਵਿਚ ਜੰਗ ਹੋਰ ਭੜਕੀ, ਇਰਾਨ ਦਾ ਅਮਰੀਕੀ ਸਫ਼ਾਰਤਖ਼ਾਨੇ ’ਤੇ ਹਮਲਾ



**ਦੁਬਈ:** ਰਿਆਦ ਵਿਚ ਅਮਰੀਕੀ ਸਫ਼ਾਰਤਖ਼ਾਨੇ ’ਤੇ ਇਰਾਨੀ ਹਮਲੇ ਤੋਂ ਬਾਅਦ ਮੱਧ-ਪੂਰਬ ਵਿਚ ਜੰਗ ਹੋਰ ਤੀਬਰ ਹੋ ਗਈ ਹੈ। ਅਮਰੀਕਾ ਨੇ ਕਈ ਦੇਸ਼ਾਂ ’ਚੋਂ ਅਪਣੇ ਕਰਮਚਾਰੀਆਂ ਨੂੰ ਤੁਰਤ ਬਾਹਰ ਕੱਢਣ ਦੇ ਹੁਕਮ ਜਾਰੀ ਕੀਤੇ ਹਨ। ਇਸੇ ਦੌਰਾਨ, ਅਮਰੀਕਾ ਅਤੇ ਇਸਰਾਈਲ ਨੇ ਇਰਾਨ ‘ਤੇ ਭਾਰੀ ਹਵਾਈ ਹਮਲੇ ਕੀਤੇ ਹਨ।

ਉਧਰ ਸੰਯੁਕਤ ਰਾਸ਼ਟਰ ਦੀ ਪ੍ਰਮਾਣੂ ਨਿਗਰਾਨੀ ਸੰਸਥਾ ਨੇ ਮੰਗਲਵਾਰ ਨੂੰ ਕਿਹਾ ਕਿ ਅਮਰੀਕਾ ਅਤੇ ਇਜ਼ਰਾਇਲ ਦੇ ਹਵਾਈ ਹਮਲਿਆਂ ਦੇ ਦਰਮਿਆਨ ਇਰਾਨ ਦੇ ਨਤਾਂਜ਼ ਪਰਮਾਣੂ ਸਥਾਨ ਨੂੰ ‘ਹਾਲ ਹੀ ਵਿਚ ਕੁੱਝ ਨੁਕ-ਸਾਨ’ ਹੋਇਆ ਹੈ, ਪਰ ਇਸ ਨਾਲ ‘ਕਿਸੇ ਵੀ ਵਿਕਿਰਣ ਦਾ ਸ਼ੱਕ ਨਹੀਂ ਹੈ।’ ਕੌਮਾਂਤਰੀ ਪਰਮਾਣੂ ਊਰਜਾ ਏਜੰਸੀ ਨੇ ਦਸਿਆ ਕਿ ਨੁਕਸਾਨ ਮੁੱਖ ਤੌਰ ਉਤੇ ਪਰਮਾਣੂ ਸਥਾਨ ਦੇ ਭੂਗਰਭੀ ਹਿੱਸੇ ਦੇ ‘ਪ੍ਰਵੇਸ਼ ਭਵਨਾਂ’ ਤਕ ਸੀਮਿਤ ਹੈ।

ਸਾਊਦੀ ਰੱਖਿਆ ਮੰਤਰਾਲੇ ਨੇ ਦਸਿਆ ਕਿ ‘ਦੋ ਡਰੋਨ ਹਮਲਿਆਂ ਨਾਲ ਦੂਤਾਵਾਸ ਵਿਚ ਸੀਮਿਤ ਅੱਗ ਲੱਗੀ।’ ਅਮਰੀਕੀ ਸਫ਼ਾਰਤਖ਼ਾਨੇ ਨੇ ਅਪਣੇ ਨਾਗਰਿਕਾਂ ਨੂੰ ਚੇਤਾਵਨੀ ਦਿਤੀ ਕਿ ਉਹ ਕੰਪਾਊਂਡ ਤੋਂ ਦੂਰ ਰਹਿਣ। ਕੁਵੈਤ ਵਿਚ ਅਮਰੀਕੀ ਸਫ਼ਾਰਤਖ਼ਾਨਾ ਪਹਿਲਾਂ ਹੀ ਬੰਦ ਕੀਤਾ ਜਾ ਚੁੱਕਾ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਨੇ ਕੁਵੈਤ, ਬਹਿਰੀਨ, ਇਰਾਕ, ਕਤਰ, ਜੋਰਡਨ ਅਤੇ ਯੂ.ਏ.ਈ. ’ਚੋਂ ਗੈਰ-ਜ਼ਰੂਰੀ ਕਰਮਚਾਰੀਆਂ ਅਤੇ ਪਰਵਾਰਾਂ ਨੂੰ ਤੁਰਤ ਨਿਕਾਲਣ ਦੇ ਹੁਕਮ ਦਿਤੇ ਹਨ। ਹਵਾਈ ਅੱਡਿਆਂ ਦੇ ਬੰਦ ਹੋਣ ਕਾਰਨ ਹਜ਼ਾਰਾਂ ਲੋਕ ਫਸੇ ਹੋਏ ਹਨ।

ਇਰਾਨੀ ਰੈੱਡ ਕ੍ਰੈਸੈਂਟ ਸੋਸਾਇਟੀ ਮੁਤਾਬਕ, ਹੁਣ ਤਕ 787 ਲੋਕਾਂ ਦੀ ਮੌਤ ਹੋ ਚੁਕੀ ਹੈ, ਜਿਨ੍ਹਾਂ ’ਚੋਂ ਵੱਡੀ ਗਿਣਤੀ ਇਰਾਨ ਵਿਚ ਹੈ। ਇਸਰਾਈਲ ਵਿਚ ਇਰਾਨੀ ਮਿਸਾਈਲ ਹਮਲਿਆਂ ਨਾਲ 11 ਲੋਕ ਮਾਰੇ ਗਏ ਹਨ। ਹਿਜਬੁੱਲਾਹ ਨੇ ਵੀ ਇਸਰਾਈਲ ’ਤੇ ਹਮਲੇ ਕੀਤੇ ਹਨ, ਜਿਸ ਦੇ ਜਵਾਬ ਵਿਚ ਇਸਰਾਈਲ ਨੇ ਲੈਬਨਾਨ ਵਿਚ 52 ਲੋਕਾਂ ਨੂੰ ਮਾਰ ਦਿਤਾ। ਇਰਾਨੀ ਬ੍ਰਿਗੇਡੀਅਰ ਜਨਰਲ ਇਬਰਾਹੀਮ ਜੱਬਾਰੀ ਨੇ ਚੇਤਾਵਨੀ ਦਿਤੀ , ‘‘ਹੋਰਮੁਜ਼ ਦੀ ਖਾੜੀ ਬੰਦ ਹੈ। ਕੋਈ ਵੀ ਜਹਾਜ਼ ਜੇ ਇੱਥੋਂ ਲੰਘਣ ਦੀ ਕੋਸ਼ਿਸ਼ ਕਰੇਗਾ, ਉਸ ਨੂੰ ਅੱਗ ਲਗਾ ਦਿਤੀ ਜਾਵੇਗੀ।’’

ਲੈਬਨਾਨ ਵਿਚ ਇਜ਼ਰਾਈਲ ਨੇ ਨਵੇਂ ਜ਼ਮੀਨੀ ਦਸਤਿਆਂ ਨੂੰ ਤਾਇਨਾਤ ਕੀਤਾ ਹੈ। ਬੇਰੂਤ ਵਿਚ ਧਮਾਕਿਆਂ ਦੀਆਂ ਆਵਾਜ਼ਾਂ ਸੁਣੀਆਂ ਗਈਆਂ ਹਨ। ਹਿਜਬੁੱਲਾਹ ਦੇ ਸੀਨੀਅਰ ਅਧਿਕਾਰੀ ਮਹਮੂਦ ਕੋਮਾਤੀ ਨੇ ਕਿਹਾ, ‘‘ਹੁਣ ਸਾਡੇ ਕੋਲ ਲੜਨ ਤੋਂ ਇਲਾਵਾ ਕੋਈ ਵਿਕਲਪ ਨਹੀਂ।’’ ਇਹ ਜੰਗ ਨਾ ਸਿਰਫ਼ ਮੱਧ-ਪੂਰਬ ਦੀ ਸਿਆਸਤ ਨੂੰ ਹਿਲਾ ਰਹੀ ਹੈ, ਸਗੋਂ ਦੁਨੀਆਂ ਭਰ ਦੇ ਤੇਲ ਅਤੇ ਗੈਸ ਸਪਲਾਈ, ਕੌਮਾਂਤਰੀ ਜਹਾਜ਼ਰਾਨੀ ਅਤੇ ਹਵਾਈ ਯਾਤਰਾ ਨੂੰ ਵੀ ਗੰਭੀਰ ਤੌਰ ’ਤੇ ਪ੍ਰਭਾਵਤ ਕਰ ਰਹੀ ਹੈ।

# ਹੈਵਾਨੀਅਤ: ਗਹਿਣਿਆਂ ਦੀ ਖ਼ਾਤਰ ਦੋਸਤ ਦੀ ਲਈ ਜਾਨ, ਸਬੂਤ ਮਿਟਾਉਣ ਲਈ ਲਾਸ਼ ਦੇ ਕੀਤੇ ਕਈ ਟੁਕੜੇ

**ਦਿੱਲੀ।** ਦਿੱਲੀ ਦੇ ਦੁਆਰਕਾ ਇਲਾਕੇ ਵਿੱਚ ਦੋਸਤੀ ਨੂੰ ਸ਼ਰਮਸਾਰ ਕਰਨ ਵਾਲੀ ਇੱਕ ਸਨਸਨੀਖੇਜ਼ ਵਾਰਦਾਤ ਸਾਹਮਣੇ ਆਈ ਹੈ। ਇੱਥੇ ਕੁਝ ਨੌਜਵਾਨਾਂ ਨੇ ਆਪਣੇ ਹੀ ਇੱਕ ਦੋਸਤ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਅਤੇ ਸਬੂਤ ਮਿਟਾਉਣ ਲਈ ਲਾਸ਼ ਦੇ ਕਈ ਟੁਕੜੇ ਕਰਕੇ ਬੋਰੀਆਂ ਵਿੱਚ ਭਰ ਕੇ ਸੁੱਟ ਦਿੱਤੇ। ਮਿਲੀ ਜਾਣਕਾਰੀ ਅਨੁਸਾਰ, ਮ੍ਰਿਤਕ ਦੇ ਹੱਥਾਂ ਵਿੱਚ ਸੋਨੇ ਦੀਆਂ ਅੰਗੂਠੀਆਂ ਅਤੇ ਗਲੇ ਵਿੱਚ ਸੋਨੇ ਦੀ ਚੇਨ ਦੇਖ ਕੇ ਦੋਸਤਾਂ ਦੇ ਮਨ ਵਿੱਚ ਲਾਲਚ ਆ ਗਿਆ ਸੀ, ਜੋ ਇਸ ਕਤਲ ਦੀ ਮੁੱਖ ਵਜ੍ਹਾ ਬਣਿਆ।

**ਕਿਰਾਏ ਦੇ ਕਮਰੇ 'ਚ ਬੁਲਾ ਕੇ ਦਿੱਤਾ ਵਾਰਦਾਤ ਨੂੰ ਅੰਜਾਮ**

ਮੁਲਜ਼ਮਾਂ ਨੇ ਪੂਰੀ ਸਾਜ਼ਿਸ਼ ਤਹਿਤ 48 ਸਾਲਾ ਅਨੁਰੂਪ ਗੁਪਤਾ ਨੂੰ ਬਿੰਦਾਪੁਰ ਇਲਾਕੇ ਵਿੱਚ ਇੱਕ ਕਿਰਾਏ ਦੇ ਕਮਰੇ ਵਿੱਚ ਬੁਲਾਇਆ। ਉੱਥੇ ਉਨ੍ਹਾਂ ਨੇ ਅਨੁਰੂਪ ਤੋਂ ਪੈਸਿਆਂ ਦੀ ਮੰਗ ਕੀਤੀ ਅਤੇ ਫਿਰ ਉਸ ਦਾ ਕਤਲ ਕਰ ਦਿੱਤਾ। ਹੈਵਾਨੀਅਤ ਦੀਆਂ ਹੱਦਾਂ ਪਾਰ ਕਰਦਿਆਂ ਮੁਲਜ਼ਮਾਂ ਨੇ ਲਾਸ਼ ਦੇ ਟੁਕੜੇ ਕੀਤੇ ਅਤੇ ਉਨ੍ਹਾਂ ਨੂੰ ਵੱਖ-ਵੱਖ ਬੋਰੀਆਂ ਵਿੱਚ ਭਰ ਕੇ ਆਪਣੀ ਗੱਡੀ ਰਾਹੀਂ ਮਥੁਰਾ-ਵ੍ਰਿੰਦਾਵਨ ਵੱਲ ਨਿਕਲ ਗਏ, ਜਿੱਥੇ ਉਨ੍ਹਾਂ ਨੇ ਲਾਸ਼ ਦੇ ਹਿੱਸਿਆਂ ਨੂੰ ਜਮੁਨਾ ਨਦੀ ਵਿੱਚ ਸੁੱਟ ਦਿੱਤਾ।



**ਪੁਲਿਸ ਨੂੰ ਗੁੰਮਰਾਹ ਕਰਨ ਲਈ ਰਚੀ ਚਾਲ**

ਮੁਲਜ਼ਮਾਂ ਨੇ ਪੁਲਿਸ ਤੋਂ ਬਚਣ ਲਈ ਕਈ ਹੱਥਕੰਡੇ ਅਪਣਾਏ: ਕਤਲ ਤੋਂ ਬਾਅਦ ਮੁਲਜ਼ਮਾਂ ਨੇ ਅਨੁਰੂਪ ਦਾ ਫੋਨ ਆਨ ਰੱਖਿਆ ਅਤੇ ਮੈਸੇਜਾਂ ਰਾਹੀਂ ਲੋਕਾਂ ਨਾਲ ਗੱਲਬਾਤ ਕਰਦੇ ਰਹੇ ਤਾਂ ਜੋ ਸਭ ਨੂੰ ਲੱਗੇ ਕਿ ਉਹ ਜ਼ਿੰਦਾ ਹੈ। ਮਥੁਰਾ ਜਾਂਦੇ ਸਮੇਂ ਮੁਲਜ਼ਮਾਂ ਨੇ ਆਪਣੇ ਮੋਬਾਈਲ ਫੋਨ ਨਾਲ ਨਹੀਂ ਰੱਖੇ ਤਾਂ ਜੋ ਪੁਲਿਸ ਉਨ੍ਹਾਂ ਦੀ ਲੋਕੇਸ਼ਨ ਟ੍ਰੈਕ ਨਾ ਕਰ ਸਕੇ।ਅਨੁਰੂਪ ਗੁਪਤਾ, ਜੋ ਕਿ ਛੱਤੀਸਗੜ੍ਹ ਭਵਨ ਦੀ ਕੈਂਟੀਨ ਚਲਾਉਂਦੇ ਸਨ, ਜਦੋਂ ਕਈ ਦਿਨਾਂ ਤੱਕ ਘਰ ਨਾ ਪਰਤੇ ਤਾਂ ਉਨ੍ਹਾਂ ਦੀ ਭੈਣ ਨੇ 23 ਫਰਵਰੀ ਨੂੰ ਗੁੰਮਸ਼ੁਦਗੀ ਦੀ ਰਿਪੋਰਟ ਦਰਜ ਕਰਵਾਈ। ਦੁਆਰਕਾ ਜ਼ਿਲ੍ਹੇ ਦੀ ਨਾਰਕੋਟਿਕਸ ਟੀਮ ਨੇ ਇਸ 'ਬਲਾਈਂਡ ਕੇਸ' ਦੀ ਜਾਂਚ ਸ਼ੁਰੂ ਕੀਤੀ। ਜਾਂਚ ਦੌਰਾਨ ਇੱਕ ਸਕੂਟੀ ਪੁਲਿਸ ਲਈ ਸਭ ਤੋਂ ਵੱਡਾ ਸੁਰਾਗ ਬਣੀ।

ਸੀਸੀਟੀਵੀ (CCTV) ਅਤੇ ਤਕਨੀਕੀ ਜਾਂਚ ਦੀ ਮਦਦ ਨਾਲ ਪੁਲਿਸ ਨੇ ਸਾਜ਼ਿਸ਼ ਦਾ ਪਰਦਾਫਾਸ਼ ਕੀਤਾ। ਦਿੱਲੀ ਪੁਲਿਸ ਨੇ ਯੂਪੀ ਪੁਲਿਸ ਦੀ ਮਦਦ ਨਾਲ ਜਮੁਨਾ ਨਦੀ ਵਿੱਚੋਂ ਲਾਸ਼ ਦੇ ਸਾਰੇ ਹਿੱਸੇ ਬਰਾਮਦ ਕਰ ਲਏ ਹਨ। ਇਸ ਮਾਮਲੇ ਵਿੱਚ ਪੁਲਿਸ ਨੇ ਇੱਕ ਲੜਕੀ ਸਮੇਤ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।


SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਕੰਨ ਸਾਡੇ ਸਰੀਰ ਦਾ ਅਹਿਮ ਅੰਗ ਹਨ, ਜਿਨ੍ਹਾਂ ਦੀ ਦੇਖਭਾਲ ਅਤੇ ਸਾਂਭ-ਸੰਭਾਲ ਬਹੁਤ ਜ਼ਰੂਰੀ ਵਿਸ਼ਵ ਸੁਣਨ ਸ਼ਕਤੀ ਦਿਵਸ ਮੌਕੇ ਸਿਹਤ ਵਿਭਾਗ ਵੱਲੋਂ ਜਾਗਰੂਕਤਾ ਸਮੱਗਰੀ ਜਾਰੀ

**ਹੁਸ਼ਿਆਰਪੁਰ, ( ਤਰਸੇਮ ਦੀਵਾਨਾ )** ਵਿਸ਼ਵ ਸੁਣਨ ਸ਼ਕਤੀ ਦਿਵਸ ਦੇ ਮੌਕੇ 'ਤੇ ਸਿਵਲ ਸਰਜਨ ਹੁਸ਼ਿਆਰਪੁਰ ਡਾ. ਮਨਦੀਪ ਕਮਲ ਵੱਲੋਂ ਜ਼ਿਲ੍ਹਾ ਵਾਸੀਆਂ ਨੂੰ ਸੁਣਨ ਸ਼ਕਤੀ ਸੰਬੰਧੀ ਬਿਮਾਰੀਆਂ ਤੋਂ ਬਚਾਅ ਅਤੇ ਸਮੇਂ ਸਿਰ ਇਲਾਜ ਲਈ ਜਾਗਰੂਕ ਕਰਨ ਦੇ ਉਦੇਸ਼ ਨਾਲ ਚਾਰ ਪ੍ਰਕਾਰ ਦੇ ਜਾਗਰੂਕਤਾ ਪੈਫਲਿਟ ਜਾਰੀ ਕੀਤੇ ਗਏ। ਇਸ ਮੌਕੇ , ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਰਣਜੀਤ ਸਿੰਘ, ਈਐਨਟੀ ਮਾਹਰ ਡਾ. ਰਾਜਵੰਤ ਕੌਰ, ਡਾ. ਗਗਨਦੀਪ ਕੌਰ, ਔਡੀਓਲੋਜਿਸਟ ਡਾ. ਮਨੂ, ਜ਼ਿਲ੍ਹਾ ਮਾਸ ਮੀਡੀਆ ਅਫਸਰ ਤਰਸੇਮ ਲਾਲ, ਡਿਪਟੀ ਮਾਸ ਮੀਡੀਆ ਅਫਸਰ ਰਮਨਦੀਪ ਕੌਰ, ਡਿਪਟੀ ਮਾਸ ਮੀਡੀਆ ਅਫਸਰ ਰਵਿੰਦਰ ਜੱਸਲ ਅਤੇ ਬੀ.ਈ.ਈ. ਰੋਹਿਤ ਸ਼ਰਮਾ ਵੀ ਹਾਜ਼ਰ ਸਨ। ਇਸ ਉਪਰੰਤ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਡਾ. ਨਵਜੋਤ ਸਿੰਘ, ਸੀਨੀਅਰ ਮੈਡੀਕਲ ਅਫਸਰ ਇੰਚਾਰਜ, ਅਤੇ ਡਾ. ਨੇਹਾ ਪਾਲ ਦੀ ਪ੍ਰਧਾਨਗੀ ਹੇਠ ਇੱਕ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਦੌਰਾਨ ਈਐਨਟੀ ਮਾਹਰ ਡਾ. ਰਾਜਵੰਤ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੰਨ ਸਾਡੇ ਸਰੀਰ ਦਾ ਬਹੁਤ ਸੰਵੇਦਨਸ਼ੀਲ ਅਤੇ ਮਹੱਤਵਪੂਰਨ ਅੰਗ ਹਨ। ਉਨ੍ਹਾਂ ਨੇ ਕਿਹਾ ਕਿ ਅਣਦੇਖੀ ਅਤੇ ਗਲਤ ਆਦਤਾਂ ਕਾਰਨ ਬਹੁਤ ਸਾਰੇ ਲੋਕ ਸੁਣਨ ਦੀ ਸਮੱਸਿਆ ਜਾਂ ਬੋਲੇਪਣ ਦਾ ਸ਼ਿਕਾਰ ਹੋ ਰਹੇ ਹਨ। ਇਸ ਲਈ ਲੋੜ ਹੈ ਕਿ ਲੋਕ ਆਪਣੇ ਕੰਨਾਂ ਦੀ ਸੰਭਾਲ ਪ੍ਰਤੀ ਜਾਗਰੂਕ ਹੋਣ ਅਤੇ ਕਿਸੇ ਵੀ ਤਰ੍ਹਾਂ ਦੀ ਸਮੱਸਿਆ



ਆਉਣ 'ਤੇ ਤੁਰੰਤ ਮਾਹਿਰ ਡਾਕਟਰ ਨਾਲ ਸੰਪਰਕ ਕਰਨ। ਉਨ੍ਹਾਂ ਨੇ ਦੱਸਿਆ ਕਿ ਕੰਨਾਂ ਵਿੱਚ ਪਾਣੀ ਜਾਂ ਕਿਸੇ ਵੀ ਤਰਲ ਪਦਾਰਥ ਨੂੰ ਜਾਣ ਤੋਂ ਰੋਕਣਾ ਚਾਹੀਦਾ ਹੈ ਅਤੇ ਕੰਨਾਂ ਦੀ ਸਫਾਈ ਹਮੇਸ਼ਾਂ ਸਾਫ਼ ਅਤੇ ਨਰਮ ਕੱਪੜੇ ਨਾਲ ਹੀ ਕਰਨੀ ਚਾਹੀਦੀ ਹੈ। ਕੰਨਾਂ ਵਿੱਚ ਖਾਰਿਸ਼ ਹੋਣ ਦੀ ਸੂਰਤ ਵਿੱਚ ਨੁਕੀਲੀ ਚੀਜ਼ਾਂ ਜਿਵੇਂ ਕਿ ਸੂਈ, ਪਿੰਨ ਜਾਂ ਮੈਚਸਟਿਕ ਆਦਿ ਵਰਤਣ ਤੋਂ ਗੁਰੇਜ਼ ਕੀਤਾ ਜਾਵੇ। ਇਸ ਨਾਲ ਕੰਨ ਦੇ ਪਰਦੇ ਨੂੰ ਨੁਕਸਾਨ ਪਹੁੰਚ ਸਕਦਾ ਹੈ। ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਕੰਨਾਂ ਵਿੱਚੋਂ ਪੀਕ ਆਉਣਾ, ਬਦਬੂ ਆਉਣਾ ਜਾਂ ਖ਼ੂਨ ਆਉਣਾ ਗੰਭੀਰ ਬਿਮਾਰੀ ਦੇ ਲੱਛਣ ਹੋ ਸਕਦੇ ਹਨ ਅਤੇ ਅਜਿਹੀ ਸਥਿਤੀ ਵਿੱਚ ਦੇਰੀ ਨਾ ਕਰਦੇ ਹੋਏ ਤੁਰੰਤ ਇਲਾਜ ਕਰਵਾਉਣਾ ਚਾਹੀਦਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਬੱਚਿਆਂ ਅਤੇ ਨੌਜਵਾਨਾਂ ਨੂੰ ਤੇਜ਼ ਆਵਾਜ਼ਾਂ ਤੋਂ ਬਚਾਉਣਾ ਬਹੁਤ ਜ਼ਰੂਰੀ ਹੈ, ਕਿਉਂਕਿ ਉੱਚੀ ਧੁਨੀ ਲੰਬੇ ਸਮੇਂ ਤੱਕ ਸੁਣਨ ਨਾਲ ਸੁਣਨ ਸ਼ਕਤੀ ਪ੍ਰਭਾਵਿਤ ਹੋ ਸਕਦੀ ਹੈ। ਕਿਸੇ ਵੀ ਬੱਚੇ ਜਾਂ ਵੱਡੇ ਦੇ ਕੰਨ 'ਤੇ ਮਾਰਨਾ ਗੰਭੀਰ ਨੁਕਸਾਨ ਦਾ ਕਾਰਨ ਬਣ ਸਕਦਾ ਹੈ, ਇਸ ਲਈ ਇਸ ਤਰ੍ਹਾਂ ਦੀ ਹਰਕਤ ਤੋਂ ਸਖ਼ਤ ਪਰਹੇਜ਼ ਕੀਤਾ ਜਾਵੇ। ਜ਼ਿਲ੍ਹਾ ਮਾਸ ਮੀਡੀਆ ਅਫਸਰ ਤਰਸੇਮ ਲਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡ ਪੱਧਰ 'ਤੇ ਜਿੱਥੇ ਜਣੇਪੇ ਸਮੇਂ ਮਾਹਿਰ ਡਾਕਟਰ ਉਪਲਬਧ ਨਹੀਂ ਹੁੰਦਾ, ਉੱਥੇ ਨਵਜਾਤ ਬੱਚੇ ਦੀ ਸੁਣਨ ਸਮਰੱਥਾ ਦੀ ਪ੍ਰਾਰੰਭਿਕ ਜਾਂਚ ਕੌਲੀ ਜਾਂ ਚਮਚ ਖੜਕਾ ਕੇ ਕੀਤੀ ਜਾ ਸਕਦੀ ਹੈ। ਜੇਕਰ ਬੱਚਾ ਆਵਾਜ਼ 'ਤੇ ਅੱਖਾਂ ਝਪਕਦਾ ਹੈ ਜਾਂ ਕਿਸੇ ਤਰ੍ਹਾਂ ਦੀ ਹਰਕਤ ਕਰਦਾ ਹੈ ਤਾਂ ਇਹ ਸੁਣਨ ਦੀ ਨਿਸ਼ਾਨੀ ਹੈ। ਜੇਕਰ ਕੋਈ ਪ੍ਰਤੀਕ੍ਰਿਆ ਨਾ ਮਿਲੇ ਤਾਂ ਮਾਹਿਰ ਡਾਕਟਰ ਨਾਲ ਸੰਪਰਕ ਕਰਨਾ ਲਾਜ਼ਮੀ ਹੈ, ਤਾਂ ਜੋ ਸਮੇਂ ਸਿਰ ਇਲਾਜ ਸੰਭਵ ਹੋ ਸਕੇ। ਅੰਤ ਵਿੱਚ ਸਿਵਲ ਸਰਜਨ ਡਾ. ਮਨਦੀਪ ਕਮਲ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਉਪਲਬਧ ਮੁਫ਼ਤ ਜਾਂਚ ਅਤੇ ਇਲਾਜ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਲੈਣ ਅਤੇ ਆਪਣੇ ਨਾਲ ਨਾਲ ਆਪਣੇ ਪਰਿਵਾਰ ਦੀ ਸੁਣਨ ਸਿਹਤ ਪ੍ਰਤੀ ਵੀ ਜਾਗਰੂਕ ਰਹਿਣ।

**ਫੋਟੋ ਅਜਮੇਰ ਦੀਵਾਨਾ**

# ਮੋਟਰਸਾਈਕਲ ਰਾਹੀਂ ਵਿਸਵ ਦੌਰੇ ਤੇ ਨਿਕਲੇ ਰਘਬੀਰ ਸਿੰਘ ਭਰੋਵਾਲ ਦਾ ਪੀਰੂ ਦੇਸ਼ ਵਿੱਚ ਦਿਹਾਂਤ

## ਜਥੇਦਾਰ ਪ੍ਰੀਤਮ ਸਿੰਘ ਭਰੋਵਾਲ ਨੂੰ ਸਦਮਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਕਨੇਡਾ ਵਸਦੇ ਰਘਬੀਰ ਸਿੰਘ ਭਰੋਵਾਲ ਦਾ ਮੋਟਰਸਾਈਕਲ ਰਾਹੀਂ ਵਿਸਵ ਦੌਰੇ ਦੌਰਾਨ ਪੀਰੂ ਦੇਸ 'ਚ ਇੱਕ ਹਾਦਸੇ ਦੌਰਾਨ ਦਿਹਾਂਤ ਹੋ ਗਿਆ । ਬਾਬਾ ਫਰੀਦ ਫਾਊਂਡੇਸਨ ਇੰਟਰਨੈਸ਼ਨਲ ਦੇ ਚੇਅਰਮੈਨ ਉੱਘੇ ਸਮਾਜ ਸੇਵੀ ਜਥੇਦਾਰ ਪ੍ਰੀਤਮ ਸਿੰਘ ਭਰੋਵਾਲ ਨੂੰ ਵੱਡਾ ਸਦਮਾ ਲੱਗਿਆ ਜਦੋਂ ਉਹਨਾਂ ਨੂੰ ਸਵੇਰੇ ਕਨੇਡਾ ਤੋਂ ਫੋਨ ਉਹਨਾਂ ਦੇ ਸਪੁੱਤਰ ਰਘਬੀਰ ਸਿੰਘ ਭਰੋਵਾਲ ਪੀਰੂ ਦੇਸ਼ ਵਿੱਚ ਇੱਕ ਸੜਕ ਹਾਦਸੇ ਰਾਹੀਂ ਦਿਹਾਂਤ ਹੋ ਗਿਆ । ਇਹ ਜਾਣਕਾਰੀ ਭਰੋਵਾਲ ਦੇ ਨਜ਼ਦੀਕੀ ਸਾਥੀ ਗੁਰਦੀਪ ਸਿੰਘ ਲੀਲ ਨੇ ਦੱਸਿਆ । ਰਘਬੀਰ ਸਿੰਘ ਭਰੋਵਾਲ ਕਨੇਡਾ ਦੇ ਉੱਘੇ ਕਾਰੋਬਾਰੀ ਸਨ ਤੇ ਸੰਸਾਰ ਭਰ ਨੌਜਵਾਨਾਂ ਦੇ ਹਮਦਰਦ ਸਨ । ਲੀਲ ਨੇ ਦੱਸਿਆ ਕਿ ਰਘਬੀਰ ਸਿੰਘ ਭਰੋਵਾਲ ਨੇ ਇੱਕ ਸਿੱਖ ਨੌਜਵਾਨ ਵਜੋਂ ਪੂਰੀ ਦੁਨੀਆ ਨੂੰ ਮੋਟਰਸਾਈਕਲ ਰਾਹੀਂ ਘੁੰਮਣ ਦਾ ਸੰਕਲਪ ਲਿਆ ਸੀ ਜਿੱਥੇ ਉਸ ਨੇ ਭਾਰਤ ਦੀਆਂ ਵੱਖ-ਵੱਖ ਸਟੇਟਾਂ ਦਾ ਦੌਰਾ ਕਰਨ ਉਪਰੰਤ ਉਸ ਨੇ ਸਾਰੇ ਸੰਸਾਰ ਦਾ ਦੌਰਾ ਸੁਰੂ ਕੀਤਾ । ਤਕਰੀਬਨ 50 ਦੇ ਕਰੀਬ ਦੇਸ਼ਾਂ ਦਾ ਦੌਰਾ ਕਰ ਚੁੱਕਾ ਸੀ ਜਿਸ ਦੇਸ਼ ਪ੍ਰਵੇਸ਼ ਕਰਦਾ ਸਭ ਤੋਂ ਉਸ ਦੇਸ ਦੇ ਬਾਰਡਰ ਤੇ ਖੜ ਕੇ ਸਿੱਖ ਦੇ ਤੌਰ ਤੇ ਰਘਬੀਰ ਸਿੰਘ ਭਰੋਵਾਲ ਵਿਸਵ ਸ਼ਾਂਤੀ ਦੀ ਅਤੇ ਭਾਈਵਾਲਤਾ ਦੀ ਅਰਦਾਸ ਕਰਦਾ ਫਿਰ ਉਸ ਦੇਸ ਦੌਰਾ ਸ਼ੁਰੂ ਕਰਦਾ । ਹਰ ਦੇਸ਼ ਵਿੱਚ ਸਿੱਖ ਇਤਿਹਾਸ ਬਾਰੇ ਦੱਸਦਾ । ਉਸ ਦਾ ਹਰ ਦੇਸ ਦਾ ਦੌਰਾ ਮਨੁੱਖ ਭਲਾਈ ਅਤੇ ਸਿੱਖੀ ਨੂੰ ਸਮਰਪਿਤ ਸੀ । ਪਿਛਲੇ ਦਿਨੀਂ ਅਰਜਨਟੀਨਾ ਤੋਂ ਹੁੰਦੇ ਹੋਏ ਪੀਰੂ ਦੇਸ਼ ਪ੍ਰਵੇਸ਼ ਕੀਤਾ ਸੀ ਜਿੱਥੇ ਇੱਕ ਸੜਕ ਹਾਦਸਾ ਦਾ ਸ਼ਿਕਾਰ ਹੋ ਗਿਆ । ਇਸ ਸੰਬੰਧੀ ਪੀਰੂ ਦੇਸ ਦੀ ਸਰਕਾਰ ਨੇ ਕਨੇਡਾ ਅੰਬੈਸੀ ਜਾਣਕਾਰੀ ਦਿੱਤੀ ਉਸ ਤੋਂ ਉਪਰੰਤ ਕਨੇਡਾ ਸਰਕਾਰ ਕਨੇਡਾ ਭਰੋਵਾਲ ਨਿਵਾਸ ਤੇ ਜਾਣਕਾਰੀ ਦਿੱਤੀ ਜੋ ਬਹੁਤ ਦੁਖਦਾਈ ਸੀ ਨਾ ਸਹਿਣ ਯੋਗ ਸੀ । ਇਸ ਸਮੇ ਪ੍ਰੀਤਮ ਸਿੰਘ ਭਰੋਵਾਲ ਇੰਡੀਆ ਆਏ ਹੋਏ ਹਨ ਅੱਜ ਇਹ ਖਬਰ ਮਿਲਦੇ





ਸਾਰ ਹੀ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਸ੍ਰ: ਗੁਰਮੀਤ ਸਿੰਘ ਖੁੱਡੀਆਂ , ਸਾਬਕਾ ਮੰਤਰੀ ਜਥੇਦਾਰ ਹੀਰਾ ਸਿੰਘ ਗਾਬੜੀਆ, ਸਾਬਕਾ ਮੈਂਬਰ ਪਾਰਲੀਮੈਂਟ ਮੁਹੰਮਦ ਸਦੀਕ, ਕਨੇਡਾ ਤੋਂ ਐਮ ਐਲ ਪੀਟਰ ਸੰਧੂ, ਗੁਰਭਜਨ ਗਿੱਲ, ਨਿਰਮਲ ਜੋੜਾ, ਐਡਵੋਕੇਟ ਪਰਉਪਕਾਰ ਸਿੰਘ ਘੁੰਮਣ, ਕੌਂਸਲਰ ਹਰਪ੍ਰੀਤ ਸਿੰਘ ਬੇਦੀ, ਸਾਬਕਾ ਮੈਂਬਰ ਪਾਰਲੀਮੈਂਟ ਅਮਰੀਕ ਸਿੰਘ ਆਲੀਵਾਲ , ਬਾਬਾ ਅਜੀਤ ਸਿੰਘ, ਜਸਵੰਤ ਸਿੰਘ ਛਾਪਾ, ਹਰਜੀਤ ਸਿੰਘ ਗਰੇਵਾਲ, ਜਸਵੰਤ ਸੰਦੀਲਾ , ਰਵਿੰਦਰ ਰੰਗੂਵਾਲ , ਜਗਰੂਪ ਸਿੰਘ ਜਰਖੜ, ਜਥੇਦਾਰ ਨਛੱਤਰ ਸਿੰਘ ਸਿੱਧੂ, ਸੰਦੀਪ ਸਿੰਘ ਖੋਸਾ, ਰਘਵੀਰ ਸਿੰਘ ਭਰੋਵਾਲ ਦੇ ਨਜ਼ਦੀਕੀ ਸਾਥੀ ਮਨਮੋਹਣ ਸਿੰਘ ਸਮਰਾ ਕਨੇਡਾ, ਲਵਪ੍ਰੀਤ ਸੰਧੂ, ਭੁਪਿੰਦਰ ਸਿੰਘ ਮਾਨ ਅਬੋਹਰ, ਮਾਸਟਰ ਬਲਰਾਜ ਸਿੰਘ, ਜਗਦੀਪ ਸਿੰਘ ਭੱਠਲ, ਅਵਤਾਰ ਸਿੰਘ ਨਿਰਬਾਣ, ਰਘਬੀਰ ਸਿੰਘ ਸਾਬਕਾ ਪੁਲਿਸ ਅਫ਼ਸਰ, ਜਗਤਾਰ ਸਿੰਘ ਐਤੀਆਣਾ, ਕੁਲਦੀਪ ਸਿੰਘ ਖਾਲਸਾ, ਤੇਜਿੰਦਰ ਸਿੰਘ ਲਾਲ, ਸੰਦੀਪ ਸਿੰਘ ਸੋਨੀ ਲੀਲ, ਇੰਦਰਜੀਤ ਸਿੰਘ ਜੈਰੀ, ਜਗਦੀਸ ਸਿੰਘ ਬਿੱਟੂ, ਨਛੱਤਰ ਸਿੰਘ ਪੱਪੂ, ਬਲਦੇਵ ਸਿੰਘ, ਜਗਦੇਵ ਸਿੰਘ, ਜੋਗਿੰਦਰ ਸਿੰਘ ਜੋਹਲ , ਰੂਬਲ ਕਿਸਨਪੁਰਾ , ਗੁਰਮੇਲ ਸਿੰਘ ਮੋਹੀ, ਵਨੀਤ ਚੌਧਰੀ , ਭੁਪਿੰਦਰ ਸਿੰਘ ਕਾਕਾ, ਐਡਵੋਕੇਟ ਰਣਜੀਤ ਕੁਮਾਰ ਆਦਿ ਨੇ ਘਰ ਆ ਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਦੁਬਈ ਤੋਂ ਐਸ.ਪੀ. ਉਬਰਾਏ, ਆਈ ਜੀ ਇਕਬਾਲ ਸਿੰਘ ਗਿੱਲ, ਵਿਧਾਇਕ ਅਸੋਕ ਪੱਪੀ ਪ੍ਰਾਸ਼ਰ , ਭਾਜਪਾ ਤੋਂ ਹਰਜੀਤ ਸਿੰਘ ਗਰੇਵਾਲ, ਅਵਿਨਾਸ ਰਾਏ ਖੰਨਾ , ਸਾਬਕਾ ਮੰਤਰੀ ਵਿਜੇ ਕੁਮਾਰ ਸਾਂਪਲਾ, ਗੁਰਜਤਿੰਦਰ ਸਿੰਘ ਰੰਧਾਵਾ, ਸਾਬਕਾ ਮੰਤਰੀ ਸੁੱਚਾ ਸਿੰਘ ਛੋਟੇਪੁਰ , ਕਿਸਨ ਕੁਮਾਰ ਬਾਵਾ , ਵਿਧਾਇਕ ਚੌਧਰੀ ਮਦਨ ਲਾਲ ਬੱਗਾ ਅਤੇ ਗੁਰਦਆਰਾ ਦੂਖ ਨਿਵਾਰਨ ਸਾਹਿਬ ਜੀ ਦੇ ਪ੍ਰਧਾਨ ਜਥੇਦਾਰ ਪ੍ਰਿਤਪਾਲ ਸਿੰਘ ਨੇ ਟੈਲੀਫੋਨ ਤੇ ਪ੍ਰੀਤਮ ਸਿੰਘ ਭਰੋਵਾਲ ਨਾਲ ਦੁੱਖ ਸਾਂਝਾ ਕੀਤਾ । ਜਸਵੰਤ ਸਿੰਘ ਛਾਪਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 5 ਮਾਰਚ ਵਾਪਸ ਕਨੇਡਾ ਜਾ ਰਹੇ ਹਨ ।

for more news visit:
www.samajweekly.com

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਕਾਠਗੜ੍ਹ ਦੀ ਪੰਚਾਇਤ ਨੇ ਸੇਵਾ ਕੇਂਦਰ ਨੇੜੇ ਪਾਰਕ ਬਣਾਉਣ ਲਈ ਕਰਵਾਈ ਸਫਾਈ

## ਨਿਵਾਸੀਆਂ ਵੱਲੋਂ ਪੰਚਾਇਤ ਦੀ ਕੀਤੀ ਜਾ ਰਹੀ ਸ਼ਲਾਘਾ





ਕਾਠਗੜ੍ਹ ਦੇ ਸੇਵਾ ਕੇਂਦਰ ਨੇੜੇ ਪਾਰਕ ਬਣਾਉਣ ਲਈ ਕੀਤੀ ਜਾ ਰਹੀ ਸਫਾਈ ਦਾ ਦ੍ਰਿਸ਼।

**ਨਵਾਂਸ਼ਹਿਰ /ਕਾਠਗੜ੍ਹ, (ਜਤਿੰਦਰ ਪਾਲ ਸਿੰਘ ਕਲੇਰ)** ਜਦੋਂ ਤੋਂ ਕਾਠਗੜ੍ਹ ਵਿੱਚ ਨਵੀਂ ਪੰਚਾਇਤ ਬਣੀ ਹੈ ਉਦੋਂ ਤੋਂ ਹੀ ਪੰਚਾਇਤ ਕਾਠਗੜ੍ਹ ਦੇ ਆਲੇ ਦੁਆਲੇ ਨੂੰ ਸੁੰਦਰ ਬਣਾਉਣ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੈ ਅਤੇ ਇਹਨਾਂ ਯਤਨਾਂ ਦੇ ਚਲਦਿਆਂ ਹੀ ਹੁਣ ਕਾਠਗੜ੍ਹ ਦੀ ਸਰਪੰਚ ਸ਼੍ਰੀਮਤੀ ਰਿਸ਼ੂ ਬਾਲਾ ਅਤੇ ਉਹਨਾਂ ਦੇ ਪਤੀ ਸੇਵਾਦਾਰ ਸਾਈਂ ਕਾਲੇ ਸ਼ਾਹ ਜੀ ਵੱਲੋਂ ਕਾਠਗੜ੍ਹ ਦੀ ਬਾਹਰਲੀ ਸੜਕ ਉੱਤੇ ਸਥਿਤ ਜੋ ਸੇਵਾ ਕੇਂਦਰ ਹੈ ਉਸ ਦੇ ਨੇੜੇ ਪਾਰਕ ਬਣਾਉਣ ਦਾ ਉਪਰਾਲਾ ਸ਼ੁਰੂ ਕੀਤਾ ਗਿਆ ਹੈ। ਇਸ ਸਬੰਧੀ ਗੱਲਬਾਤ ਕਰਦੇ ਆਂ ਸਰਪੰਚ ਸ਼੍ਰੀਮਤੀ ਰਿਸ਼ੂ ਬਾਲਾ ਅਤੇ ਸੇਵਾਦਾਰ ਸਾਈਂ ਕਾਲੇ ਸ਼ਾਹ ਜੀ ਨੇ ਦੱਸਿਆ ਕਿ ਸਾਂਝ ਕੇਂਦਰ ਦੇ ਨੇੜੇ ਖਾਲੀ ਪਈ ਜਗ੍ਹਾ ਵਿੱਚ ਲੰਬੇ ਸਮੇਂ ਤੋਂ ਗੰਦਗੀ ਅਤੇ ਪਸ਼ੂਆਂ ਦੇ ਗੋਬਰ ਦੇ ਢੇਰ ਲਗਾਏ ਜਾਂਦੇ ਸਨ ਜਿਸ ਨਾਲ ਜਿੱਥੇ ਵਾਤਾਵਰਨ ਤਾਂ ਗੰਦਾ ਹੁੰਦਾ ਹੀ ਸੀ ਨਾਲ ਹੀ ਹਰ ਆਉਣ ਜਾਣ ਵਾਲੇ 'ਤੇ ਵੀ ਬੁਰਾ ਪ੍ਰਭਾਵ ਪੈਂਦਾ ਸੀ। ਇਸ ਤੋਂ ਇਲਾਵਾ ਹਲਕੇ ਦੇ ਵੱਡੀ ਗਿਣਤੀ ਵਿੱਚ ਲੋਕ ਸਾਂਝ ਕੇਂਦਰ ਵਿੱਚ ਆਪਣੇ ਕੰਮ ਆਦਿ ਕਰਵਾਉਣ ਵਾਸਤੇ ਆਉਂਦੇ ਹਨ ਜਦਕਿ ਵੱਖ-ਵੱਖ ਪਿੰਡਾਂ ਨੂੰ ਆਉਣ ਜਾਣ ਵਾਲਿਆਂ ਦਾ ਵੀ ਇਹ ਆਮ ਰਸਤਾ ਹੈ ਪਰ ਇਸ ਥਾਂ 'ਤੇ ਸਾਫ ਸਫਾਈ ਨਾ ਹੋਣ ਕਾਰਨ ਕਾਫੀ ਬੁਰਾ ਲੱਗਦਾ ਸੀ। ਇਸ ਲਈ ਪੰਚਾਇਤ ਨੇ ਇਸ ਜਗ੍ਹਾ ਤੇ ਪਏ ਗੋਬਰ ਤੇ ਗੰਦਗੀ ਨੂੰ ਚੁਕਵਾ ਕੇ ਸਫਾਈ ਕਰਵਾਈ ਜਿਸ ਨੂੰ ਹੁਣ ਸੁੰਦਰ ਪਾਰਕ ਵਿੱਚ ਬਦਲ ਦਿੱਤਾ ਜਾਵੇਗਾ। ਕਸਬੇ ਦੇ ਵਸਨੀਕਾਂ ਵੱਲੋਂ ਪੰਚਾਇਤ ਦੇ ਇਸ ਸ਼ਾਨਦਾਰ ਉਪਰਾਲੇ ਦੀ ਸ਼ਲਾਘਾ ਕੀਤੀ ਜਾ ਰਹੀ ਹੈ।

# ਸਰਕਾਰੀ ਪ੍ਰਾਇਮਰੀ ਸਕੂਲ ਤਲਵੰਡੀ ਰਾਏ ਦੇ ਬੱਚਿਆਂ ਨੇ ਗੁਰੂ ਆਸਰੇ ਨਾਲ ਨਵੇਂ ਸ਼ੈਸਨ ਦੀ ਕੀਤੀ ਆਰੰਭਤਾ

**ਰਾਏਕੋਟ, (ਗੁਰਭਿੰਦਰ ਗੁਰੀ)** ) ਨਜਦੀਕੀ ਪਿੰਡ ਤਲਵੰਡੀ ਰਾਏ ਦੇ ਸਰਕਾਰੀ ਐਲੀਮੈਂਟਰੀ ਸੈਂਟਰ ਸਮਾਰਟ ਸਕੂਲ ਵਿਖੇ ਬਾਬਾ ਬਲਦੇਵ ਸਿੰਘ ਜੀ ਰਾਜੋਆਣਾ ਕਲਾਂ ਦੀ ਪ੍ਰੇਰਣਾ ਸਦਕਾ ਨਵੇਂ ਸੈਸ਼ਨ ਦੀ ਆਰੰਭਤਾ ਅਤੇ ਸਕੂਲ ਦੀ ਚੜ੍ਹਦੀ ਕਲਾ ਲਈ ਸਮੂਹ ਗ੍ਰਾਮ ਪੰਚਾਇਤ ਅਤੇ ਐੱਸਐੱਮਸੀ ਦੇ ਸਹਿਯੋਗ ਨਾਲ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ। ਹੈੱਡ ਗ੍ਰੰਥੀ ਗਿਆਨੀ ਚਮਕੌਰ ਸਿੰਘ ਜੀ ਵੱਲੋਂ ਗੁਰਬਾਣੀ ਦੇ ਜਾਪ ਕੀਤੇ ਗਏ। ਉਪਰੰਤ ਬਾਬਾ ਜਗਰਾਜ ਸਿੰਘ ਜੀ ਤਲਵੰਡੀ ਰਾਏ ਵਾਲਿਆਂ ਦੇ ਕੀਰਤਨੀਏ ਜੱਥੇ ਵੱਲੋਂ ਗੁਰ ਮਰਿਆਦਾ ਅਨੁਸਾਰ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਗਿਆ। ਪਾਠ ਦੇ ਭੋਗ ਉਪਰੰਤ ਸੈਂਟਰ ਮੁੱਖ ਅਧਿਆਪਕ ਬਰਮੀ ਪ੍ਰਭਜੋਤ ਸਿੰਘ ਤਲਵੰਡੀ ਵੱਲੋਂ ਆਈਆਂ ਸੰਗਤਾਂ ਨੂੰ ਜੀ ਆਇਆ ਆਖਦੇ ਹੋਏ ਧੰਨਵਾਦ ਵੀ ਕੀਤਾ ਗਿਆ। ਇਸ ਮੌਕੇ ਸੀਐੱਚਟੀ ਬਲਵਿੰਦਰ ਸਿੰਘ ਤਲਵੰਡੀ ਰਾਏ ਅਤੇ ਸਕੂਲ



ਸਟਾਫ਼ ਵੱਲੋਂ ਦਾਨੀ ਸੱਜਣਾਂ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਗੁਰਪ੍ਰੀਤ ਸਿੰਘ ਸੰਧੂ ਬੀਪੀਈਓ, ਬਲਵਿੰਦਰ ਸਿੰਘ ਯੂਕੇ, ਸ਼ਿੰਦਰਪਾਲ ਸਿੰਘ ਢਿੱਲੋ, ਮਾਸਟਰ ਜਰਨੈਲ ਸਿੰਘ, ਭੁਪਿੰਦਰ ਸਿੰਘ, ਇੰਸਪੈਕਟਰ ਦਰਸ਼ਨ ਸਿੰਘ, ਡਾ. ਇੰਦਰਜੀਤ ਸਿੰਘ, ਡਾ.ਦਰਸ਼ਨ ਸਿੰਘ, ਬਾਬਾ ਦਵਿੰਦਰ ਸਿੰਘ (ਕੜਕੜੀ ਸ਼ਾਹ ਵਾਲੇ), ਰਾਜ ਕੁਮਾਰ ਖੁਰਾਣਾ, ਸੁਰਜੀਤ ਸਿੰਘ, ਸਰਪੰਚ ਇੰਦਰਜੀਤ ਸਿੰਘ, ਜਸਪਾਲ ਸਿੰਘ, ਗੁਰਜੀਤ ਕੌਰ, ਸੀਐੱਚਟੀ ਜੰਗਪਾਲ ਸਿੰਘ ,ਸੀਐੱਚਟੀ ਬਲਜੀਤ ਸਿੰਘ, ਐੱਚਟੀ ਦਵਿੰਦਰ ਕੌਰ, ਬੀਆਰਸੀ ਹਰਭਜਨ ਕੌਰ, ਸਮੂਹ ਸਟਾਫ਼ ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਰਾਏ, ਸਮੂਹ ਆਂਗਣਵਾੜੀ ਵਰਕਰ, ਸਿਹਤ ਵਿਭਾਗ, ਸਕੂਲ ਸਟਾਫ ਗੁਰਸੇਵਕ ਸਿੰਘ, ਜਗਜੀਤ ਸਿੰਘ, ਸਤਵਿੰਦਰਜੀਤ ਕੌਰ, ਗੁਰਵਿੰਦਰ ਸਿੰਘ, ਅਮਨਦੀਪ ਕੌਰ ਅਤੇ ਮਨਜੀਤ ਕੌਰ ਹਾਜ਼ਰ ਸਨ।

# ਜੰਮੂ ਵਿੱਚ ਬੱਚਿਆਂ ਲਈ ਦੋ ਕਿਤਾਬਾਂ ਜਾਰੀ- ਅਕੈਡਮੀ ਅਜਿਹੇ ਪ੍ਰੋਗਰਾਮ ਆਯੋਜਿਤ ਕਰਨ ਲਈ ਵਚਨਬੱਧ: ਪੋਪਿੰਦਰ ਸਿੰਘ ਪਾਰਸ

**ਜੰਮੂ, (ਚੰਡਿਹੋਕ):** ਜੰਮੂ ਅਤੇ ਕਸ਼ਮੀਰ ਅਕੈਡਮੀ ਆਫ ਆਰਟ, ਕਲਚਰ ਐਂਡ ਲੈਂਗਵੇਜਿਜ਼ , ਜੰਮੂ ਵੱਲੋਂ ਅੱਜ ਕੇ.ਐਲ. ਸਹਿਗਲ ਹਾਲ, ਜੰਮੂ ਵਿੱਚ ਇੱਕ ਸ਼ਾਨਦਾਰ ਪੁਸਤਕ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਮੌਕੇ ਸਰਕਾਰੀ ਕਾਲਜ ਫਾਰ ਵੂਮੈਨ, ਗਾਂਧੀ ਨਗਰ ਦੀ ਪ੍ਰਿੰਸੀਪਲ ਡਾ. ਕੁਲਵਿੰਦਰ ਕੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਈਆਂ, ਜਦਕਿ ਪ੍ਰਸਿੱਧ ਲੇਖਕ ਅਤੇ ਕਲਾਕਾਰ, ਜੰਗ ਸਿੰਘ ਵਰਮਨ ਨੇ ਸਮਾਰੋਹ ਦੀ ਪ੍ਰਧਾਨਗੀ ਕੀਤੀ। ਮੰਚ ਉੱਤੇ ਹਾਜ਼ਰ ਹੋਰਨਾਂ ਵਿਸ਼ੇਸ਼ ਮਹਿਮਾਨਾਂ ਵਿੱਚ ਐਡੀਸ਼ਨਲ ਸਕੱਤਰ ਅਰੁਪ ਸੋਨਾਲੀ ਗੁਪਤਾ, ਐਡੀਸ਼ਨਲ ਸਕੱਤਰ ਲਾਲ ਚੰਦ, ਲੇਖਕ ਸ੍ਰੀ ਬਲਵਿੰਦਰ ਸਿੰਘ ਅਤੇ ਮਿਸ ਅਲਕਾ ਸ਼ਰਮਾ, ਅਤੇ ਸੀਨੀਅਰ ਸੰਪਾਦਕ, ਸ਼ੀਰਾਜ਼ਾ ਪੰਜਾਬੀ, ਸ੍ਰੀ ਪੋਪਿੰਦਰ ਸਿੰਘ ਪਰਾਸ ਸ਼ਾਮਲ ਸਨ। ਐਡੀਸ਼ਨਲ ਸਕੱਤਰ ਅਰੁਨ ਸੋਨਾਲੀ ਗੁਪਤਾ ਨੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਮੁੱਖ ਮਹਿਮਾਨ ਅਤੇ ਹੋਰਨਾਂ ਵਿਸ਼ੇਸ਼ ਅਤਿਥੀਆਂ ਨੂੰ ਦਿਲੋਂ ਜੀ ਆਇਆਂ ਆਖਿਆ ਅਤੇ ਲੇਖਕਾਂ ਨੂੰ ਉਨ੍ਹਾਂ ਦੇ ਸ਼ਲਾਘਾਯੋਗ ਸਾਹਿਤਕ ਯੋਗਦਾਨ ਲਈ ਵਧਾਈ ਦਿੱਤੀ। ਆਪਣੇ ਸੰਬੋਧਨ ਵਿੱਚ ਡਾ. ਕੁਲਵਿੰਦਰ ਕੌਰ ਨੇ ਪੰਜਾਬੀ ਅਤੇ ਅੰਗਰੇਜ਼ੀ ਬੱਚਿਆਂ ਦੇ ਸਾਹਿਤ ਵਿੱਚ ਲੇਖਕਾਂ ਦੇ ਕੀਮਤੀ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਨੌਜਵਾਨ ਪੀੜ੍ਹੀ ਨੂੰ ਪ੍ਰੇਰਿਤ ਕਰਨ ਲਈ ਅਕੈਡਮੀ ਵੱਲੋਂ ਆਯੋਜਿਤ ਕੀਤੇ ਜਾ ਰਹੇ ਸਾਿ-ਹਤਕ ਅਤੇ ਸੱਭਿਆਚਾਰਕ ਕਾਰਜਕ੍ਰਮਾਂ ਦੀ ਵੀ ਸਰਾਹਨਾ ਕੀਤੀ। ਉਨ੍ਹਾਂ ਨੇ ਸਰਕਾਰੀ ਕਾਲਜ ਫਾਰ ਵੂਮੈਨ, ਗਾਂਧੀ ਨਗਰ, ਜੰਮੂ ਨਾਲ ਭਵਿੱਖ ਵਿੱਚ



ਸਾਂਝੇ ਪ੍ਰੋਗਰਾਮ ਆਯੋਜਿਤ ਕਰਨ ਲਈ ਆਪਣੀ ਤਿਆਰੀ ਵੀ ਜ਼ਾਹਿਰ ਕੀਤੀ। ਐਡੀਸ਼ਨਲ ਸਕੱਤਰ ਲਾਲ ਚੰਦ ਨੇ ਦੋਵਾਂ ਕਿਤਾਬਾਂ ਦੀ ਮਹੱਤਤਾ ਉਜਾਗਰ ਕਰਦਿਆਂ ਕਿਹਾ ਕਿ ਅਕੈਡਮੀ ਕਲਾ, ਸਾਹਿਤ ਅਤੇ ਸੱਭਿਆਚਾਰ ਦੀ ਸੰਭਾਲ ਅਤੇ ਪ੍ਰਚਾਰ ਲਈ ਅਗੇਵਾਨ ਭੂਮਿਕਾ ਨਿਭਾ ਰਹੀ ਹੈ। ਡਾ. ਕੁਸਮ ਨੇ ਸ੍ਰੀ ਬਲਵਿੰਦਰ ਸਿੰਘ ਦੁਆਰਾ ਲਿਖੀ ਪੰਜਾਬੀ ਕਿਤਾਬ "ਟਹਕਦੇ ਫੁੱਲ" ਉੱਤੇ ਵਿਸਤ੍ਰਿਤ ਪੇਪਰ ਪੇਸ਼ ਕੀਤਾ, ਜਦਕਿ ਸ੍ਰੀ ਪੋਪਿੰਦਰ ਸਿੰਘ ਪਰਾਸ ਨੇ ਮਿਸ ਅਲਕਾ ਸ਼ਰਮਾ ਦੀ ਕਿਤਾਬ "ਹੇਮਇਸ ਡੋਰ ਖਿਦਸ" ਉੱਤੇ ਵਿਸਤ੍ਰਿਤ ਸਮੀਖਿਆ ਪੇਸ਼ ਕੀਤੀ। ਪ੍ਰਸਿੱਧ ਲੇਖਕ ਅਤੇ ਪੱਤਰਕਾਰ ਸ੍ਰੀ ਜੰਗ ਸਿੰਘ ਵਰਮਨ ਨੇ ਅਕੈਡਮੀ ਵੱਲੋਂ ਭਾਸ਼ਾ ਅਤੇ ਸਾਹਿਤ ਦੇ ਪ੍ਰਚਾਰ ਲਈ ਕੀਤੀਆਂ ਜਾ ਰਹੀਆਂ ਨਿਰੰਤਰ ਕੋਸ਼ਿਸ਼ਾਂ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਬੋਲਣ ਵਾਲਿਆਂ ਵਿੱਚ ਪ੍ਰੋ. ਰਾਜ ਕੁਮਾਰ, ਰਤਨ ਸਿੰਘ ਕੰਵਲ ਅਤੇ ਸੂਰਜ



ਸਿੰਘ ਸੂਰਜ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਕਿਹਾ ਕਿ ਇਸ ਤਰ੍ਹਾਂ ਦੇ ਸਮਰਪਿਤ ਲੇਖਕਾਂ ਦੀਆਂ ਕਿਤਾਬਾਂ ਸਮੇਂ ਦੀ ਲੋੜ ਹਨ ਅਤੇ ਇਨ੍ਹਾਂ ਨੂੰ ਯੋਗ ਸਨਮਾਨ ਮਿਲਣਾ ਚਾਹੀਦਾ ਹੈ। ਪ੍ਰੋਗਰਾਮ ਦੀ ਕਾਰਵਾਈ ਪੋਪਿੰਦਰ ਸਿੰਘ ਪਾਰਸ ਵੱਲੋਂ ਚਲਾਈ ਗਈ, ਜਦਕਿ ਧੰਨਵਾਦ ਦਾ ਪ੍ਰਸਤਾਵ ਮੁੱਖ ਸੰਪਾਦਕ, ਗੋਜਰੀ, ਡਾ. ਜਾਵੇਦ ਰਾਹੀ ਵੱਲੋਂ ਪੇਸ਼ ਕੀਤਾ ਗਿਆ।

# ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਵੱਲੋਂ ਗਿਆਨੀ ਕੌਰ ਸਿੰਘ ਕੋਠਾ ਗੁਰੂ ਦਾ ਸਨਮਾਨ ਕੀਤਾ ਗਿਆ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ)** ਬੀਤੇ ਦਿਨੀਂ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਸਲਾਨਾ ਸਮਾਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਸਮੇਂ ਪੰਜ ਸ਼ਖ਼ਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਵਿੱਚੋਂ ਸਭ ਤੋਂ ਪਹਿਲਾ ਸਨਮਾਨ 'ਗੁਰ-ਮਤਿ ਇਤਿਹਾਸ ਅਤੇ ਸਾਹਿਤ ਨੂੰ ਸਮਰਪਿਤ ਪੁਸਤਕਾਂ ਦੇ ਲੇਖਕ ਗਿਆਨੀ ਕੌਰ ਸਿੰਘ ਕੋਠਾ ਗੁਰੂ ਪ੍ਰਸੰਸਾ ਪੁਰਸਕਾਰ ' ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਡੀਨ, ਡਾਇਰੈਕਟਰ, ਪ੍ਰੋਫੈਸਰ ਡਾਕਟਰ ਗੁਰਜੀਤ ਸਿੰਘ ਅਤੇ ਤਖ਼ਤ ਸ਼੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਹੈੱਡਗ੍ਰੰਥੀ ਭਾਈ ਜਗਤਾਰ ਸਿੰਘ ਜੀ ਵੱਲੋਂ ਗਿਆਨੀ ਕੌਰ ਸਿੰਘ ਕੋਠਾ ਗੁਰੂ ਨੂੰ ਦਿੱਤਾ ਗਿਆ। ਸਨਮਾਨ ਵਿੱਚ ਸਿਰੋਪਾਓ, ਲੋਈ ਅਤੇ ਸਨਮਾਨ ਦਰਸਾਉਂਦਾ ਸਿਮ੍ਰਤੀ ਚਿੰਨ੍ਹ ਸ਼ਾਮਿਲ ਹੈ। ਇਹ ਸਨਮਾਨ ਹਜ਼ਾਰਾਂ ਦੀ ਗਿਣਤੀ ਵਿੱਚ ਇਕਤ੍ਰਿਤ ਵਿਦਿਆਰਥੀਆਂ, ਵਿਦਵਾਨਾਂ, ਬੁੱਧੀਜੀਵੀਆਂ, ਧਾਰਮਿਕ ਸ਼ਖ਼ਸ਼ੀਅਤਾਂ ਅਤੇ ਸਿੱਖ ਸੰਗਤਾਂ ਦੀ ਹਾਜ਼ਰੀ ਵਿੱਚ ਭੇਟ ਕੀਤਾ ਗਿਆ। ਪ੍ਰੋਫੈਸਰ ਡਾਕਟਰ ਗੁਰਜੀਤ ਸਿੰਘ ਜੀ ਮੁਖੀ 'ਭਾਈ ਮਰਦ-ਾਨਾ ਜੀ ਚੇਅਰ' ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਵੱਲੋਂ ਗਿਆਨੀ ਕੌਰ ਸਿੰਘ ਦੀ ਤਰਫੋਂ ਗੁਰਮਤਿ ਇਤਿਹਾਸਕ ਸਾਹਿਤ ਨੂੰ ਸੰਪਾਦਿਤ/ਪ੍ਰਕਾਸ਼ਿਤ ਕਰਨ ਅਤੇ ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਦੀ ਜੀਵਨ ਕਥਾ ਲਿਖਣ ਲਈ ਕੀਤੇ ਗਏ ਉੱਦਮ ਸੰਬੰਧੀ ਹਾਜ਼ਰੀਨ ਨੂੰ ਜਾਣਕਾਰੀ ਦਿੱਤੀ ਗਈ। ਇਸ ਉਪਰੰਤ ਭਾਈ ਕੌਰ ਸਿੰਘ ਵੱਲੋਂ ਵੀ.ਸੀ.ਸਾਹਿਬ ਨੂੰ ਯੂਨੀਵਰਸਿਟੀ ਦੀ ਮੁੱਖ ਲਾਇਬ੍ਰੇਰੀ ਲਈ ਜਿੱਥੇ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਦੀਆਂ ਪੁਸਤਕਾਂ ਦਾ ਸੈੱਟ ਭੇਟ ਕੀਤਾ ਗਿਆ ਉੱਥੇ ਨਾਲ ਹੀ ਉਨ੍ਹਾਂ ਪ੍ਰੋਫੈਸਰ ਡਾਕਟਰ ਗੁਰਜੀਤ ਸਿੰਘ ਜੀ ਮੁਖੀ 'ਭਾਈ ਮਰਦਾਨਾ ਜੀ ਚੇਅਰ' ਦੀ ਲਾਇਬ੍ਰੇਰੀ ਲਈ ਵੀ ਇੱਕ ਪੁਸਤਕਾਂ ਦਾ ਸੈੱਟ ਭੇਟ ਕਰਕੇ ਪ੍ਰਸੰਨਤਾ ਹਾਸਿਲ ਕੀਤੀ। ਉਨ੍ਹਾਂ ਦੇ ਨਾਲ ਨੌਜਵਾਨ ਲੇਖਕ ਗਗਨਦੀਪ ਸਿੰਘ ਫੂਲ ਵੱਲੋਂ ਵੀ ਲਿਖੀਆਂ ਗਈਆਂ ਆਪਣੀਆਂ ਪੁਸਤਕਾਂ ਵੀ.ਸੀ. ਸਾਹਿਬ ਨੂੰ ਭੇਟ ਕੀਤੀਆਂ । ਵਰਣਨਯੋਗ ਹੈ ਕਿ ਭਾਈ ਕੌਰ ਸਿੰਘ ਕੋਠਾ ਗੁਰੂ, ਤਖ਼ਤ ਸ਼੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਖੋਜ ਕਰਤਾ ਵਿਦਵਾਨ ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਦੇ ਸਪੁੱਤਰ ਹਨ ਜੋ ਗਿਆਨੀ ਜੀ ਤੋਂ ਬਾਅਦ ਜਿੱਥੇ ਉਨ੍ਹਾਂ ਦੀ ਲਾਇਬ੍ਰੇਰੀ ਦੀ ਸੰਭਾਲ ਕਰ ਰਹੇ ਹਨ ਉੱਥੇ ਹੀ ਗਿਆਨੀ ਜੀ ਦੇ ਅਪ੍ਰਕਾਸ਼ਤ ਗ੍ਰੰਥਾਂ ਨੂੰ ਸੰਪਾਦਿਤ ਕਰ ਕੇ ਪ੍ਰਕਾਸ਼ਿਤ ਕਰਵਾਉਣ ਲਈ ਪਰਿਸ਼੍ਰਮ ਕਰ ਰਹੇ ਹਨ। ਇਹ ਸਮਾਗਮ ਬੜਾ ਪ੍ਰਭਾਵਸ਼ਾਲੀ ਹੋਇਆ ਜਿਸ ਵਿੱਚ ਬਹੁਤ ਹੀ ਪ੍ਰਤਿਭਾਸ਼ਾਲੀ ਸ਼ਖ਼ਸ਼ੀਅਤਾਂ ਹਾਜ਼ਰ ਸਨ।

# ਹੋਲਾ-ਮਹੱਲਾ ਮੌਕੇ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਲੱਗਿਆ ਦੋ ਦਿਨਾਂ ਦਾ ਮੁਫ਼ਤ ਐਕਿਊਪੰਕਚਰ ਕੈਂਪ ਸਫਲਤਾਪੂਰਵਕ ਸੰਪੰਨ





**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਹੋਲਾ-ਮਹੱਲਾ ਮੌਕੇ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਡਾ: ਕੋਟਨਿਸ ਐਕਿਊਪੰਕਚਰ ਚੈਰੀਟੇਬਲ ਹਸਪਤਾਲ, ਸਲੇਮ ਟਾਬਰੀ, ਲੁਧਿਆਣਾ ਅਤੇ ਸ਼ਹੀਦ ਬਾਬਾ ਜੀਵਨ ਸਿੰਘ ਵੈਲਫੇਅਰ ਸੋਸਾਇਟੀ ਵੱਲੋਂ 2 ਅਤੇ 3 ਮਾਰਚ ਨੂੰ ਲਗਾਇਆ ਗਿਆ ਦੋ ਦਿਨਾਂ ਦਾ ਮੁਫ਼ਤ ਐਕਿਊਪੰਕਚਰ ਕੈਂਪ ਸਫਲਤਾਪੂਰਵਕ ਸੰਪੰਨ ਹੋ ਗਿਆ, ਜਿਸ ਵਿੱਚ ਦੇਸ਼-ਵਿਦੇਸ਼ ਤੋਂ ਆਈ ਸੰਗਤ ਅਤੇ ਇਲਾਕਾ ਵਾਸੀਆਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਲਗਵਾਈ ਅਤੇ ਲਗਭਗ 250 ਤੋਂ ਵੱਧ ਮਰੀਜ਼ਾਂ ਦਾ ਮੁਫ਼ਤ ਇਲਾਜ ਕੀਤਾ ਗਿਆ। ਹੋਲਾ-ਮਹੱਲਾ ਸਿੱਖ ਧਰਮ ਦਾ ਪ੍ਰਸਿੱਧ ਤਿਉਹਾਰ ਹੈ ਜੋ ਹਰ ਸਾਲ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਜਾਂਦਾ ਹੈ ਅਤੇ ਇਸ ਦੀ ਸ਼ੁਰੂਆਤ ਸੰਨ 1701 ਵਿੱਚ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਸੀ; ਇਹ ਤਿਉਹਾਰ ਖਾਲਸਾ ਪੰਥ ਦੀ ਵੀਰਤਾ ਅਤੇ ਅਨੁਸ਼ਾਸਨ ਦਾ ਪ੍ਰਤੀਕ ਹੈ ਜਿਸ ਦੌਰਾਨ ਘੋੜਸਵਾਰੀ, ਗਤਕਾ, ਤਲਵਾਰਬਾਜ਼ੀ, ਨਕਲੀ ਯੁੱਧ, ਕੀਰਤਨ, ਨਗਰ ਕੀਰਤਨ ਅਤੇ ਲੰਗਰ ਦੀ ਵਿਵਸਥਾ ਕੀਤੀ ਜਾਂਦੀ ਹੈ। ਕੈਂਪ ਦੌਰਾਨ ਬਿਨਾਂ ਦਵਾਈ, ਬਿਨਾਂ ਸਰਜਰੀ ਅਤੇ ਬਿਨਾਂ ਦਰਦ ਵਾਲੀ ਪ੍ਰਮਾਣਿਤ ਐਕਿਊਪੰਕਚਰ ਪੱਧਤੀ ਰਾਹੀਂ ਕਮਰ ਦਰਦ, ਸਰਵਾਈਕਲ, ਸਪਾਂਡਿਲਾਈਟਿਸ, ਡਿਸਕ ਪ੍ਰੋਲੈਪਸ, ਜੋੜਾਂ ਅਤੇ ਗੋਡਿਆਂ ਦਾ ਦਰਦ, ਨਸਾਂ ਦੀ ਕਮਜ਼ੋਰੀ, ਨਿਊਰੋਪੈਥੀ, ਮਾਈਗ੍ਰੇਨ, ਅਨਿੰਦਰਾ, ਮਾਨਸਿਕ ਤਣਾਅ, ਲਕਵਾ, ਅਧਰੰਗ, ਪੁਰਾਣਾ ਜੁਕਾਮ, ਐਲਰਜੀ, ਸ਼ੂਗਰ ਨਾਲ ਸੰਬੰਧਿਤ ਸਮੱਸਿਆਵਾਂ, ਅੱਖਾਂ ਦੀ ਕਮਜ਼ੋਰੀ, ਸਪੋਰਟਸ ਇੰਜਰੀ ਅਤੇ ਨਸ਼ਾ ਮੁਕਤੀ ਸੰਬੰਧੀ ਬਿਮਾਰੀਆਂ ਲਈ ਇਲਾਜ ਅਤੇ ਮੁਫ਼ਤ ਸਲਾਹ ਪ੍ਰਦਾਨ ਕੀਤੀ ਗਈ ਅਤੇ ਮਰੀਜ਼ਾਂ ਦੀ ਵਿਸਥਾਰ ਨਾਲ ਜਾਂਚ ਕਰਕੇ ਉਨ੍ਹਾਂ ਨੂੰ ਯੋਗ ਮਾਰਗਦਰਸ਼ਨ ਦਿੱਤਾ ਗਿਆ। ਇਹ ਕੈਂਪ ਸ੍ਰ: ਇਕਬਾਲ ਸਿੰਘ ਗਿੱਲ (ਆਈ.ਪੀ.ਐਸ.), ਜਨਰਲ ਸਕੱਤਰ ਦੀ ਰਹਿਨੁਮਾਈ ਹੇਠ ਆਯੋਜਿਤ ਕੀਤਾ ਗਿਆ ਅਤੇ ਇਸ ਮੌਕੇ 'ਤੇ ਸ੍ਰ: ਜਸਵੰਤ ਸਿੰਘ, ਚੇਅਰਮੈਨ, ਸ਼ਹੀਦ ਬਾਬਾ ਜੀਵਨ ਸਿੰਘ ਵੈਲਫੇਅਰ ਸੋਸਾਇਟੀ, ਜਥੇਦਾਰ ਜਗਰੂਪ ਸਿੰਘ ਗੁੱਜਰਵਾਲ, ਸ੍ਰ: ਤਰਲੋਚਨ ਸਿੰਘ ਵਿਰਕ (ਯੂ.ਐਸ.ਏ.) ਅਤੇ ਸ੍ਰ: ਜਸਵੰਤ ਸਿੰਘ ਛਾਪਾ, ਪ੍ਰਧਾਨ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ, ਲੁਧਿਆਣਾ ਦੀ ਵਿਸ਼ੇਸ਼ ਹਾਜ਼ਰੀ ਰਹੀ। ਇਸ ਅਵਸਰ 'ਤੇ ਡਾ: ਇੰਦਰਜੀਤ ਸਿੰਘ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਲੋਕਾਂ ਨੂੰ ਸਸਤਾ ਅਤੇ ਪ੍ਰਭਾਵਸ਼ਾਲੀ ਇਲਾਜ ਮੁਹੱਈਆ ਕਰਵਾਉਣਾ ਸਮਾਜ ਦੀ ਸਭ ਤੋਂ ਵੱਡੀ ਲੋੜ ਹੈ ਅਤੇ ਡਾ: ਬਲਜਿੰਦਰ ਸਿੰਘ ਢਿੱਲੋਂ, ਡਾ: ਰਘਵੀਰ ਸਿੰਘ, ਗਗਨ ਭਾਟੀਆ, ਪ੍ਰਵੇਸ਼, ਮਨਪ੍ਰੀਤ ਸਿੰਘ, ਰਵਪ੍ਰੀਤ ਕੌਰ ਅਤੇ ਅਲੀਸ਼ਾ ਆਦਿ ਨੇ ਵੀ ਆਪਣੀਆਂ ਵਿਸ਼ੇਸ਼ ਸੇਵਾਵਾਂ ਦੇ ਕੇ ਕੈਂਪ ਨੂੰ ਸਫਲ ਬਣਾਇਆ।

# ਡਾਇਲਸਿਸ ਸਥਾਈ ਨਹੀਂ , ਐਕਸਪਰਟ ਦੇਖਭਾਲ ਨਾਲ ਕਿਡਨੀ ਵਿੱਚ ਸੁਧਾਰ ਹੋ ਸਕਦਾ ਹੈ: ਡਾ. ਅਮਨਿੰਦਰ ਕੌਰ



**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** " ਕਿਡਨੀ ਦੇ ਫੇਲ੍ਹ ਹੋਣ ਦੇ ਮਾਮਲਿਆਂ ਵਿੱਚ, ਡਾਇਲਸਿਸ ਹਮੇਸ਼ਾ ਜੀਵਨ ਭਰ ਦਾ ਇਲਾਜ ਨਹੀਂ ਹੁੰਦਾ। ਸਮੇਂ ਸਿਰ ਨਿਦਾਨ ਅਤੇ ਮਾਹਰ ਦਖਲਅੰਦਾਜ਼ੀ ਨਾਲ, ਕੁਝ ਮਾਮਲਿਆਂ ਵਿੱਚ ਡਾਇਲਸਿਸ ਅਸਥਾਈ ਹੋ ਸਕਦਾ ਹੈ ਅਤੇ ਕਿਡਨੀ ਦੇ ਕੰਮ ਵਿੱਚ ਸੁਧਾਰ ਹੋਣ ਤੋਂ ਬਾਅਦ ਬੰਦ ਵੀ ਹੋ ਸਕਦਾ ਹੈ। " ਡਾ. ਅਮਨਿੰਦਰ ਕੌਰ, ਸਲਾਹਕਾਰ-ਨੈਫਰੋਲੋਜੀ ਨੇ ਦੱਸਿਆ ਕਿ ਜਦੋਂ ਗੁਰਦੇ ਸਰੀਰ ਵਿੱਚੋਂ ਜ਼ਹਿਰੀਲੇ ਪਦਾਰਥਾਂ ਅਤੇ ਵਾਧੂ ਤਰਲ ਪਦਾਰਥਾਂ ਨੂੰ ਬਾਹਰ ਕੱਢਣ ਵਿੱਚ ਅਸਮਰੱਥ ਹੁੰਦੇ ਹਨ ਤਾਂ ਡਾਇਲਸਿਸ ਇੱਕ ਆਰਟੀਫਿਸ਼ੀਅਲ ਸਹਾਇਤਾ ਪ੍ਰਣਾਲੀ ਵਜੋਂ ਕੰਮ ਕਰਦਾ ਹੈ। ਹਾਲਾਂਕਿ, ਇਸ ਦੀ ਮਿਆਦ ਪੂਰੀ ਤਰ੍ਹਾਂ ਕਿਡਨੀ ਦੇ ਫੇਲ੍ਹ ਹੋਣ ਦੇ ਬੁਨਿਆਦੀ ਕਾਰਨ 'ਤੇ ਨਿਰਭਰ ਕਰਦੀ ਹੈ। "ਗੰਭੀਰ ਲਾਗ, ਡੀਹਾਈਡਰੇਸ਼ਨ, ਦਵਾਈਆਂ ਜਾਂ ਗੰਭੀਰ ਬਿਮਾਰੀ ਦੇ ਕਾਰਨ ਗੰਭੀਰ ਕਿਡਨੀ ਦੀ ਸੱਟ (ਏਕੇਆਈ) ਦੇ ਮਾਮਲਿਆਂ ਵਿੱਚ, ਕਿਡਨੀ ਦਾ ਕੰਮ ਸਹੀ ਡਾਕਟਰੀ ਪ੍ਰਬੰਧਨ ਨਾਲ ਠੀਕ ਹੋ ਸਕਦਾ ਹੈ। ਅਜਿਹੀਆਂ ਸਥਿਤੀਆਂ ਵਿੱਚ ਡਾਇਲਸਿਸ ਅਕਸਰ ਅਸਥਾਈ ਹੁੰਦਾ ਹੈ ਅਤੇ ਕਿਡਨੀ ਦੇ ਢੁਕਵੇਂ ਕੰਮ ਕਰਨ ਤੋਂ ਬਾਅਦ ਇਸ ਨੂੰ ਰੋਕਿਆ ਜਾ ਸਕਦਾ ਹੈ। ਡਾ. ਕੌਰ ਨੇ ਅੱਗੇ ਸਪੱਸ਼ਟ ਕੀਤਾ ਕਿ ਲੰਬੇ ਸਮੇਂ ਲਈ ਜਾਂ ਸਥਾਈ ਡਾਇਲਸਿਸ ਆਮ ਤੌਰ 'ਤੇ ਐਡਵਾਂਸਡ ਕ੍ਰੋਨਿਕ ਕਿਡਨੀ ਡਿਜ਼ੀਜ਼ (ਸੀਕੇਡੀ) ਵਿੱਚ ਜ਼ਰੂਰੀ ਹੁੰਦਾ ਹੈ, ਆਮ ਤੌਰ 'ਤੇ ਲੰਬੇ ਸਮੇਂ ਤੱਕ ਸ਼ੂਗਰ ਜਾਂ ਬੇਕਾਬੂ ਹਾਈਪਰਟੈਨਸ਼ਨ ਦੇ ਨਤੀਜੇ ਵਜੋਂ, ਜਿੱਥੇ ਕਿਡਨੀ ਦਾ ਨੁਕ-ਸਾਨ ਅਟੱਲ ਹੁੰਦਾ ਹੈ। ਫੈਸਿਲਿਟੀ ਡਾਇਰੈਕਟਰ-ਲਿਵਾਸਾ ਹਸਪਤਾਲ ਅਭਿਨਵ ਸ਼੍ਰੀਵਾਸਤਵ ਨੇ ਕਿਹਾ ਕਿ ਨਵਾਂਸ਼ਹਿਰ ਵਿੱਚ ਵਿਸ਼ੇਸ਼ ਨੈਫਰੋਲੋਜੀ ਸੇਵਾਵਾਂ ਨੂੰ ਕਮਿਊਨਿਟੀ ਦੇ ਨੇੜੇ ਲਿਆ ਕੇ, ਅਸੀਂ ਇਹ ਯਕੀਨੀ ਬਣਾ ਰਹੇ ਹਾਂ ਕਿ ਮਰੀਜ਼ਾਂ ਨੂੰ ਬਿਨਾਂ ਕਿਸੇ ਦੇਰੀ ਦੇ ਜਲਦੀ ਦਖਲ ਅਤੇ ਉੱਨਤ ਕਿਡਨੀ ਦੀ ਦੇਖਭਾਲ ਪ੍ਰਾਪਤ ਹੋਵੇ।

# ਸਵ. ਮਹਿੰਗਾ ਸਿੰਘ ਦੀ ਯਾਦ ਵਿੱਚ ਅਮਰ ਕੌਰ- ਚਰਨ ਕੌਰ ਵੈਲਫੇਅਰ ਸੋਸਾਇਟੀ ਵੱਲੋਂ ਅੱਖਾਂ ਦਾ ਮੁਫਤ ਚੈਕ-ਅੱਪ ਅਤੇ ਅਪ੍ਰੇਸ਼ਨ ਕੈਂਪ 8 ਮਾਰਚ ਨੂੰ



**ਹੁਸ਼ਿਆਰਪੁਰ / ਮੇਹਟਿਆਣਾ (ਤਰਸੇਮ ਦੀਵਾਨਾ )** - ਸਵਰਗਵਾਸੀ ਮਹਿੰਗਾ ਸਿੰਘ ਦੀ ਯਾਦ ਵਿੱਚ ਅਮਰ ਕੌਰ- ਚਰਨ ਕੌਰ ਵੈਲਫੇਅਰ ਸੋਸਾਇਟੀ (ਰਜਿ)ਭੂੰਗਰਨੀ ਵੱਲੋਂ ਅੱਖਾਂ ਦਾ ਮੁਫਤ ਚੈਕ-ਅੱਪ ਅਤੇ ਅਪ੍ਰੇਸ਼ਨ ਕੈਂਪ 8 ਮਾਰਚ ਨੂੰ ਸਵੇਰੇ 10 ਵਜੇ ਤੋਂ ਦੁਪਿਹਰ 3 ਵਜੇ ਤੱਕ ਨੇੜੇ ਗੁਰਦੁਆਰਾ ਗੁਰੂ ਹਰਿ ਰਾਇ ਸਾਹਿਬ ਭੂੰਗਰਨੀ ਹੁਸ਼ਿਆਰਪੁਰ ਵਿਖੇ ਲਗਾਇਆ ਜਾ ਰਿਹਾ ਹੈ। ਇਸ ਕੈਂਪ ਬਾਰੇ ਸੁਸਾਇਟੀ ਪ੍ਰਧਾਨ ਜਸਵੀਰ ਸਿੰਘ ਮਿਨਹਾਸ ,ਸੀਨੀਅਰ ਵਾਈਸ ਪ੍ਰਧਾਨ ਜਗਤਾਰ ਸਿੰਘ ਭੂੰਗਰਨੀ,ਕੈਸ਼ੀਅਰ ਸੁਰਜੀਤ ਸਿੰਘ ਮਸੂਤਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਕੈਂਪ ਸੁਸਾਇਟੀ ਦੇ ਸਰਪ੍ਰਸਤ ਡਾਕਟਰ ਹਰਦੇਵ ਸਿੰਘ ਪਰਹਾਰ ਯੂ ਐਸ ਏ ਅਤੇ ਜਸਵਿੰਦਰ ਕੌਰ ਯੂ ਐਸ ਏ ਦੇ ਸਹਿਯੋਗ ਨਾਲ ਲਗਾਇਆ ਜਾ ਰਿਹਾ ਹੈ ।ਇਹ ਕੈਂਪ ਅੱਖਾਂ ਦੇ ਮਸ਼ਹੂਰ ਦੇ ਮਾਹਿਰ ਡਾਕਟਰ ਡਾ. ਜੀ.ਐਸ. ਵਿਰਦੀ ਐਮ ਬੀ ਬੀ ਐਸ.,ਐਮ. ਐਸ.,ਡੀ.ਓ., ਐਮ ਐਸ, ਅਤੇ ਸਾਬਕਾ ਪੀ .ਸੀ .ਐਮ ਐਸ ਐਸ (1) । ਦੀ ਰਹਿਨੁਮਾਈ ਹੇਠ ਲਗਾਇਆ ਜਾਵੇਗਾ । ਜਿਸ ਵਿੱਚ ਮਰੀਜ਼ਾਂ ਦੇ ਅੱਖਾਂ ਦਾ ਮੁਫ਼ਤ ਚੈੱਕਅਪ ਅਤੇ ਆਪ੍ਰੇਸ਼ਨ ਕੀਤੇ ਜਾਣਗੇ । ਲੋੜਬੰਦਾਂ ਦੇ ਲੈਜ਼ ਅਤੇ ਐਨਕਾਂ ਫ੍ਰੀ ਦਿੱਤੀਆਂ ਜਾਣਗੀਆਂ ।ਮਰੀਜ਼ਾਂ ਲਈ ਚਾਹ ਅਤੇ ਲੰਗਰ ਦਾ ਖਾਸ ਪ੍ਰਬੰਧ ਹੋਵੇਗਾ॥ ਲੋੜਵੰਦ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੇ ਹਨ, ! ਪ੍ਰਧਾਨ ਜਸਵੀਰ ਸਿੰਘ ਮਿਨਹਾਸ 94177-40319 ਕੈਸ਼ੀਅਰ ਸੁਰਜੀਤ ਸਿੰਘ ਮਸੂਤਾ 98762-78308 ਸੀਨੀਅਰ ਮੀਤ ਪ੍ਰਧਾਨ ਜਗਤਾਰ ਸਿੰਘ ਭੂੰਗਰਨੀ 98153-06402 ਜਨਰਲ ਸਕੱਤਰ ਪਰਮਿੰਦਰ ਸਿੰਘ 98142-17782

# ਮਹਿਲਾ ਦਿਵਸ 'ਤੇ ਮੁਫਤ ਐਚਪੀਵੀ ਟੀਕਾਕਰਨ ਮੁਹਿੰਮ

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** -ਕੌਮਾਂਤਰੀ ਮਹਿਲਾ ਦਿਵਸ ਮੌਕੇ 8 ਮਾਰਚ ਨੂੰ ਸ਼ੈਲਬੀ ਹਸਪਤਾਲ, ਵਿਖੇ ਮੁਫ਼ਤ ਐਚਪੀਵੀ (ਹਿਊਮਨ ਪੈਪੀਲੋਮਾ ਵਾਇਰਸ) ਟੀਕਾਕਰਨ ਮੁਹਿੰਮ ਦਾ ਆਯੋਜਨ ਕੀਤਾ ਜਾਵੇਗਾ। ਇਸ ਪਹਿਲ ਦਾ ਉਦੇਸ਼ ਜਵਾਨ ਕੁੜੀਆਂ ਨੂੰ ਸਰਵਾਈਕਲ ਕੈਂਸਰ ਤੋਂ ਬਚਾਉਣਾ ਹੈ, ਜੋ ਇੱਕ ਰੋਕਥਾਮਯੋਗ ਬਿਮਾਰੀ ਹੈ ਜੋ ਹਰ ਸਾਲ ਲਗਭਗ 90,000 ਭਾਰਤੀ ਔਰਤਾਂ ਨੂੰ ਮਾਰਦੀ ਹੈ। ਸ਼ੈਲਬੀ ਹਸਪਤਾਲ ਦੇ ਓਨਕੋ ਸਰਜਨ ਡਾ ਅਸ਼ਵਨੀ ਕੁਮਾਰ ਸਚਦੇਵਾ ਨੇ ਕਿਹਾ ਕਿ ਸਰਵਾਈਕਲ ਕੈਂਸਰ ਭਾਰਤ ਵਿਚ ਔਰਤਾਂ ਵਿਚ ਦੂਜਾ ਸਭ ਤੋਂ ਆਮ ਕੈਂਸਰ ਹੈ, ਜਿਸ ਵਿਚ ਹਰ ਸਾਲ ਲਗਭਗ 1,27,000 ਨਵੇਂ ਕੇਸ ਆਉਂਦੇ ਹਨ ਅਤੇ 80,000 ਮੌਤਾਂ ਹੁੰਦੀਆਂ ਹਨ, ਜੋ ਕਿ ਵਿਸ਼ਵਵਿਆਪੀ ਬੋਝ ਦਾ ਪੰਜਵਾਂ ਹਿੱਸਾ ਹੈ। ਉਨ੍ਹਾਂ ਦੱਸਿਆ ਕਿ ਅੰਕੜੇ ਵਿਸ਼ੇਸ਼ ਤੌਰ 'ਤੇ ਚਿੰਤਾਜਨਕ ਹਨ ਕਿਉਂਕਿ




ਭਾਰਤ ਵਿੱਚ ਹਰ 8 ਮਿੰਟ ਵਿੱਚ ਸਰਵਾਈਕਲ ਕੈਂਸਰ ਕਾਰਨ ਇੱਕ ਔਰਤ ਦੀ ਮੌਤ ਹੁੰਦੀ ਹੈ ਅਤੇ ਸਾਰੇ ਗਲੋਬਲ ਕੈਂਸਰ ਮਾਮਲਿਆਂ ਵਿੱਚੋਂ ਇੱਕ ਤਿਹਾਈ ਭਾਰਤ ਵਿੱਚ ਰਿਪੋਰਟ ਕੀਤੇ ਜਾਂਦੇ ਹਨ। ਗਾਇਨੀਕੋਲੋਜੀ ਸਲਾਹਕਾਰ ਡਾ. ਅਰਵਿੰਦਰ ਕੌਰ ਹੀਰ ਨੇ ਕਿਹਾ ਕਿਹਾਲ ਹੀ ਦੇ ਅਧਿਐਨ ਦਰਸਾਉਂਦੇ ਹਨ ਕਿ ਇੱਕ ਸਿੰਗਲ-ਡੋਜ਼ ਐਚਪੀਵੀ ਟੀਕਾਕਰਨ ਪ੍ਰੋਗਰਾਮ ਟੀਕਾ ਲਗਵਾਉਣ ਵਾਲੇ ਸਮੂਹ ਵਿੱਚ ਐਚਪੀਵੀ 16 ਅਤੇ ਐਚਪੀਵੀ 18 ਦੀ ਲਾਗ ਦੇ ਜੋਖਮ ਨੂੰ ਲਗਭਗ 90 ਪ੍ਰਤੀਸ਼ਤ ਘਟਾ ਸਕਦਾ ਹੈ ਅਤੇ 20 ਸਾਲਾਂ ਬਾਅਦ ਉੱਚ-ਜੋਖਮ ਵਾਲੇ ਐਚਪੀਵੀ ਲਾਗਾਂ ਦੇ ਸਮੁੱਚੇ ਪ੍ਰਸਾਰ ਨੂੰ 49 ਪ੍ਰਤੀਸ਼ਤ ਤੱਕ ਘਟਾ ਸਕਦਾ ਹੈ। HPV ਵੈਕਸੀਨ ਸਭ ਤੋਂ ਵੱਧ ਅਸਰਦਾਰ ਹੁੰਦੀ ਹੈ ਜਦੋਂ ਵਾਇਰਸ ਦੇ ਸੰਭਾਵੀ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਦਿੱਤਾ ਜਾਂਦਾ ਹੈ। ਸਲਾਹਕਾਰ ਗਾਇਨੀਕੋਲੋਜੀ ਬਲਬੀਰ ਕੌਰ ਘਈ ਨੇ ਕਿਹਾ ਕਿ ਵਿਸ਼ਵ ਸਿਹਤ ਸੰਗਠਨ 9-14 ਸਾਲ ਦੀ ਉਮਰ ਦੀਆਂ ਲੜਕੀਆਂ ਨੂੰ ਵੱਧ ਤੋਂ ਵੱਧ ਸੁਰੱਖਿਆ ਲਈ ਮੁੱਢਲੇ ਟੀਚੇ ਸਮੂਹ ਵਜੋਂ ਟੀਕਾ ਲਗਾਉਣ ਦੀ ਸਿਫਾਰਸ਼ ਕਰਦਾ ਹੈ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵਲੋਂ ਸਤਲੋਕ ਧਾਮ ਰੱਤੇਵਾਲ ਵਿਖੇ ਮੁਫ਼ਤ ਅੱਖਾਂ ਦਾ ਚੈੱਕਅਪ ਲਗਾਇਆ

**ਨਵਾਂਸ਼ਹਿਰ /ਕਾਠਗੜ੍ਹ, (ਜਤਿੰਦਰ ਪਾਲ ਸਿੰਘ ਕਲੇਰ )** ਮਾਨਵਤਾ ਦੀ ਸੇਵਾ ਨੂੰ ਸਮਰਪਿਤ 'ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ' ਰਜਿ. ਪਟਿਆਲਾ ਵਲੋਂ ਆਪਣੀਆਂ ਲੋਕ-ਭਲਾਈ ਗਤੀਵਿਧੀਆਂ ਦੀ ਲੜੀ ਨੂੰ ਅੱਗੇ ਵਧਾਉਂਦਿਆਂ ਧੰਨ ਧੰਨ ਸਤਿਗੁਰੂ ਗੰਗਾ ਨੰਦ ਮਹਾਰਾਜ ਜੀ ਭੂਰੀ ਵਾਲਿਆਂ ਦੇ ਜਨਮ ਅਸਥਾਨ ਸੱਤਲੋਕ ਧਾਮ ਰੱਤੇਵਾਲ ਵਿਖੇ 730ਵਾਂ ਵਿਸ਼ਾਲ ਅੱਖਾਂ ਦਾ ਮੁਫ਼ਤ ਚੈੱਕਅਪ ਕੈਂਪ ਲਗਾਇਆ ਗਿਆ ਜਿਸ ਦਾ ਉਦਘਾਟਨ ਧਾਮ ਦੇ ਮੁੱਖ ਸੰਚਾਲਕ ਸੁਆਮੀ ਕ੍ਰਿਸ਼ਨਾ ਨੰਦ ਜੀ ਮਹਾਰਾਜ ਭੂਰੀ ਵਾਲੇ ਅਤੇ ਸਮਾਜ ਸੇਵੀ ਚੌਧਰੀ ਦੁਰਗੇਸ਼ ਜੰਡੀ ਵੱਲੋਂ ਕੀਤਾ ਗਿਆ। ਇਸ ਕੈਂਪ ਵਿੱਚ ਰੋਪੜ ਦੇ ਪ੍ਰਸਿੱਧ ਬਵੇਜਾ ਹਸਪਤਾਲ ਦੇ ਡਾ. ਵਰੁਨ ਬਵੇਜਾ ਅਤੇ ਉਨ੍ਹਾਂ ਦੀ ਟੀਮ ਵਲੋਂ ਅੱਖਾਂ ਦੇ 625 ਮਰੀਜ਼ਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ



**ਸਤਲੋਕ ਧਾਮ ਰੱਤੇਵਾਲ ਵਿਖੇ ਅੱਖਾਂ ਦੇ ਕੈਂਪ ਦਾ ਉਦਘਾਟਨ ਕਰਦੇ ਹੋਏ ਸੁਆਮੀ ਕ੍ਰਿਸ਼ਨਾ ਨੰਦ ਜੀ ਮਹਾਰਾਜ ਅਤੇ ਮਰੀਜ਼ਾਂ ਦਾ ਚੈੱਕਅਪ ਕਰਦੀ ਹੋਈ ਡਾਕਟਰਾਂ ਦੀ ਟੀਮ।**

ਜਿਨਾਂ ਵਿੱਚੋਂ 173 ਮਰੀਜ਼ਾਂ ਨੂੰ ਸਰਜਰੀ ਹ ਤੇ ਲੈਂਜ ਪਾਉਣ ਲਈ ਚੁਣਿਆ ਗਿਆ ਜਦਕਿ ਦੂਜੇ ਲੋੜਵੰਦ ਮਰੀਜ਼ਾਂ ਨੂੰ ਐਨਕਾਂ ਅਤੇ ਦਵਾਈਆਂ ਫਰੀ ਦਿੱਤੀਆਂ ਗਈਆਂ। ਅੱਖਾਂ ਦੇ ਇਸ ਕੈਂਪ ਦੌਰਾਨ ਵਾਸਦੇਵ ਭੂੰਬਲਾ, ਸੁਰਿੰਦਰ ਭੂੰਬਲਾ, ਅਸ਼ੋਕ ਨੰਬਰਦਾਰ, ਰਾਮ ਲਾਲ ਜੰਡੀ, ਸ਼ੈਂਕਰ ਦਾਸ ਸਰਪੰਚ ਜੰਡੀ, ਜਤਿੰਦਰ ਬਾਂਠ, ਰਜਿੰਦਰ ਖਟਾਣਾ, ਵਿਜੇ ਖਟਾਣਾ, ਰਾਕੇਸ਼ ਕੁਮਾਰ ਹੈਪੀ, ਰਾਜਕੁਮਾਰ ਖਟਾਣਾ, ਰਾਜਕੁਮਾਰ ਬਾਂਠ, ਇੰਜ. ਦਾਰਾ ਸਿੰਘ ਸਰਪੰਚ ਕਲੇਰਾਂ, ਡਾ. ਸੁੱਚਾ ਰਾਮ ਗਰਲੇ ਢਾਹਾਂ, ਡਾ. ਕੇਵਲ ਕ੍ਰਿਸ਼ਨ, ਕੀਮਤੀ ਮਝੋਟ, ਨਰੇਸ਼ ਕਰੀਮਪੁਰ, ਪਰਮਜੀਤ ਪੰਮੀ ਥੋਪੀਆ, ਪੁਨੀਤ ਭੂੰਬਲਾ, ਮਾ. ਜਸਵਿੰਦਰ ਸਿੰਘ ਧੌਲ, ਹਰਨਾਮ ਦਾਸ ਟੱਪਰੀਆਂ, ਉਂਕਾਰ ਚੇਚੀ ਬਾਗੋਵਾਲ ਆਦਿ ਮੁੱਖ ਰੂਪ ਵਿੱਚ ਹਾਜ਼ਰ ਸਨ।

# ਸਤਲੋਕ ਧਾਮ ਰੱਤੇਵਾਲ ਵਿਖੇ ਫੱਗਣ ਮਹੀਨੇ ਦੀ ਪੂਰਨਮਾਸ਼ੀ ਸ਼ਰਧਾ ਨਾਲ ਮਨਾਈ

## ਸਤਿਸੰਗ ਵਿੱਚ ਆਉਣ ਨਾਲ ਮਨੁੱਖ ਦਾ ਹਿਰਦਾ ਸ਼ੁੱਧ ਹੁੰਦਾ ਹੈ - ਸੁਆਮੀ ਕ੍ਰਿਸ਼ਨਾ ਨੰਦ ਜੀ

**ਨਵਾਂਸ਼ਹਿਰ /ਕਾਠਗੜ੍ਹ, (ਜਤਿੰਦਰ ਪਾਲ ਸਿੰਘ ਕਲੇਰ )** ਧੰਨ-ਧੰਨ ਸੁਆਮੀ ਗੰਗਾ ਨੰਦ ਜੀ ਮਹਾਰਾਜ ਭੂਰੀ ਵਾਲਿਆਂ ਦੇ ਜਨਮ ਅਸਥਾਨ ਸ੍ਰੀ ਸਤਲੋਕ ਧਾਮ ਰੱਤੇਵਾਲ ਵਿਖੇ ਹਰ ਮਹੀਨੇ ਵਾਂਗ ਫੱਗਣ ਮਹੀਨੇ ਦੀ ਪੂਰਨਮਾਸ਼ੀ ਦਾ ਦਿਹਾੜਾ ਵੀ ਮੌਜੂਦਾ ਸੰਚਾਲਕ ਸੁਆਮੀ ਕ੍ਰਿਸ਼ਨਾ ਨੰਦ ਮਹਾਰ-ਾਜ ਜੀ ਭੂਰੀ ਵਾਲਿਆਂ ਦੀ ਅਗਵਾਈ ਵਿੱਚ ਸੰਗਤਾਂ ਵੱਲੋਂ ਬਹੁਤ ਹੀ ਸ਼ਰਧਾ ਨਾਲ ਮਨਾਇਆ ਗਿਆ।

ਜਾਣਕਾਰੀ ਦਿੰਦੇ ਹੋਏ ਸ਼੍ਰੀ ਸਤਲੋਕ ਧਾਮ ਦੇ ਮੁੱਖ ਸੇਵਾਦਾਰ ਭਗਤ ਵਾਸਦੇਵ ਭੂੰਬਲਾ ਜੀ ਨੇ ਦੱਸਿਆ ਕਿ ਇਸ ਸਬੰਧ ਵਿੱਚ ਜਗਤ ਗੁਰੂ ਬਾਬਾ ਗਰੀਬਦਾਸ ਜੀ ਮਹਾਰਾਜ ਭੂਰੀ ਵਾਲਿਆਂ ਦੀ ਅੰਮ੍ਰਿਤਮਈ ਬਾਣੀ ਦੇ ਬੀਤੇ ਰੋਜ਼ ਤੋਂ ਚੱਲ ਰਹੇ ਅਖੰਡ ਪਾਠ ਦੇ ਭੋਗ ਸੁਆਮੀ ਕ੍ਰਿਸ਼ਨਾ ਨੰਦ ਜੀ ਮਹਾਰਾਜ ਵੱਲੋਂ ਪਾਏ ਜਾਣ ਉਪਰੰਤ ਉਹਨਾਂ ਸੰਗਤਾਂ ਨੂੰ ਪ੍ਰਵਚਨ ਕਰਦੇ ਹੋਏ ਕਿਹਾ ਕਿ



ਸੰਤਾਂ ਮਹਾਂਪੁਰਸ਼ਾਂ ਦੇ ਲੇਕਿਨ ਸਤਸੰਗ ਵਿੱਚ ਜਾਣ ਨਾਲ ਮਨੁੱਖ ਦਾ ਹਿਰਦਾ ਸ਼ੁੱਧ ਹੋ ਜਾਂਦਾ ਹੈ ਅਤੇ ਉਸ ਦਾ ਮਨ ਵਿਕਾਰਾਂ ਤੋਂ ਹਟ ਕੇ ਪਰਮਾਤਮਾ ਦੀ ਬੰਦਗੀ ਅਤੇ ਨੇਕ ਕੰਮਾਂ ਵੱਲ ਲੱਗਦਾ ਹੈ। ਉਹਨਾਂ ਨੇ ਕਿਹਾ ਕਿ ਪਰਮਾਤਮਾ ਦੀ ਭਗਤੀ ਇੱਕ ਮਨ ਇੱਕ ਚਿੱਤ ਹੋ ਕੇ ਕਰਨੀ ਚਾਹੀਦੀ ਹੈ, ਹੋਲੀ ਦੇ ਤਿਉਹਾਰ ਦਾ ਇਤਿਹਾਸ ਯਾਦ ਕਰਵਾਉਂਦੇ ਹੋਏ ਸੁਆਮੀ ਜੀ ਨੇ ਭਗਤ ਪ੍ਰਹਿਲਾਦ ਦੀ ਮਿਸਾਲ ਦਿੰਦੇ ਹੋਏ ਕਿਹਾ ਕਿ ਜੇਕਰ ਮਨੁੱਖ ਦਾ ਪਰਮਾਤਮਾ ਪ੍ਰਤੀ ਵਿਸ਼ਵਾਸ ਪੱਕਾ ਹੋ ਜਾਵੇ ਤਾਂ ਪ੍ਰਭੂ ਉਸ ਜੀਵ ਦੀ ਹਰ ਮੁਸੀਬਤ ਤੋਂ ਰੱਖਿਆ ਕਰਦੇ ਹਨ। ਉਹਨਾਂ ਕਿਹਾ ਕਿ ਬੱਚਿਆਂ ਵਿੱਚ ਚੰਗੇ ਸੰਸਕਾਰ ਪੈਦਾ ਕਰਨ ਲਈ ਉਹਨਾਂ ਨੂੰ ਧਾਰਮਿਕ ਸਮਾਗਮਾਂ ਅਤੇ ਸਤਿਸੰਗਾਂ ਵਿੱਚ ਜਰੂਰ ਭੇਜਿਆ ਜਾਵੇ ਕਿਉਂਕਿ ਜੋ ਬੱਚੇ ਧਾਰਮਿਕ ਕਾਰਜਾਂ ਤੇ ਮਹਾਂਪੁਰਸ਼ਾਂ ਦੇ ਪ੍ਰਵਚਨਾਂ ਤੋਂ ਦੂਰ ਰਹਿੰਦੇ ਹਨ ਉਨਾਂ ਵਿੱਚ ਨੈਤਿਕ ਗੁਣਾਂ ਦੀ ਘਾਟ ਹੁੰਦੀ ਹੈ। ਉਹਨਾਂ ਸੰਗਤਾਂ ਨੂੰ ਲੋੜਵੰਦਾਂ ਦੀ ਮਦਦ ਤੇ ਮਹਾਂਪੁਰਸ਼ਾਂ ਦੇ ਉਪਦੇਸ਼ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣ ਤੇ ਜ਼ੋਰ ਦਿੱਤਾ। ਇਸ ਮੌਕੇ ਲੰਗਰ ਵੀ ਅਤੁੱਟ ਵਰਤਾਏ ਗਏ।

# ਕੇਸੀ ਕਾਲਜ ਦੇ ਵਿਦਿਆਰਥੀਆਂ ਨੇ ਖੇਲੀ ਹੋਲੀ

## ਹੋਲੀ ਦੇ ਰੰਗਾਂ ਵਿੱਚ ਰੰਗੇ ਜਾਉਣ ਨਾਲ, ਵਿਅਕਤੀ ਪਰਮਾਤਮਾ ਦੇ ਰੰਗਾਂ 'ਚ ਲੀਨ ਹੋ ਜਾਂਦਾ ਹੈ - ਡਾ. ਅਵਤਾਰ ਚੰਦ ਰਾਣਾ




**ਨਵਾਂਸ਼ਹਿਰ, (ਜਤਿੰਦਰ ਪਾਲ ਸਿੰਘ ਕਲੇਰ )** ਕੇਸੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਕੇਸੀ ਫਾਰਮੇਸੀ ਕਾਲਜ 'ਚ ਵਿਦਿਆਰਥੀਆਂ ਨੇ ਮੰਗਲਵਾਰ ਨੂੰ ਇੱਕ ਦੂਜੇ ਨਾਲ ਖੂਬ ਹੋਲੀ ਖੇਲੀ। ਉਨ੍ਹਾਂ ਨੇ ਹੋਲੀ ਖੇਡ ਕੇ ਪਿਆਰ ਅਤੇ ਸਦਭਾਵਨਾ ਦਾ ਸੰਦੇਸ਼ ਸਾਂਝਾ ਕੀਤਾ ਅਤੇ ਦੇਰ ਸ਼ਾਮ ਨੂੰ, ਉਨ੍ਹਾਂ ਨੇ ਇੱਕ ਦੂਜੇ ਦੇ ਚਿਹਰਿਆਂ ਨੂੰ ਰੰਗੀਨ ਰੰਗਾਂ ਨਾਲ ਵੀ ਰੰਗਿਆ। ਵਿਦਿਆਰਥੀਆਂ ਨੇ ਆਪਣੇ ਅਧਿਆਪਕਾਂ ਨੂੰ ਗੁਲਾਲ ਲਗਾਇਆ ਅਤੇ ਉਨ੍ਹਾਂ ਨੇ ਆਪਣੇ ਵਿਦਿਆਰਥੀਆਂ ਨੂੰ ਗੁਲਾਲ ਲਗਾਇਆ। ਭਗਵਾਨ ਰਾਧਾ ਅਤੇ ਕ੍ਰਿਸ਼ਨ ਦੀਆਂ ਚਿੱਤਰ ਨੂੰ ਪਹਿਲਾਂ ਰੰਗਿਆ ਗਿਆ। ਹੋਲੀ ਮਨਾਉਣ ਸਬੰਧੀ ਬੋਰਡ ਸਜਾਏ ਗਏ, ਚਾਰਟ ਅਤੇ ਰੰਗੋਲੀਆਂ ਬਣਾਈਆਂ ਗਈਆਂ। ਵੱਖੋਂ-ਵੱਖ ਰਾਜਾਂ ਦੇ ਵਿਦਿਆਰਥੀਆਂ ਅਤੇ ਸਟਾਫ ਨੇ ਡੀਜੇ ਦੀ ਤਾਲ 'ਤੇ ਹੋਲੀ ਖੇਡੀ।



**ਕੇਸੀ ਫਾਰਮੇਸੀ ਕਾਲਜ ਦੇ ਵਿਦਿਆਰਥੀ ਅਤੇ ਸਟਾਫ਼ ਰੰਗ ਬਿਰੰਗੇ ਰੰਗਾਂ ਨਾਲ ਹੋਲੀ ਖੇਡਦੇ ਹੋਏ।ਅਪਣੇ ਸਜਾਏ ਬੋਰਡ ਦੇ ਮੂਹਰੇ ਖਡੇ ਵਿਦਿਆਰਥੀ ਅਤੇ ਟੀਚਰ।**

ਵਿਦਿਆਰਥੀਆਂ ਨੇ ਪਾਣੀ ਤੋਂ ਬਿਨਾਂ ਹੋਲੀ ਮਨਾਈ, ਬਹੁਤਿਆਂ ਨੇ ਸਿਰਫ਼ ਟਿੱਕਾ ਹੀ ਮੱਥੇ ਤੇ ਲਾਇਆ। ਕੈਂਪਸ ਡਾਇਰੈਕਟਰ ਅਤੇ ਕਾਲਜ ਇੰਚਾਰਜ ਡਾ. ਅਵਤਾਰ ਚੰਦ ਰਾਣਾ ਨੇ ਕਿਹਾ ਕਿ ਹੋਲੀ ਪਿਆਰ ਅਤੇ ਏਕਤਾ ਦਾ ਸੰਦੇਸ਼ ਦਿੰਦੀ ਹੈ। ਹੋਲੀ ਦੇ ਰੰਗਾਂ 'ਚ ਰੰਗੇ ਜਾਣ ਨਾਲ, ਵਿਅਕਤੀ ਪਰਮਾਤਮਾ ਦੇ ਰੰਗਾਂ ਵਿੱਚ ਲੀਨ ਹੋ ਜਾਂਦਾ ਹੈ। ਅਸੀਂ ਇੱਕ ਰੰਗੀਨ ਦੇਸ਼ ਦੇ ਲੋਕ ਹਾਂ, ਰੰਗਾਂ ਦੀ ਵਿਰਾਸਤ ਨੂੰ ਸੰਭਾਲ ਕੇ ਰੱਖਦੇ ਹਾਂ। ਉਨ੍ਹਾਂ ਸਮਝਾਇਆ ਕਿ ਸਾਨੂੰ ਹੋਲੀ ਨੂੰ ਜੋਸ਼ ਨਾਲ ਮਨਾਉਣ ਦੀ ਬਜਾਏ, ਇੱਕ ਦੂਜੇ ਲਈ ਪਿਆਰ ਰੱਖ ਕੇ ਮਨਾਉਣਾ ਚਾਹੀਦਾ ਹੈ। ਮੌਕੇ 'ਤੇ ਅਮਨਜੋਤ ਕੌਰ, ਨਵਜੋਤ, ਸ਼ਿਖਾ, ਖੁਸ਼ਦੀਪ ਕੌਰ, ਮਨਪ੍ਰੀਤ, ਇੰਦਰਪ੍ਰੀਤ ਕੌਰ, ਅਭਿਨਵ, ਸਨੇਹਾ, ਤੋਸੀਫ ਅਹਿਮਦ, ਸ਼ੈਸ਼ਟਾ ਬਾਨੋ, ਮੁਹੰਮਦ ਸੁਹੇਲ, ਮੁਕੇਸ਼ ਸ਼ਰਮਾ ਅਤੇ ਵਿਪਨ ਕੁਮਾਰ ਮੌਜੂਦ ਸਨ।

# ਡਿਪਟੀ ਕਮਿਸ਼ਨਰ ਨੇ ਹੜ੍ਹਾਂ ਸਬੰਧੀ ਰੋਕਥਾਮ ਲਈ ਕੀਤੀ ਸਮੀਖਿਆ ਮੀਟਿੰਗ

## ਬਰਸਾਤਾਂ ਤੋਂ ਪਹਿਲਾਂ ਸਾਰੇ ਚੱਲ ਰਹੇ ਪ੍ਰੋਜੈਕਟ ਮੁਕੰਮਲ ਕਰਨ ਦੇ ਦਿੱਤੇ ਨਿਰਦੇਸ਼

**ਐਸ.ਬੀ.ਐਸ. ਨਗਰ (ਜਤਿੰਦਰ ਪਾਲ ਸਿੰਘ ਕਲੇਰ )** ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ, ਗੁਲਪ੍ਰੀਤ ਸਿੰਘ ਔਲਖ ਨੇ ਮੰਗਲਵਾਰ ਨੂੰ ਮਾਨਸੂਨ ਸੀਜ਼ਨ ਦੇ ਮੱਦੇਨਜ਼ਰ ਹੜ੍ਹਾਂ ਦੀ ਰੋਕਥਾਮ ਸਬੰਧੀ ਸਮੀਖਿਆ ਮੀਟਿੰਗ ਕੀਤੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਬਲਬੀਰ ਰਾਜ ਸਿੰਘ, ਐਸ.ਡੀ.ਐਮ. ਬੰਗਾ ਵਿਪਨ ਭੰਡਾਰੀ, ਐਸ.ਡੀ.ਐਮ. ਨਵਾਂਸ਼ਹਿਰ ਅਨਮਜਯੋਤ ਕੌਰ, ਉਪ ਮੰਡਲ ਅਫ਼ਸਰ ਹਰਕਮਲ ਹੀਰਾ, ਕਾਰਜਕਾਰੀ ਇੰਜੀਨੀਅਰ ਜਲ ਨਿਕਾਸ-ਕਮ-ਮਾਈਨਿੰਗ ਅਤੇ ਜਿਓਲੋਜੀ ਮੰਡਲ ਕਿਰਨਦੀਪ ਕੌਰ, ਜ਼ਿਲ੍ਹਾ ਮਾਲ ਅਫ਼ਸਰ ਮਨਦੀਪ ਸਿੰਘ, ਕਾਰਜਕਾਰੀ ਇੰਜੀਨੀਅਰ ਦਵਿੰਦਰ ਸਿੰਘ, ਉੱਪ ਮੰਡਲ ਅਫ਼ਸਰ ਨਵਜੋਤ ਸਿੰਘ ਅਤੇ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਮੌਜੂਦ ਸਨ।

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੀਆਂ ਜਾ ਰਹੀਆਂ ਅਗੇਤੀਆਂ ਤਿਆਰੀਆਂ ਦਾ ਜਾਇਜ਼ਾ ਲੈਂਦੇ ਹੋਏ ਡਿਪਟੀ ਕਮਿਸ਼ਨਰ ਨੇ ਵਿਭਾਗਾਂ ਵੱਲੋਂ ਸੰਭਾਵਿਤ ਹੜ੍ਹਾਂ ਲਈ ਚੁੱਕੇ ਜਾ ਰਹੇ ਕਦਮਾਂ ਦਾ ਜਾਇਜ਼ਾ ਲਿਆ। ਉਨ੍ਹਾਂ ਅਧਿਕਾਰੀਆਂ ਨੂੰ ਦਿਸ਼ਾ-ਨਿਰਦੇਸ਼ ਦਿੱਤੇ ਕਿ



ਧੁੱਸੀ ਬੰਨ੍ਹ ਦੇ ਨਾਲ ਲੱਗਦੇ ਸੰਵੇਦਨਸ਼ੀਲ ਸਥਾਨਾਂ ਦੀ ਪਛਾਣ ਕੀਤੀ ਜਾਵੇ, ਖ਼ਾਸ ਕਰਕੇ ਪਿਛਲੇ ਸਾਲ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ, ਤਾਂ ਜੋ ਸਮੇਂ ਸਿਰ ਰੋਕਥਾਮ ਲਈ ਉਚੇਚੇ ਕਦਮ ਚੁੱਕੇ ਜਾ ਸਕਣ। ਉਨ੍ਹਾਂ ਸਬੰਧਿਤ ਵਿਭਾਗਾਂ ਨੂੰ ਮਾਨਸੂਨ ਦੌਰਾਨ ਕਿਸੇ ਵੀ ਹੜ੍ਹਾਂ ਵਰਗੀ ਸਥਿਤੀ ਤੋਂ ਬਚਾਅ ਲਈ ਨਵੇਂ ਕੰਮਾਂ ਦਾ ਵੀ ਜਾਇਜ਼ਾ ਲਿਆ। ਹੜ੍ਹਾਂ ਵਰਗੀ ਸਥਿਤੀ ਨਾਲ ਨਜਿੱਠਣ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਉਨ੍ਹਾਂ ਪਹਿਲਾਂ ਤੋਂ ਸਾਰੇ ਪ੍ਰਬੰਧ ਮੁਕੰਮਲ ਕਰਨ ਉੱਤੇ ਜ਼ੋਰ ਦਿੱਤਾ। ਡਿਪਟੀ ਕਮਿਸ਼ਨਰ ਨੇ ਜ਼ੋਰ ਦੇ ਕੇ ਕਿਹਾ ਕਿ ਬਰਸਾਤਾਂ ਤੋਂ ਪਹਿਲਾਂ ਸਾਰੇ ਚੱਲ ਰਹੇ ਕੰਮ ਮੁਕੰਮਲ ਹੋਣੇ ਚਾਹੀਦੇ ਹਨ, ਤਾਂ ਜੋ ਨਿਵਾਸੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਦਾ ਸਾਹ-ਮਣਾ ਨਾ ਕਰਨਾ ਪਵੇ। ਉਨ੍ਹਾਂ ਅਧਿਕਾਰੀਆਂ ਨੂੰ ਸਤਲੁਜ ਦਰਿਆ ਦੇ ਕਿਨਾਰਿਆਂ ਨਾਲ ਲੱਗਦੇ ਧੁੱਸੀ ਬੰਧ ਉੱਤੇ ਕੀਤੇ ਜਾ ਰਹੇ ਮਜ਼ਬੂਤੀਕਰਨ ਕੰਮਾਂ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰਨ ਦੇ ਵੀ ਨਿਰਦੇਸ਼ ਦਿੱਤੇ, ਤਾਂ ਜੋ ਗੁਣਵੱਤਾ ਅਤੇ ਸਮੇਂ ਦੀ ਪਾਬੰਦੀ ਯਕੀਨੀ ਬਣਾਈ ਜਾ ਸਕੇ। ਉਨ੍ਹਾਂ ਸਾਰੇ ਵਿਭਾਗਾਂ ਨੂੰ 'ਫਲੱਡ ਪ੍ਰੋਟੈਕਸ਼ਨ ਐਕਸ਼ਨ ਪਲਾਨ 2026' ਅਤੇ 'ਡਿਸਟ੍ਰਿਕਟ ਡਿਜਾਸਟਰ ਮੈਨੇਜਮੈਂਟ ਪਲਾਨ 2026' ਨੂੰ ਅਪਡੇਟ ਰੱਖਣ ਲਈ ਵੀ ਕਿਹਾ ਗਿਆ, ਤਾਂ ਜੋ ਕਿਸੇ ਵੀ ਸਥਿਤੀ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਿਪਟਿਆ ਜਾ ਸਕੇ। ਉਨ੍ਹਾਂ ਇਹ ਵੀ ਕਿਹਾ ਕਿ ਮਾਨਸੂਨ ਦੌਰਾਨ ਸਥਿਤੀ 'ਤੇ ਨਜ਼ਰ ਰੱਖਣ ਲਈ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿੱਚ 24ਣ7 ਫਲੱਡ ਕੰਟਰੋਲ ਰੂਮ ਵੀ ਸਥਾਪਿਤ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਨੇ ਸਪਸ਼ਟ ਕੀਤਾ ਕਿ ਹੜ੍ਹ ਪ੍ਰਬੰਧਨ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਮਾਨਸੂਨ ਦੌਰਾਨ ਜ਼ਿਲ੍ਹੇ ਨੂੰ ਹੜ੍ਹਾਂ ਵਰਗੀ ਸਥਿਤੀ ਤੋਂ ਬਚਾਉਣ ਲਈ ਸਾਰੇ ਵਿਭਾਗਾਂ ਵੱਲੋਂ ਆਪਸੀ ਤਾਲਮੇਲ ਯਕੀਨੀ ਬਣਾਇਆ ਜਾਵੇ।

# ਮਾਮਲਾ ਮ੍ਰਿਤਕ ਰਾਜੇਸ਼ ਦੀ ਭੇਦ ਭਰੀ ਹਾਲਤ 'ਚ ਹੋਈ ਮੌਤ ਦਾ

**● 12 ਦਿਨ ਬੀਤਣ ਦੇ ਬਾਵਜੂਦ ਮੁਲਜ਼ਮ ਪੁਲਿਸ ਦੀ ਪਕੜ ਤੋਂ ਦੂਰ ● ਪੀੜਤ ਪਰਿਵਾਰ ਨੇ ਦਿੱਤਾ 3 ਦਿਨ ਦਾ ਅਲਟੀਮੇਟਮ; ਸ਼ਨੀਵਾਰ ਮ੍ਰਿਤਕ ਦੇਹ ਸਮੇਤ ਦਿੱਤਾ ਜਾਵੇਗਾ ਧਰਨਾ ● ਬੇਗਮਪੁਰਾ ਟਾਈਗਰ ਫੋਰਸ ਪੀੜਤ ਪਰਿਵਾਰ ਨੂੰ ਇਨਸਾਫ਼ ਦੁਆ ਕੇ ਰਹੇਗੀ : ਆਗੂ**

**ਹੁਸ਼ਿਆਰਪੁਰ, (ਤਰਸੇਮ ਦੀਵਾਨਾ ) -** 12 ਦਿਨ ਪਹਿਲਾਂ ਭੇਦ ਭਰੀ ਹਾਲਤ ਵਿੱਚ ਮੌਤ ਦੀ ਗਰਾਹੀ ਬਣੇ ਮੁਹੱਲਾ ਟਿੱਬਾ ਸਾਹਿਬ ਵਾਸੀ ਰਾਜੇਸ਼ ਕੁਮਾਰ ਦੇ ਪਰਿਵਾਰਿਕ ਮੈਂਬਰਾਂ ਨੇ ਹੁਸ਼ਿਆਰਪੁਰ ਪੁਲਿਸ ਪ੍ਰਸ਼ਾਸਨ ਵੱਲੋਂ ਮੁਲਜ਼ਮਾਂ ਨੂੰ ਗ੍ਰਿਫਤਾਰ ਨਾ ਕਰ ਸਕਣ ਦੇ ਰੋਸ ਵੱਜੋਂ ਪੁਲਿਸ ਨੂੰ ਸ਼ੁਕਰਵਾਰ ਤੱਕ ਆਖਰੀ ਅਲਟੀਮੇਟਮ ਦਿੰਦਿਆਂ ਕਿਹਾ ਕਿ ਸ਼ਨੀਵਾਰ ਨੂੰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਮ੍ਰਿਤਕ ਦੇਹ ਸਮੇਤ ਰੋਸ ਧਰਨਾ ਦੇਣ ਦਾ ਐਲਾਨ ਕੀਤਾ ਹੈ । ਦਾਅਵਤ ਰੈਸਟੋਰੈਂਟ ਹੁਸ਼ਿਆਰਪੁਰ ਵਿੱਚ ਮ੍ਰਿਤਕ ਰਾਜੇਸ਼ ਕੁਮਾਰ ਦੇ ਪਰਿਵਾਰਿਕ ਮੈਂਬਰਾਂ ਨੇ ਕੀਤੀ ਇੱਕ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ ਪੁਲਿਸ ਦੀ ਨਾਅਹਿਲੀਅਤ ਦੇ ਖਿਲਾਫ਼ ਪਰਿਵਾਰ ਵਿੱਚ ਬਹੁਤ ਵੱਡਾ ਰੋਸ ਹੈ । ਇਸ ਪ੍ਰੈੱਸ ਕਾਨਫਰੰਸ ਵਿੱਚ ਮ੍ਰਿਤਕ ਰਾਜੇਸ਼ ਦੇ ਭਰਾ ਰਵੀ ਕੁਮਾਰ, ਮਾਂ ਉਸ਼ਾ ਰਾਣੀ ਪਤਨੀ ਸਤਨਾਮ ਸਿੰਘ ਵਾਸੀ ਮੁਹੱਲਾ ਟਿੱਬਾ ਸਾਹਿਬ ਥਾਣਾ ਮਾਡਲ ਟਾਉਨ ਜਿਲ੍ਹਾ ਹੁਸ਼ਿਆਰਪੁਰ ਅਤੇ ਹੋਰ ਪਰਿਵਾਰਿਕ ਮੈਂਬਰਾਂ ਤੋਂ ਇਲਾਵਾ ਸ੍ਰੀਮਤੀ ਬਲਵਿੰਦਰ ਕੌਰ ਕੌਂਸਲਰ, ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਬੇਗਮਪੁਰਾ ਟਾਈਗਰ ਫੋਰਸ ਦੇ ਜਿਲ੍ਹਾ ਪ੍ਰਧਾਨ ਹੈਪੀ ਫ਼ਤਹਿਗੜ੍ਹ ਤੋਂ ਇਲਾਵਾ ਭਰਾਤਰੀ ਜਥੇਬੰਦੀਆਂ ਦੇ ਨੁਮਾਇੰਦੇ ਵੀ ਹਾਜ਼ਿਰ ਸਨ । ਕੌਂਸਲਰ ਬਲਵਿੰਦਰ ਕੌਰ ਨੇ ਦੱਸਿਆ ਕਿ ਪੀੜਤ ਪਰਿਵਾਰ ਪੁਲਿਸ ਨੂੰ ਪੂਰਾ ਸਹਿਯੋਗ ਦੇ ਰਿਹਾ ਹੈ ਪਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਦੀ ਪੁਲਿਸ ਲਗਾਤਾਰ ਪਰਿਵਾਰ ਨੂੰ ਲਾਰਾ ਲੱਪਾ ਲਾ ਰਹੀ ਹੈ ਅਤੇ ਕਥਿਤ ਤੌਰ 'ਤੇ ਉਸਦੀ ਮੌਤ ਨੂੰ ਗਲਤ ਦਿਸ਼ਾ ਵੱਲ ਲਿਜਾਇਆ ਜਾ ਰਿਹਾ ਹੈ । ਉਲਟਾ ਇਸ ਭੇਦਭਰੀ ਹਾਲਤ ਵਿੱਚ ਰਾਜੇਸ਼ ਦੀ ਹੋਈ ਮੌਤ ਲਈ ਜ਼ਿੰਮੇਵਾਰ ਉਸਦੀ ਪਤਨੀ ਸਪਨਾ, ਉਸ ਦੀ ਭੂਆ ਅਤੇ ਸਪਨਾ ਨਾਲ ਇੱਕ ਨਿੱਜੀ ਹਸਪਤਾਲ ਵਿੱਚ ਕੰਮ ਕਰਦੇ ਪਰਮਜੀਤ ਨੂੰ ਗ੍ਰਿਫਤਾਰ ਕਰਨ ਦੀ ਬਜਾਏ ਰਾਜੇਸ਼ ਕੁਮਾਰ ਦੀ ਮ੍ਰਿਤਕ ਦੇਹ ਦਾ ਸੰਸਕਾਰ ਕਰਨ ਦਾ ਲਗਾਤਾਰ ਪ੍ਰੈਸ਼ਰ ਬਣਾਇਆ ਜਾ ਰਿਹਾ ਹੈ ।



**ਇਹ ਹੈ ਮਾਮਲਾ :** ਜ਼ਿਕਰ ਯੋਗ ਹੈ ਕਿ 18 ਫਰਵਰੀ ਨੂੰ ਰਾਜੇਸ਼ ਕੁਮਾਰ ਦੀ ਮ੍ਰਿਤਕ ਦੇਹ ਭੇਦ ਭਰੀ ਹਾਲਤ ਵਿੱਚ ਸਥਾਨਕ ਬਿਜਲੀ ਬੋਰਡ ਦੀ ਫੁਟਬਾਲ ਗਰਾਊਂਡ ਵਿੱਚੋਂ ਬਰਾਮਦ ਹੋਈ ਸੀ ਮ੍ਰਿਤਕ ਦੇ ਪਰਿਵਾਰਿਕ ਮੈਂਬਰਾਂ ਦਾ ਮੰਨਣਾ ਹੈ ਕਿ ਉਸ ਦੀ ਪਤਨੀ ਕਿਸੇ ਹੋਰ ਨੌਜਵਾਨ ਨਾਲ ਨਜਾਇਜ਼ ਸੰਬੰਧਾਂ ਦੇ ਚੱਲਦਿਆਂ ਉਸ ਉੱਪਰ ਤਲਾਕ ਲਈ ਦਬਾਓ ਪਾਉਂਦੀ ਸੀ ਜਿਸ ਕਾਰਣ ਉਹ ਪ੍ਰੇਸ਼ਾਨ ਚੱਲਿਆ ਆ ਰਿਹਾ ਸੀ । ਜਿਸ ਦੇ ਚੱਲਦਿਆਂ ਉਸ ਦੀ ਭੇਦ ਭਰੀ ਹਾਲਤ ਵਿੱਚ ਮੌਤ ਹੋਈ ਹੈ । ਥਾਣਾ ਮਾਡਲ ਟਾਊਨ ਪੁਲਿਸ ਵੱਲੋਂ ਮ੍ਰਿਤਕ ਰਾਜੇਸ਼ ਦੀ ਪਤਨੀ ਸਮੇਤ ਤਿੰਨ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕੀਤਾ ਹੋਇਆ ਹੈ ਪਰ ਪਰਿਵਾਰ ਮੁਲਜ਼ਮਾ ਦੀ ਗ੍ਰਿਫਤਾਰੀ ਨਾਲ ਹੋਣ ਤੱਕ ਸੰਸਕਾਰ ਨਾ ਕਰਨ ਤੇ ਅੜਿਆ ਹੋਇਆ ਹੈ । ਮ੍ਰਿਤਕ ਰਾਜੇਸ਼ ਦੀ ਮਾਂ ਉਸ਼ਾ ਰਾਣੀ ਪਤਨੀ ਸਤਨਾਮ ਸਿੰਘ ਵਾਸੀ ਮੁਹੱਲਾ ਟਿੱਬਾ ਸਾਹਿਬ ਥਾਣਾ ਮਾਡਲ ਟਾਉਨ ਜਿਲ੍ਹਾ ਹੁਸ਼ਿਆਰਪੁਰ ਨੇ ਥਾਣਾ ਮਾਡਲ ਟਾਊਨ ਦੀ ਪੁਲਿਸ ਨੂੰ ਲਿਖਵਾਏ ਬਿਆਨਾਂ ਵਿੱਚ ਦੱਸਿਆ ਕਿ ਉਸ ਦੇ ਛੋਟੇ ਲੜਕੇ ਰਾਜੇਸ਼ ਕੁਮਾਰ ਦਾ ਪ੍ਰੇਮ ਵਿਆਹ ਸਾਲ 2012 ਵਿੱਚ ਸਪਨਾ ਪੁੱਤਰੀ ਲੇਟ ਉਮ ਪ੍ਰਕਾਸ਼ ਵਾਸੀ ਮਾਨ ਸਿੰਘ ਗੇਟ ਖਰਾਸ ਵਾਲੀ ਗਲੀ ਅੰਮ੍ਰਿਤਸਰ ਨਾਲ ਹੋਇਆ ਤੇ ਉਸ ਦਾ 13 ਸਾਲ ਦਾ ਬੇਟਾ ਵੀ ਸੀ ਉਸ ਨੇ ਦੱਸਿਆ ਕਿ ਮੇਰੀ ਨੂੰਹ ਸਪਨਾ ਇੱਕ ਨਿੱਜੀ ਹਸਪਤਾਲ ਸੁਤਿਹਿਰੀ ਰੋਡ ਹੁਸ਼ਿਆਰਪੁਰ ਵਿੱਚ ਨਰਸ ਵਜੋਂ ਕੰਮ ਕਰਦੀ ਸੀ ਤੇ ਸਪਨਾ ਆਪਣੇ ਲੜਕੇ ਸਮੇਤ ਕਰੀਬ 7 ਮਹੀਨੇ ਤੋਂ ਅਲੱਗ ਰਹਿ ਰਹੀ ਸੀ ਤੇ ਕਾਫੀ ਸਮੇਂ ਤੋਂ ਮੇਰੇ ਲੜਕੇ ਰਾਜੇਸ਼ ਕੁਮਾਰ ਨੂੰ ਤਲਾਕ ਲੈਣ ਲਈ ਦਬਾਅ ਪਾਉਂਦੀ ਸੀ ਮਿਤੀ 18 ਫਰਵਰੀ ਨੂੰ ਵੀ ਤਲਾਕ ਦੇ ਪੇਪਰਾਂ 'ਤੇ ਸਾਈਨ ਕਰਨ ਲਈ ਕਹਿ ਰਹੀ ਸੀ ਜਿਸ ਕਰਕੇ ਮੇਰਾ ਲੜਕਾ ਰਾਕੇਸ਼ ਕੁਮਾਰ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ ਅਤੇ ਪਰਮਜੀਤ ਸਿੰਘ ਵਾਸੀ ਮੁਹੱਲਾ ਕੀਰਤੀ ਨਗਰ ਹੁਸ਼ਿਆਰਪੁਰ ਜੋ ਹਸਪਤਾਲ ਵਿੱਚ ਲੈਬੋਰਟਰੀ ਇੰਚਾਰਜ ਵਜੋਂ ਕੰਮ ਕਰਦਾ ਹੈ ਜਿਸ ਨਾਲ ਮੇਰੀ ਨੂੰਹ ਸਪਨਾ ਦੇ ਕਥਿਤ ਤੌਰ 'ਤੇ ਨਜਾਇਜ ਸਬੰਧ ਸਨ ਅਤੇ ਸਪਨਾ ਦੀ ਭੂਆ ਸੀਮਾ ਰਾਣੀ ਪਤਨੀ ਤਿਲਕ ਰਾਜ ਵਾਸੀ ਟੈਗੋਰ ਨਗਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਅਤੇ ਪਰਮਜੀਤ ਸਿੰਘ ਵੀ ਮੇਰੇ ਲੜਕੇ ਨੂੰ ਤਲਾਕ ਦੇਣ ਬਾਰੇ ਤੰਗ ਪ੍ਰੇਸ਼ਾਨ ਕਰਦੇ ਸੀ ਤੇ 18 ਫਰਵਰੀ ਨੂੰ ਮੇਰਾ ਲੜਕਾ ਰਾਜੇਸ਼ ਕੁਮਾਰ ਸਵੇਰੇ ਘਰ ਤੋਂ ਆਪਣੇ ਕੰਮ ਤੇ ਗਿਆ ਹੋਇਆ ਸੀ ਤੇ ਦੇਰ ਰਾਤ ਤੱਕ ਘਰ ਨਾ ਪਰਤਣ ਤੇ ਉਸ ਦੀ ਭਾਲ ਕਰਨ ਦੌਰਾਨ ਰਾਜੇਸ਼ ਕੁਮਾਰ ਦਸ਼ਮੇਸ਼ ਨਗਰ ਫੁੱਟਬਾਲ ਗਰਾਊਂਡ ਨਜਦੀਕ ਡਿੱਗਿਆ ਪਿਆ ਦੇਖਿਆ ਤਾਂ ਮੇਰਾ ਵੱਡਾ ਲੜਕਾ ਰਵੀ ਕੁਮਾਰ ਸਿਵਲ ਹਸਪਤਾਲ ਹੁਸ਼ਿਆਰਪੁਰ ਲੈ ਕੇ ਗਿਆ ਜਿੱਥੇ ਡਾਕਟਰਾਂ ਵੱਲੋਂ ਰਾਜੇਸ਼ ਕੁਮਾਰ ਨੂੰ ਮ੍ਰਿਤਕ ਕਰਾਰ ਦੇ ਦਿੱਤਾ । ਮ੍ਰਿਤਕ ਰਾਜੇਸ਼ ਦੀ ਮਾਂ ਊਸ਼ਾ ਦੇ ਬਿਆਨ ਦੇ ਆਧਾਰ 'ਤੇ ਥਾਣਾ ਮਾਡਲ ਟਾਊਨ ਪੁਲਿਸ ਨੇ ਸਪਨਾ, ਉਸਦੀ ਮਾਸੀ ਸੀਮਾ ਰਾਣੀ ਵਾਸੀ ਟੈਗੋਰ ਨਗਰ ਹੁਸ਼ਿਆਰਪੁਰ ਅਤੇ ਮੁਹੱਲਾ ਕੀਰਤੀ ਨਗਰ ਦੇ ਰਹਿਣ ਵਾਲੇ ਪਰਮਜੀਤ ਸਿੰਘ ਖਿਲਾਫ਼ ਧਾਰਾ ਮਾਮਲਾ ਦਰਜ ਕਰ ਲਿਆ ਹੈ। ਮ੍ਰਿਤਕ ਦੇ ਵਾਰਸਾਂ ਵੱਲੋਂ ਮੁਲਜ਼ਮਾਂ ਦੀ ਗ੍ਰਿਫਤਾਰੀ ਹੋਣ ਤੱਕ ਸੰਸਕਾਰ ਕਰਨ ਤੋਂ ਲਗਾਤਾਰ ਇਨਕਾਰ ਕੀਤਾ ਜਾ ਰਿਹਾ ਹੈ ।

**ਫੋਟੋ ਅਜਮੇਰ ਦੀਵਾਨਾ**

# ਮਾਏਂ ਨੀ ਮੇਰੇ ਬੱਚਿਆਂ ਦੀਏ



ਸਾਡੀ ਹੋਲੀ ਵੀ ਤੂੰ ਏਂ ,
ਤੇ ਦੀਵਾਲ਼ੀ ਵੀ ਤੂੰ ਏਂ।
ਘਰ ਤੇ ਖੇਤਾਂ ਵਿਚ ਆਈ ,
ਖ਼ੁਸ਼ਹਾਲੀ ਵੀ ਤੂੰ ਏਂ।
ਭਾਵੇਂ ਜੀਜਾ ਜੀਜਾ ਕਹਿਣ,
ਕਈ ਬਣੌਟੀ ਸਾਲ਼ੀਆਂ ;
ਸਾਡੀ ਸਾਲ਼ੀ ਵੀ ਤੂੰ ਏਂ ,
ਤੇ ਘਰਵਾਲ਼ੀ ਵੀ ਤੂੰ ਏਂ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
9914836037

# ਮੇਲਾ ਪਿੰਡ ਦਾ

ਹੁਣ ਵਰ੍ਹੇ ਛਮਾਹੀ
ਲੱਗਣਾ,ਮੇਰਾ ਪਿੰਡ ਗੇੜਾ!
ਉਤਰਿਆ ਚਿਹਰਾ ਮਾਂ ਦਾ, ਉਦਾਸ ਬਾਪੂ ਦਾ ਚਿਹਰਾ!
ਜਿੱਥੇ ਖੇਡੀਆਂ ਲੁੱਕਣ
ਮੀਚੀਆ, ਚਰਖ਼ੇ ਸੀ ਕੱਤੇ, ਗਿੱਧਾ ਪਾਇਆ,
ਨਾਲ ਸਹੇਲੀਆਂ,ਖੇਡੇਂ ਅੱਡੀ ਟੱਪੇ!
ਦਾਦੀ ਦੀਆਂ ਬਾਤਾਂ ਸੁਨਣ ਨੂੰ, ਜੁੜ ਬਹਿੰਦੀ ਢਾਣੀ,
ਮੇਰਾ ਬਾਪੂ ਰਾਜਾ ਸੀ,ਮੇਰੀ ਮਾਂ ਸੀ ਰਾਣੀ!
ਸ਼ਾਮਾਂ ਨੂੰ ਕੰਨੀ ਪੈਂਦੀ ਸੀ ਗੁਰੂਆਂ ਦੀ ਬਾਣੀ,
ਪ੍ਰਭਾਤ ਵੇਲੇ ਤੁਰ ਪੈਂਦੇ ਸੀ ਖੇਤਾਂ ਨੂੰ ਪਾਲੀ!
ਜਾਂਦੇ ਸੀ ਭੱਤੇ ਖੇਤਾਂ ਨੂੰ, ਤੰਦੂਰਾਂ ਨੇ ਭੱਖਣਾ!
ਮੰਜੇ ਜੋੜ ਕੇ ਕੋਠੇ ਤੇ ਸਪੀਕਰਾਂ ਦਾ ਵੱਜਣਾ!
ਨਾ ਬਾਬੇ ਖੁੰਢਾ ਵਾਲੇ,ਉਹ ਨਾ ਸੱਥਾ ਰਹੀਆਂ।
ਕਿੱਥੇ ਗਈਆ ਬਾਬਾ, ਉਹ ਚੰਗੀਆਂ ਰੂਹਾਂ!
ਹਾਰੇ ਦੀ ਦਾਲ ਬਣਦੀ ਸੀ, ਚਿੱਬੜਾਂ ਦੀ ਚਟਣੀ,
ਦੁੱਧ ਕਾੜਨੀ ਦੇ ਵਿੱਚ ਕੜਦਾ ਸੀ,
ਕੁੰਜੇ ਵਿੱਚ ਮਖਣੀ! ਚਿੜੀਆਂ ਚੀ ਚੀ ਕਰਦੀਆ ਸੀ,
ਸਿਖਰ ਦੁਪਹਿਰੇ, ਘੁੱਗੀਆਂ ਗੁਟਾਰਾਂ ਨਾਲ ਸੀ,ਹੁੰਦੀ ਰੌਣਕ ਵਿਹੜੇ।
ਭੱਠੀ ਤੇ ਦਾਣੇ ਭੁੰਨਦੀ ਸੀ ਗੁਰਦੇਬੋ ਤਾਈਂ,
ਕਾਨਿਆਂ ਦੀਆਂ ਕਲਮਾਂ ਹੁੰਦੀਆਂ ਸੀ, ਦਵਾਤਾ ਵਿੱਚ ਸਿਆਹੀ!
ਹੁਣ ਨਾ ਪਿੱਪਲੀ ਪੀਂਘਾਂ ਪੈਂਦੀਆਂ,ਨਾ ਹੀ ਲੱਗਣ ਤੀਆਂ,
ਸਭ ਪੜ੍ਹ ਲਿਖ ਕੇ ਪ੍ਰਦੇਸ਼ ਨੂੰ, ਤੁਰ ਗਈਆ ਧੀਆ!
ਸਤਿਯੁਗ ਵਾਲਾਂ ਵੇਲਾ ਸੀ, ਮੁੜਕੇ ਨੀ ਆਉਂਣਾ,
ਖੰਭ ਲਾ ਕੇ ਕਿੱਧਰੇ, ਉੱਡਿਆ ਭਾਲਿਆ ਨੀ ਥਿਆਉਣਾ।



**ਬਲਜੀਤ ਕੌਰ**

# ਸ਼ਾਂਤੀ ਦਾ ਮਧੂਬਨ

ਜ਼ਿੰਦਗੀ ਸਮੇਂ ਦੀ ਧੁੱਪ ਵਿੱਚ,ਦਰਦ ਦੇ ਥਲ ਵਿੱਚ,ਭਟਕਦੀ ਪਈ ਏ।

ਕੀ ਬਣ ਕੇ ਰਹਿ ਗਿਆ ਅੱਜ ਦੇ ਇਨਸਾਨ ਦਾ ਲਹੂ-ਲੁਹਾਨ ਵਜੂਦ?

ਅਣਗਿਣਤ ਜਿਸਮਾਂ ਵਿੱਚੋਂ ਨੁੱਚੜ ਰਿਹਾ ਲਹੂ,

ਜ਼ਖਮੀ ਰੂਹਾਂ ਪਈਆਂ ਕੁਰਲਾਣ ਜਿੱਥੇ,

ਸੁੰਨੀ ਗੋਦੀਆਂ ਵਿੱਚ ਨਿਕਲਦੀਆਂ ਹੋਣ ਆਹਾਂ ਜਿੱਥੇ,

ਖ਼ੰਜਰ-ਓ-ਖ਼ੂਨ ਨਾਲ ਖੇਲੀ ਜਾਂਦੀ ਹੋਵੇ ਹੋਲੀ ਜਿੱਥੇ,

ਬਸਤੀਆਂ ਖ਼ਾਕ ਹੋ ਜਾਣ,ਰਾਖ ਹੋ ਜਾਣ,ਜਿੱਥੇ,

ਕੀ ਇਸੇ ਲਈ ਵਸਾਈਆਂ ਨੇ ਇਹ ਬਸਤੀਆਂ,

ਇਨਸਾਨ ਜਾਂ ਸ਼ੈਤਾਨ ਨੇ?

ਜਿਸ ਧਰਤ ‘ਤੇ ਗੁਰੂ,ਪੀਰਾਂ ਨੇ ਸ਼ਾਂਤੀ,ਅਹਿੰਸਾ ਦੇ ਸ਼ਬਦ ਗਾਏ,

ਭਾਈਚਾਰੇ ‘ਚ ਪਿਆਰ, ਮੁਹੱਬਤ,ਕੁਰਬਾਨੀ ਦੇ ਉਪਦੇਸ਼ ਸੁਣਾਏ,

ਹੈ ਕੋਈ,ਜੋ ਇਸ ਤੋਂ ਇਨਕਾਰੀ ਹੋਵੇ?

ਫਿਰ ਅਸੀਂ ਕਿਉ,

ਆਪਸੀ ਨਫ਼ਰਤ ਦੇ ਬੀ ਬੀਜ ਕੇ,ਪਿਆਰ ਦੇ ਬੂਟੇ ਦੀ ਆਸ ਕਰੀਏ?

ਦੇਸ਼ ਵਾਸੀਓ! ਦੇਸ਼ ਦੇ ਰਹਿਬਰਾਂ ਦੇ ਕੰਨੀ ਪਾਈਏ,

ਧਰਤੀ ਦੇ ਇਸ ਹਿੱਸੇ ਨੂੰ,ਖ਼ਿੱਤੇ ਨੂੰ,ਇਹਦੀਆਂ ਬਹਾਰਾਂ ਮੋੜ ਦੇਣ,

ਵੈਤਰਨੀ ਨਦੀ * ਨਾ ਬਣਾਉਣ?

ਆਓ!ਅਮਨ ਅਤੇ ਸਦਭਾਵਨਾ ਦੇ ਰਾਹ ‘ਤੇ ਚੱਲ ਕੇ

ਮੁਹੱਬਤ ਦੇ ਚਿਰਾਗ਼ਾਂ ਨਾਲ ਇਸ ਨੂੰ ਰੁਸ਼ਨਾਈਏ।

ਇਨਸਾਨੀਅਤ ਲਈ,ਮਨੁੱਖੀ ਭਲੇ ਲਈ,

ਮਨਾਂ ਵਿਚ ਮਹੱਤਵਪੂਰਨ ਇੱਜ਼ਤ ਦੀ ਥਾਂ ਬਣਾਈਏ,

ਤਾਂ ਜੋ ਉਹ ਦਰਦ ਭਰੀਆਂ ਜ਼ਿੰਦਗੀਆਂ, ਥਲਾਂ ਵਿੱਚ ਭਟਕਦੀਆਂ ਨੇ,

ਰੋਕ ਲਈਏ,ਵਾਪਸ ਲੈ ਆਈਏ,ਸ਼ਾਂਤੀ ਦੇ ਮਧੂਬਨ ਵਿੱਚ ।



**ਸੁਰਜੀਤ ਸਿੰਘ ਭੁੱਲਰ**

# ਹੋਲੀ

ਦਿਲਾਂ ਵਿੱਚ ਜ਼ਹਿਰ ਹੋਵੇ
ਜਿੰਨੇ ਮਰਜ਼ੀ ਲਾਲ ਗੁਲਾਲ ਮਲੋ
ਜਦ ਤੱਕ ਮਨ ਦੀ ਮੈਲ ਨਹੀਂ ਉਤਰਦੀ
ਇਹ ਰੰਗ ਮੱਲਣੇ
ਸੜਕਾਂ ਤੇ ਡੋਲਣੇ ਤੇ ਡੁਲਣੇ
ਹੁਲੜ ਬਾਜ਼ੀ ਨਸ਼ੇ ਵਿੱਚ ਚੂਰ
ਪਾਣੀ ਦੀ ਦੁਰਵਰਤੋਂ
ਹੋਲੀ ਰੰਗਾਂ ਦਾ ਤਿਉਹਾਰ ਹੈ
ਰੱਬ ਦੇ ਰੰਗਾਂ ਵਿੱਚ ਰੰਗ ਹੋਣਾ
ਜਾਕੋ ਰੰਗ ਲਾਗੋ ਇਸ ਜੁਗ ਮੇ
ਸੋ ਕਹੀਅਤ ਹੈ ਸੂਰਾ
ਉਸ ਪ੍ਰਭੂ ਦੇ ਰੰਗ ਵਿੱਚ ਰੰਗ ਜਾਣਾ ਹੀ
ਹੋਲੀ ਹੈ।



**ਕੰਵਲਜੀਤ ਕੌਰ**



# ਬ੍ਰਿਸਬੇਨ ਸਤਿਗੁਰੂ ਰਵਿਦਾਸ ਜੀ ਦਾ 649ਵਾਂ ਪ੍ਰਕਾਸ਼ ਪੁਰਬ ਮਨਾਇਆ



**ਬੰਗਾ (ਚਰਨਜੀਤ ਸੱਲ੍ਹਾਂ )** ਆਸਟ੍ਰੇਲੀਆ ਦੇ ਸ਼ਹਿਰ ਬ੍ਰਿਸਬੇਨ ਵਿੱਚ ਸ਼੍ਰੀ ਗੁਰੂ ਰਵਿਦਾਸ ਸਭਾ ਬ੍ਰਿਸਬੇਨ (ਰਜਿ.) ਵੱਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 649ਵਾਂ ਪ੍ਰਕਾਸ਼ ਪੁਰਬ ਸ਼ਰਧਾ, ਭਗਤੀ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸਮਾਗਮ ਵਿੱਚ ਵੱਖ-ਵੱਖ ਰਾਜਾਂ ਤੋਂ ਆਈ ਸੰਗਤ ਦੀ ਭਰਪੂਰ ਹਾਜ਼ਰੀ ਨੇ ਪਰਵਾਸੀ ਭਾਰਤੀ ਭਾਈਚਾਰੇ ਦੀ ਏਕਤਾ ਅਤੇ ਗੁਰੂ ਪ੍ਰੇਮ ਨੂੰ ਉਜਾਗਰ ਕੀਤਾ। ਧਾਰਮਿਕ ਸਮਾਗਮ ਦੀ ਸ਼ੁਰੂਆਤ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪਾਠ ਸ੍ਰੀ ਸੁਖਮਨੀ ਸਾਹਿਬ ਨਾਲ ਹੋਈ ਅਤੇ ਭੋਗ ਪਾਏ ਗਏ। ਐਡੀਲੇਡ ਤੋਂ ਪਹੁੰਚੇ ਭਾਈ ਹਰਦਿਆਲ ਸਿੰਘ ਦੇ ਜਥੇ ਨੇ ਕੀਰਤਨ ਰਾਹੀਂ ਸੰਗਤ ਨਿਹਾਲ ਕੀਤਾ। ਸੁਖਰਾਜ ਬੰਗਾ ਅਤੇ ਡਾਇਸ਼ਾ ਸਿੰਘ ਨੇ ਵੀ ਸ਼ਬਦ ਗਾਇਨ ਕਰਕੇ ਰੂਹਾਨੀ ਰੰਗ ਬਖ਼ਸ਼ਿਆ, ਜਦਕਿ ਮਨੀਸ਼ਾ ਜੱਸਲ ਨੇ ਕਵਿਤਾ ਪੇਸ਼ ਕੀਤੀ। ਸਮਾਗਮ ਦੌਰਾਨ ਬਲਵਿੰਦਰ ਸਿੰਘ ਮੋਰੋਂ ਨੇ ਸੰਗਤ ਨੂੰ ਗੁਰਬਾਣੀ ਨਾਲ ਜੁੜੇ ਰਹਿਣ ਦੀ ਪ੍ਰੇਰਣਾ ਦਿੱਤੀ। ਬੱਚੀ ਵਿਰਾਂਸ਼ੂ ਸਿੰਘ ਨੇ ਆਧੁਨਿਕ ਯੁੱਗ ਦੇ ਵਿਸ਼ੇ 'ਏ.ਆਈ. 'ਤੇ ਵਿਚਾਰ ਸਾਂਝੇ ਕਰਕੇ ਨੌਜਵਾਨ ਪੀੜ੍ਹੀ ਦੀ ਭਾਗੀਦਾਰੀ ਦਰਸਾਈ। ਨਿਊਜ਼ੀਲੈਂਡ ਤੋਂ ਵਿਸ਼ੇਸ਼ ਤੌਰ 'ਤੇ ਪਰਿਵਾਰ ਸਮੇਤ ਪਹੁੰਚੇ ਅਮਰਜੀਤ ਬੰਗੜ ਨੇ ਮਹਾਂਪੁਰਸ਼ਾਂ ਦੀਆਂ ਜੀਵਨੀਆਂ ਸੰਬੰਧੀ ਕਿਤਾਬਾਂ ਦੀ ਪ੍ਰਦਰਸ਼ਨੀ ਲਗਾਈ। ਹੋਰ ਬੁਲਾਰਿਆਂ ਵਿੱਚ ਹਰਦੀਪ ਵਾਗਲਾ, ਕਾਇਰਾ ਕੁਮਾਰੀ, ਰਾਜਵਿੰਦਰ ਕੌਰ, ਮਨਦੀਪ ਹੀਰਾ, ਅਮਰਜੀਤ ਬੰਗੜ ਅਤੇ ਸ਼ੰਕਰ ਸੂਰਿਆਵੰਸ਼ੀ ਸ਼ਾਮਲ ਰਹੇ। ਸਭਾ ਦੇ ਪ੍ਰਧਾਨ ਹਰਦੀਪ ਵਗਲਾ, ਉਪ ਪ੍ਰਧਾਨ ਹਰਵਿੰਦਰ ਬੱਸੀ ਅਤੇ ਜਨਰਲ ਸਕੱਤਰ ਤਾਜ ਰੱਤੂ ਨੇ ਸੇਵਾਦਾਰਾਂ ਅਤੇ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਿਦੇਸ਼ਾਂ 'ਚ ਇਸ ਤਰ੍ਹਾਂ ਦੇ ਸਮਾਗਮ ਨੌਜਵਾਨ ਪੀੜ੍ਹੀ ਨੂੰ ਆਪਣੀ ਸੰਸਕ੍ਰਿਤੀ ਅਤੇ ਆਧਿਆਤਮਿਕ ਵਿਰਾਸਤ ਨਾਲ ਜੋੜਦੇ ਹਨ। ਮੰਚ ਸੰਚਾਲਨ ਨਰਿੰਦਰ ਸਿੰਘ ਨੇ ਕੀਤਾ। ਪ੍ਰਬੰਧਕਾਂ ਵੱਲੋਂ ਸੁਚੱਜੇ ਪ੍ਰਬੰਧ ਕੀਤੇ ਗਏ ਸਨ, ਜਿਸ ਲਈ ਸੰਗਤ ਨੇ ਸਭਾ ਮੈਂਬਰਾਂ ਦੀ ਪ੍ਰਸ਼ੰਸਾ ਕੀਤੀ। ਇਸ ਦੀ ਜਾਣਕਾਰੀ ਹਰਜੀਤ ਲਸਾੜਾ ਜੀ ਨੇ ਦਿੱਤੀ।

# ਬਸਪਾ ਵੱਲੋਂ 'ਪੰਜਾਬ ਸੰਭਾਲੋ ਮੁਹਿੰਮ' ਤਹਿਤ 15 ਮਾਰਚ ਨੂੰ ਦਾਣਾ ਮੰਡੀ ਬਹਿਰਾਮ ਵਿਖੇ ਹੋਵੇਗੀ ਇਤਿਹਾਸਕ ਸੱਤਾ ਪ੍ਰਾਪਤ ਕਰੋ ਰੈਲੀ



**ਬਹਿਰਾਮ (ਨਵਾਂਸ਼ਹਿਰ): (ਚਰਨਜੀਤ ਸੱਲ੍ਹਾਂ )** ਬਹੁਜਨ ਸਮਾਜ ਪਾਰਟੀ (ਬਸਪਾ) ਵੱਲੋਂ ਵਿੱਢੀ ਗਈ 'ਪੰਜਾਬ ਸੰਭਾਲੋ ਮੁਹਿੰਮ' ਅਤੇ 'ਸੱਤਾ ਪ੍ਰਾਪਤ ਕਰੋ ਰੈਲੀ ' 15 ਮਾਰਚ ਨੂੰ ਸਵੇਰੇ 11 ਵਜੇ ਦਾਣਾ ਮੰਡੀ ਬਹਿਰਾਮ ਵਿਖੇ ਇੱਕ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ। ਇਸ ਇਤਿਹ-ਾਸਕ ਇਕੱਠ ਦੀਆਂ ਤਿਆਰੀਆਂ ਦੀ ਵਿਉਂਤਬੰਦੀ ਕਰਨ ਲਈ ਬਸਪਾ ਪੰਜਾਬ ਦੇ ਪ੍ਰਧਾਨ ਅਤੇ ਕੇਂਦਰੀ ਇੰਚਾਰਜ ਚੰਡੀਗੜ੍ਹ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਵੱਲੋਂ ਅਹਿਮ ਮੀਟਿੰਗ ਕੀਤੀ ਗਈ।

ਇਸ ਮੌਕੇ ਉਨ੍ਹਾਂ ਦੇ ਨਾਲ ਜੋਨ ਇੰਚਾਰਜ ਤੇ ਵਿਧਾਇਕ ਡਾਕਟਰ ਨਛੱਤਰ ਪਾਲ ਅਤੇ ਸਟੇਟ ਜਨਰਲ ਸੈਕਟਰੀ ਪਰਵੀਨ ਬੰਗਾ ਨੇ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਤੇ ਰੈਲੀ ਦੀ ਕਾਮਯਾਬੀ ਲਈ ਰਣਨੀਤੀ ਤਿਆਰ ਕੀਤੀ ਵਰਕਰਾਂ ਦੀਆਂ ਡਿਊਟੀਆਂ ਲਗਾਈਆਂ।

ਰੈਲੀ ਦੀਆਂ ਪ੍ਰਮੁੱਖ ਤਿਆਰੀਆਂ: ਨੀਲੇ ਰੰਗ ਵਿੱਚ ਸਜੇਗੀ ਮੰਡੀ: ਦਾਣਾ ਮੰਡੀ ਬਹਿਰਾਮ ਨੂੰ ਨੀਲੇ ਝੰਡਿਆਂ ਅਤੇ ਨੀਲੇ ਪੰਡਾਲ ਨਾਲ ਇੱਕ ਦੁਲਹਨ ਦੀ ਤਰ੍ਹਾਂ ਸ਼ਿੰਗਾਰਿਆ ਜਾ ਰਿਹਾ ਹੈ।

ਪ੍ਰਚਾਰ ਤੇ ਪ੍ਰਸਾਰ: ਰੈਲੀ ਦੇ ਪੋਸਟਰ ਛਪ ਕੇ ਵੰਡੇ ਜਾ ਚੁੱਕੇ ਹਨ ਅਤੇ ਫਲੈਕਸਾਂ ਲਗਾਉਣ ਦਾ ਕੰਮ ਜ਼ੋਰਾਂ 'ਤੇ ਹੈ। ਪਿੰਡਾਂ ਵਿੱਚ ਦੀਵਾਰਾਂ ਤੇ ਵਾਲ ਰਾਈਟਿੰਗ ਰਾਹੀਂ ਪ੍ਰਚਾਰ ਸ਼ੁਰੂ ਹੋ ਚੁੱਕਾ ਹੈ। ਜਨਸੰਪਰਕ ਮੁਹਿੰਮ: ਰੈਲੀ ਦੀ ਸਫਲਤਾ ਲਈ ਪਿੰਡ-ਪਿੰਡ ਅਤੇ ਵਿਧਾਨ ਸਭਾ ਵਾਰ ਮੀਟਿੰਗਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ ਤਾਂ ਜੋ ਭਾਰੀ ਇਕੱਠ ਯਕੀਨੀ ਬਣਾਇਆ ਜਾ ਸਕੇ।ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਇਹ ਰੈਲੀ ਪੰਜਾਬ ਦੀ ਸਿਆਸਤ ਵਿੱਚ ਮੀਲ ਦਾ ਪੱਥਰ ਸਾਬਤ ਹੋਵੇਗੀ। ਉਨ੍ਹਾਂ ਸਮੂਹ ਪੰਜਾਬੀਆਂ ਨੂੰ 15 ਮਾਰਚ, ਸਵੇਰੇ 11 ਵਜੇ ਵੱਡੀ ਗਿਣਤੀ ਵਿੱਚ ਦਾਣਾ ਮੰਡੀ ਬਹਿਰਾਮ ਪਹੁੰਚਣ ਦਾ ਸੱਦਾ ਦਿੱਤਾ। ਇਸ ਮੋਕੇ ਤੇ ਕੁਲਦੀਪ ਬਹਿਰਾਮ ਦਰਸ਼ਨ ਸਿੰਘ ਬਹਿਰਾਮ ਅਮਰਜੀਤ ਤੋ ਇਲਾਵਾ ਵਰਕਰ ਹਾਜਰ ਸਨ।

# ਅਮਰੀਕਾ- ਇਜ਼ਰਾਈਲ ਦੇ ਧਾੜਵੀ ਹੱਲੇ ਖ਼ਿਲਾਫ਼ ਆਵਾਜ਼ ਉਠਾਉਣ ਦਾ ਦੇਸ਼ ਭਗਤ ਕਮੇਟੀ ਨੇ ਦਿੱਤਾ ਸੱਦਾ



**ਜਲੰਧਰ (ਸਤਨਾਮ ਸਿੰਘ ਸਹੂੰਗੜਾ)** ਦੇਸ਼ ਭਗਤ ਯਾਦਗਾਰ ਕਮੇਟੀ ਨੇ ਗ਼ਦਰ ਪਾਰਟੀ ਦੀ ਗੌਰਵਸ਼ਾਲੀ ਕੌਮਾਂਤਰੀ ਦ੍ਰਿਸ਼ਟੀ, ਮਾਨਵੀ ਕਦਰਾਂ ਕੀਮਤਾਂ ਅਤੇ ਮੁਲਕਾਂ ਦੀ ਕੌਮੀ ਪ੍ਰਭੂਸਤਾ ਦੀ ਮਾਣ ਮਰਿਆਦਾ ਬੁਲੰਦ ਰੱਖਣ ਦੀ ਵਿਰਾਸਤ ਨੂੰ ਉਚਿਆਉਂਦੇ ਹੋਏ ਦੇਸ਼ ਅਤੇ ਦੁਨੀਆਂ ਅੰਦਰ ਵਸਦੇ ਗ਼ਦਰ ਪਾਰਟੀ ਦੇ ਵਾਰਸਾਂ ਨੂੰ ਹਰ ਸੰਭਵ ਢੰਗ ਨਾਲ ਅਮਰੀਕਾ ਇਜ਼ਰਾਈਲ ਵੱਲੋਂ ਈਰਾਨ ਉਪਰ ਮਾਰੂ ਧਾਵਾ ਬੋਲਣ ਅਤੇ ਦੁਨੀਆਂ ਦੇ ਹਰ ਜਾਗਦੀ ਜ਼ਮੀਰ ਵਾਲੇ ਮੁਲਕਾਂ ਨੂੰ ਡਰਾਉਣ, ਧਮਕਾਉਣ ਅਤੇ ਉਹਨਾਂ ਦੇ ਕੌਮੀ ਕੁਦਰਤੀ ਅਨਮੋਲ ਖਜ਼ਾਨੇ ਲੁੱਟਣ ਦੀ ਹਵਸ਼ ਵਿੱਚ ਅੰਨ੍ਹੇ ਹੋ ਜਾਣ ਖ਼ਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਲਿਖਤੀ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਨੰਗੀ ਚਿੱਟੀ ਧੌਂਸ ਜਮਾਉਣ ਅਤੇ ਇਰਾਨ ਦੇ ਮਾਲ ਖ਼ਜ਼ਾਨੇ ਹਥਿਆਉਣ ਲਈ ਨਿਰੰਤਰ ਦਬਾਅ ਪਾਏ ਜਾਣ ਅੱਗੇ ਝੁਕਣ ਦੀ ਬਜਾਏ ਨਾਬਰ ਹੋ ਕੇ ਅਮਰੀਕਾ ਕੌਮਾਂਤਰੀ ਠਾਣੇਦਾਰੀ ਨੂੰ ਵੰਗਾਰਨ ਦੀ ਸਜ਼ਾ ਦਿੱਤੀ ਜਾ ਰਹੀ ਹੈ ਇਰਾਨ ਦੇ ਲੋਕਾਂ ਨੂੰ ਅਤੇ ਪੂਰੀ ਦੁਨੀਆਂ ਨੂੰ ਨਹੱਕੀ ਜੰਗ ਦੀ ਅੱਗ ਹਵਾਲੇ ਕਰਨ ਖ਼ਿਲਾਫ਼ ਦੁਨੀਆਂ ਭਰ ਦੇ ਲੋਕਾਂ ਦਾ ਸੜਕਾਂ ਤੇ ਆਉਣਾ ਇੱਕ ਫ਼ਖ਼ਰ ਯੋਗ ਵਰਤਾਰਾ ਹੈ ਜਿਸਤੇ ਕਮੇਟੀ ਨੇ ਦੁਨੀਆਂ ਭਰ ਦੇ ਜਾਗਦੀ ਜ਼ਮੀਰ ਵਾਲੇ ਲੋਕਾਂ ਨੂੰ ਡਟਣ ਦੀ ਮੁਬਾਰਕਬਾਦ ਦਿੱਤੀ ਹੈ। ਕਮੇਟੀ ਨੇ ਦੋਸ਼ ਲਾਇਆ ਹੈ ਕਿ ਮੋਦੀ ਅਮਿਤ ਸ਼ਾਹ ਭਾਜਪਾ ਹਕੂਮਤ ਧਾੜਵੀ ਅਮਰੀਕਾ ਦੇ ਹੁਕਮਾਂ ਉਪਰ ਫੁੱਲ ਚੜਾਉਂਦੇ ਹੋਏ ਇਰਾਨ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਨ ਵਾਲਿਆਂ ਉਪਰ ਵੀ ਨਜ਼ਰ ਰੱਖਣ ਦੇ ਫੁਰਮਾਨ ਜਾਰੀ ਕਰ ਰਹੀ ਹੈ ਜਿਨ੍ਹਾਂ ਨੂੰ ਨਕਾਰਦੇ ਹੋਏ ਕਮੇਟੀ ਨੇ ਸਭਨਾਂ ਲੋਕ ਪੱਖੀ ਇਨਸਾਫ਼ ਪਸੰਦ ਤਾਕਤਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਇੱਕਜੁੱਟ ਹੋ ਕੇ ਧਾੜਵੀ ਅਮਰੀਕਾ ਇਜ਼ਰਾਈਲ ਖ਼ਿਲਾਫ਼ ਲੋਕਾਂ ਨੂੰ ਮੈਦਾਨ ਵਿੱਚ ਨਿੱਤਰਨ ਦਾ ਸੱਦਾ ਦਿੱਤਾ ੈ।

# ਰੈਡ ਕਰਾਸ ਸੁਸਾਇਟੀ ਸੁਸਾਇਟੀ ਵੱਲੋਂ ਦਿਵਿਆਂਗਜਨ ਲਈ ਮੈਗਾ ਕੈਂਪ 7 ਨੂੰ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਆਸ਼ਿਕਾ ਜੈਨ ਨੇ ਦੱਸਿਆ ਕਿ ਰੈਡ ਕਰਾਸ ਸੁਸਾਇਟੀ ਵੱਲੋਂ ਦਿਵਿਆਂਗਜਨਾਂ ਦੀ ਭਲਾਈ ਲਈ ਇੱਕ ਮੈਗਾ ਕੈਂਪ ਲਗਾਇਆ ਰਿਹਾ ਹੈ। ਇਸ ਕੈਂਪ ਵਿੱਚ ਦਿਵਿਆਂਗ ਵਿਅਕਤੀਆਂ ਨੂੰ ਸਹਾਇਕ ਉਪਕਰਨ ਜਿਵੇਂ ਕਿ ਵੀਲ੍ਹ ਚੇਅਰ, ਕੰਨਾਂ ਦੀਆਂ ਮਸ਼ੀਨਾਂ, ਕੈਲੀਪਰ ਫਾਰ ਪੋਲੀਓ ਪੇਸ਼ੈਂਟ, ਬੈਸਾਖੀਆਂ, ਕੂਹਣੀ ਬੈਸਾਖੀਆਂ ਅਤੇ ਬਨਵਾਟੀ ਅੰਗ ਜਿਵੇਂ ਬਨਵਾਟੀ ਹੱਥ ਅਤੇ ਬਨਾਵਟੀ ਲੱਤਾ ਆਦਿ ਮੁਫ਼ਤ ਵੰਡੇ ਜਾਣਗੇ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਕੱਤਰ ਜ਼ਿਲ੍ਹਾ ਰੈਡ ਕਰਾਸ ਮੰਗੇਸ਼ ਸੂਦ ਨੇ ਦੱਸਿਆ ਕਿ ਜਿਹੜੇ ਦਿਵਿਆਂਗ ਵਿਅਕਤੀ ਇਸ ਕੈਂਪ ਦਾ ਲਾਭ ਲੈਣਾ ਚਾਹੁੰਦੇ ਹਨ, ਉਹ 07 ਮਾਰਚ ਤੱਕ ਆਪਣੀਆਂ ਅਰਜ਼ੀਆਂ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਦਫ਼ਤਰ ਵਿਖੇ ਦਿਨ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਨਿੱਜੀ ਤੌਰ 'ਤੇ ਹਾਜ਼ਰ ਹੋ ਕੇ ਜਮ੍ਹਾਂ ਕਰਵਾ ਸਕਦੇ ਹਨ ਜਾਂ ਮੋਬਾਇਲ ਨੰਬਰ 81462-41296 'ਤੇ ਫੋਨ ਕਰਕੇ ਆਪਣਾ ਨਾਮ ਦਰਜ ਕਰਵਾ ਸਕਦੇ ਹਨ। ਇਸ ਕੈਂਪ ਵਿੱਚ ਸ਼ਾਮਲ ਹੋਏ ਦਿਵਿਆਂਗਾਂ ਨੂੰ 30 ਦਿਨਾਂ ਦੇ ਅੰਦਰ-ਅੰਦਰ ਸਹਾਇਕ ਉਪਕਰਣ ਮੁਹੱਈਆ ਕਰਵਾਏ ਜਾਣਗੇ। ਉਨ੍ਹਾਂ ਸਮੂਹ ਦਿਵਿਆਂਗਜਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਸੁਨਹਿਰੀ ਮੌਕੇ ਦਾ ਲਾਭ ਉਠਾਉਣ ਅਤੇ ਆਪਣੀ ਜ਼ਰੂਰਤ ਅਨੁਸਾਰ ਸਹਾਇਕ ਉਪਕਰਣ ਲੈਣ ਲਈ ਨਿਰਧਾਰਤ ਮਿਤੀ ਤੱਕ ਆਪਣੀ ਰਜਿਸਟ੍ਰੇਸ਼ਨ ਰੈੱਡ ਕਰਾਸ ਦਫਤਰ, ਹੁਸ਼ਿਆਰਪੁਰ ਵਿਖੇ ਕਰਵਾਉਣ।

# ਸਿਵਲ ਸਰਜਨ ਡਾ. ਮਨਦੀਪ ਕਮਲ ਵੱਲੋਂ ਜ਼ਿਲ੍ਹੇ ਅੰਦਰ ਚੱਲ ਰਹੇ ਸਿਹਤ ਪ੍ਰੋਗਰਾਮਾਂ ਦੀ ਸਮੀਖਿਆ ਲਈ ਵਿਸ਼ੇਸ਼ ਮੀਟਿੰਗ ਆਯੋਜਿਤ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਿਵਲ ਸਰਜਨ ਹੁਸ਼ਿਆਰਪੁਰ ਡਾ. ਮਨਦੀਪ ਕਮਲ ਦੀ ਯੋਗ ਪ੍ਰਧਾਨਗੀ ਹੇਠ ਅੱਜ ਦਫਤਰ ਸਿਵਲ ਸਰਜਨ ਵਿਖੇ ਜ਼ਿਲ੍ਹਾ ਪ੍ਰੋਗਰਾਮ ਅਫਸਰਾਂ ਅਤੇ ਸਮੂਹ ਸੀਨੀਅਰ ਮੈਡੀਕਲ ਅਫਸਰਾਂ ਨਾਲ ਸਿਹਤ ਪ੍ਰੋਗਰਾਮਾਂ ਸੰਬੰਧੀ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਦੌਰਾਨ ਜ਼ਿਲ੍ਹੇ ਅੰਦਰ ਚੱਲ ਰਹੇ ਸਮੂਹ ਸਿਹਤ ਪ੍ਰੋਗਰਾਮਾਂ ਦੀ ਵਿਸਥਾਰਪੂਰਵਕ ਸਮੀਖਿਆ ਕੀਤੀ ਗਈ ਅਤੇ ਸਿਹਤ ਸੇਵਾਵਾਂ ਨੂੰ ਹੋਰ ਬਿਹਤਰ ਬਣਾਉਣ ਲਈ ਵਿਚਾਰ-ਵਟਾਂਦਰਾ ਕਰਕੇ ਜਰੂਰੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ। ਸਿਵਲ ਸਰਜਨ ਡਾ. ਮਨਦੀਪ ਕਮਲ ਨੇ ਸਮੂਹ ਸੀਨੀਅਰ ਮੈਡੀਕਲ ਅਫਸਰਾਂ ਤੋਂ ਉਹਨਾਂ ਦੇ ਬਲਾਕਾਂ ਵਿਚ ਅਲੱਗ-ਅਲੱਗ ਸਪੈਸ਼ਲਿਸਟ ਡਾਕਟਰਾਂ, ਮੈਡੀਕਲ ਅਫਸਰਾਂ ਦੀ ਉਪਲਬੱਧਤਾ, ਬਲੱਡ ਯੂਨਿਟਾਂ ਦੀ ਕਾਰਗੁਜ਼ਾਰੀ, ਐਬੂਲੈਂਸ ਸੇਵਾਵਾਂ, ਐਮਰਜੈਂਸੀ ਸੇਵਾਵਾਂ, ਮੋਬਾਈਲ ਮੈਡੀਕਲ ਯੂਨਿਟ ਅਤੇ 108 ਐਬੂਲੈਂਸ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਦਾ ਵਿਸਥਾਰ ਨਾਲ ਜਾਇਜ਼ਾ ਲਿਆ। ਉਨ੍ਹਾਂ ਨੇ ਕਿਹਾ ਕਿ ਆਮ ਲੋਕਾਂ ਤੱਕ ਸਮੇਂ ਸਿਰ ਅਤੇ ਗੁਣਵੱਤਾਪੂਰਨ ਸਿਹਤ ਸੇਵਾਵਾਂ ਪਹੁੰਚਾਉਣ ਲਈ ਸਾਰੇ ਸਿਸਟਮ ਨੂੰ ਹੋਰ ਸੁਚਾਰੂ ਬਣਾਇਆ ਜਾਵੇ ਅਤੇ ਕਿਸੇ ਵੀ ਤਰ੍ਹਾਂ ਦੀ ਕਮੀ ਨੂੰ ਤੁਰੰਤ ਦੂਰ ਕੀਤਾ ਜਾਵੇ। ਮੀਟਿੰਗ ਦੌਰਾਨ ਓਪੀਡੀ ਖੇਤਰ ਵਿੱਚ ਮਰੀਜ਼ਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦਿਆਂ ਹਰ ਸਿਹਤ ਸੰਸਥਾ ਵਿੱਚ ਪੀਣ ਵਾਲੇ ਪਾਣੀ ਦਾ ਉਚਿਤ ਪ੍ਰਬੰਧ, ਸੈੱਡਾਂ ਦੀ ਉਪਲਬੱਧਤਾ, ਸਾਫ਼-ਸੁਥਰੇ ਬਾਥਰੂਮ ਅਤੇ ਬੈਠਣ ਲਈ ਸੁਵਿਧਾਜਨਕ ਇੰਤਜਾਮ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ। ਇਸਦੇ ਨਾਲ ਹੀ ਮੁੱਖ ਮੰਤਰੀ ਸਿਹਤ ਯੋਜਨਾ ਸੰਬੰਧੀ ਜਾਗਰੂਕਤਾ ਬੈਨਰ ਅਤੇ ਜਾਣਕਾਰੀ ਬੋਰਡ ਹਰ ਸਿਹਤ ਸੰਸਥਾ ਵਿੱਚ ਪ੍ਰਮੁੱਖ ਥਾਵਾਂ ’ਤੇ ਲਗਾਉਣ ਲਈ ਕਿਹਾ ਗਿਆ ਤਾਂ ਜੋ ਵੱਧ ਤੋਂ ਵੱਧ ਲੋਕ ਯੋਜਨਾ ਦਾ ਲਾਭ ਲੈ ਸਕਣ। ਮੀਟਿੰਗ ਦੌਰਾਨ ਗਰਭਵਤੀ ਔਰਤਾਂ ਦੀ ਪਹਿਲੀ ਤਿਮਾਹੀ ਵਿੱਚ ਰਜਿਸਟ੍ਰੇਸ਼ਨ, ਚਾਰ ਏਐਨਸੀ ਚੈਕਅਪ, ਸੰਪੂਰਨ ਟੀਕਾਕਰਨ ਅਤੇ ਹਾਈ ਰਿਸਕ ਗਰਭਵਤੀਆਂ ਦੀ ਪਛਾਣ ਕਰਕੇ ਸਮੇਂ ਸਿਰ ਉਚਿਤ ਸਿਹਤ ਸੇਵਾਵਾਂ ਪ੍ਰਦਾਨ ਕਰਨ ਉੱਤੇ ਵੀ ਜ਼ੋਰ ਦਿੱਤਾ ਗਿਆ। ਇਸਦੇ ਨਾਲ ਹੀ ਆਸ਼ਾ ਅਤੇ ਏਐਨਐਮ ਰਾਹੀਂ ਨਿਰੰਤਰ ਫਾਲੋਅੱਪ ਕਰਕੇ ਮੈਟਰਨਲ ਡੈਥ ਦੀ ਰੋਕਥਾਮ ਯਕੀਨੀ ਬਣਾਉਣ ਲਈ ਕਿਹਾ ਗਿਆ। ਸਿਵਲ ਸਰਜਨ ਡਾ. ਮਨਦੀਪ ਕਮਲ ਨੇ ਸਮੂਹ ਸੀਨੀਅਰ ਮੈਡੀਕਲ ਅਫਸਰਾਂ ਨੂੰ ਬਲਾਕ ਪੱਧਰ ’ਤੇ ਹਰ ਮਹੀਨੇ ਆਸ਼ਾ, ਏਐਨਐਮ, ਐਲਐਚਵੀ ਅਤੇ ਸੀਐਚਓ ਨਾਲ ਮੀਟਿੰਗ ਕਰਕੇ ਸਿਹਤ ਪ੍ਰੋਗਰਾਮਾਂ ਦੀ ਸਮੀਖਿਆ ਕਰਨ ਅਤੇ ਮੈਦਾਨੀ ਪੱਧਰ ’ਤੇ ਆ ਰਹੀਆਂ ਸਮੱਸਿਆਵਾਂ ਦਾ ਤੁਰੰਤ ਹੱਲ ਕਰਨ ਦੇ ਨਿਰਦੇਸ਼ ਦਿੱਤੇ।

# ਭਾਰਤੀ ਕਮਿਊਨਿਸਟ ਪਾਰਟੀ (ਮਾਲੇ) ਨੇ ਫੂਕੇ ਟਰੰਪ ਤੇ ਨੇਤਨਯਾਹੂ ਦੇ ਪੁਤਲੇ

### ਅਮਰੀਕਾ-ਇਜ਼ਰਾਇਲ ਦੁਆਰਾ ਇਰਾਨ ਉੱਪਰ ਹਮਲੇ ਵਿਰੁੱਧ ਨਵਾਂਸ਼ਹਿਰ ਵਿੱਚ ਕੀਤਾ ਮੁਜ਼ਾਹਰਾ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਨੇ ਅਮਰੀਕਾ-ਇਜ਼ਰਾਇਲ ਵਲੋਂ ਸਾਂਝੇ ਤੌਰ ’ਤੇ ਇਰਾਨ ਉੱਪਰ ਕੀਤੇ ਹਮਲੇ ਦੇ ਵਿਰੋਧ ਵਿਚ ਰੋਸ ਪ੍ਰਦਰਸ਼ਨ ਕਰਕੇ ਸਥਾਨਕ ਚੰਡੀਗੜ ਚੌਂਕ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਦੇ ਪੁਤਲੇ ਫੂਕੇ।ਇਸਤੋਂ ਪਹਿਲਾਂ ਬਾਰਾਦਰੀ ਬਾਗ਼ ਵਿਚ ਹੋਏ ਇਕੱਠ ਨੂੰ ਸੰਬੋਧਨ ਕਰਦਿਆਂ ਪਾਰਟੀ ਆਗੂਆਂ ਕੁਲਵਿੰਦਰ ਸਿੰਘ ਵੜੈਚ ਅਤੇ ਦਲਜੀਤ ਸਿੰਘ ਐਡਵਕੇਟ ਨੇ ਕਿਹਾ ਕਿ ਇਹ ਸਾਂਝਾ ਹਮਲਾ ਇਰਾਨ ਤੋਂ ਸੰਭਾਵਤ ਖਤਰੇ ਨੂੰ ਬਹਾਨਾ ਬਣਾ ਕੇ ਕੀਤਾ ਗਿਆ ਹੈ। ਅਮਰੀਕਾ ਵਲੋਂ ਇਸ ਹਮਲੇ ’ਚ ਇਰਾਨ ਦਾ ਸੁਪਰੀਮ ਲੀਡਰ ਆਇਤ ਉਲ ਅਲੀ ਖੁਮੇਨੇਈ, ਰੱਖਿਆ ਮੰਤਰੀ, ਰੈਵੋਲੂਸ਼ਨਰੀ ਗਾਰਡ, ਕਮਾਂਡਰ ਅਤੇ ਸੈਂਕੜੇ ਲੋਕ ਮਾਰੇ ਗਏ ਹਨ ।ਅਮਰੀਕਾ ਇਹ ਸਾਰੀ ਗੁੰਡਾਗਰਦੀ ਇਰਾਨ ਦੇ ਤੇਲ ਭੰਡਾਰਾਂ ਅਤੇ ਰੂਟਾਂ ਉੱਪਰ ਕਬਜਾ ਕਰਨ ਲਈ ਕਰ ਰਿਹਾ ਹੈ। ਅਮਰੀਕਾ ਸੰਸਾਰ ਚੌਧਰ ਮੁੜ ਸਥਾਪਿਤ ਕਰਨ ਲਈ ਵੱਖਰੇ-ਵੱਖਰੇ ਦੇਸ਼ਾਂ ਨੂੰ ਡਰਾਉਣ ਧਮਕਾਉਣ, ਰਾਜ ਪਲਟੇ ਕਰਵਾਉਣ ਅਤੇ ਲੋਕਾਂ ਵੱਲੋਂ ਚੁਣੇ ਗਏ ਮੁਖੀਆਂ ਨੂੰ ਮਾਰਨ ਜਾਂ ਗ੍ਰਿਫਤਾਰ ਕਰਨ ਦੀ ਮੁਹਿੰਮ ਵਿੱਚ ਜੁਟਿਆ ਹੋਇਆ ਹੈ। ਪਿਛਲੇ ਸਮੇਂ ਵਿੱਚ ਟਰੰਪ ਵੱਲੋਂ ਵੈਨੇਜ਼ੁਵੇਲਾ ਦੇ ਰਾਸ਼ਟਰਪਤੀ ਮਾਦੁਰੋ ਨੂੰ ਪਤਨੀ ਸਮੇਤ ਹੱਥਕੜੀਆਂ ਵਿੱਚ ਜਕੜ ਕੇ ਅਮਰੀਕਾ ਲਿਜਾਇਆ ਗਿਆ ਅਤੇ ਆਪਣੇ ਆਪ ਨੂੰ ਵੈਨਜ਼ੁਵੇਲਾ ਦਾ ਕਾਰਜਕਾਰੀ ਰਾਸ਼ਟਰਪਤੀ ਹੋਣ ਦਾ ਐਲਾਨ ਕਰਕੇ ਉਥੋਂ ਦੇ ਤੇਲ ਭੰਡਾਰ ਵੇਚਣ ਦਾ ਅਧਿਕਾਰ ਆਪਣੇ ਹੱਥ ਵਿੱਚ ਲੈਣ ਦਾ ਐਲਾਨ ਕਰ ਦਿੱਤਾ। ਇਸ ਤੋਂ ਪਹਿਲਾਂ ਵੀ ਇਰਾਕ ਵਿੱਚ ਜਨਤਕ ਤਬਾਹੀ ਦੇ ਹਥਿਆਰ ਜਮ੍ਹਾਂ ਕਰਨ ਦਾ ਇਲਜ਼ਾਮ ਲਾ ਕੇ ਇਰਾਕ ਉੱਪਰ ਹਮਲਾ ਕੀਤਾ ਗਿਆ ਅਤੇ ਇਰਾਕ ਦੇ ਰਾਸ਼ਟਰਪਤੀ ਸੱਦਾਮ ਹੁਸੈਨ ਨੂੰ ਫਾਂਸੀ ਲਾਇਆ ਗਿਆ। ਲਿਬੀਆ ਵਿੱਚ ਰਾਜ ਪਲਟਾ ਕਰਵਾ ਕੇ ਕਰਨਲ ਗੱਦਾਫੀ ਨੂੰ ਮਾਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਇੱਕ ਪਾਸੇ ਅਮਰੀਕਾ, ਇਰਾਨ ਨਾਲ ਪ੍ਰਮਾਣੂ ਪ੍ਰੋਗਰਾਮ ਸਬੰਧੀ ਗੱਲਬਾਤ ਕਰ ਰਿਹਾ ਸੀ ਅਤੇ ਦੂਜੇ ਪਾਸੇ ਬਿਨਾਂ ਭੜਕਾਹਟ ਤੋਂ ਇਰਾਨ ਉੱਪਰ ਹਮਲਾ ਕਰਕੇ ਸੰਸਾਰ ਅਮਨ ਲਈ ਖਤਰਾ ਪੈਦਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਦੋਸ਼ ਮੜ੍ਹ ਰਿਹਾ ਕਿ ਇਰਾਨ ਅਜਿਹੀਆਂ ਮਿਜ਼ਾਇਲ ਪ੍ਰਣਾਲੀਆਂ ਅਤੇ ਪ੍ਰਮਾਣੂ ਹਥਿਆਰ ਵਿਕਸਤ ਕਰ ਰਿਹਾ ਸੀ, ਜਿਨ੍ਹਾਂ ਦੀ ਪਹੁੰਚ ਅਮਰੀਕਾ ਤੱਕ ਹੋ ਸਕਦੀ ਸੀ। ਇਸਨੂੰ ਖਤਰਾ ਦਰਸਾ ਕੇ ਇਹ ਹਮਲਾ ਕੀਤਾ ਗਿਆ ਹੈ। ਅਸਲ ਵਿੱਚ ਪੱਛਮੀ ਏਸ਼ੀਆ ਵਿੱਚ ਆਪਣੀ ਚੌਧਰ ਸਥਾਪਤ ਕਰਨ ਅਤੇ ਆਪਣੇ ਸਾਮਰਾਜੀ ਪ੍ਰਬੰਧ ਦੇ ਸੰਕਟ ਨੂੰ ਹੱਲ ਕਰਨ ਲਈ ਅਜਿਹੇ ਹਮਲੇ ਆਪਣੇ ਪੱਖੀ ਸਰਕਾਰਾਂ ਬਣਾਉਣ ਖ਼ਾਤਰ ਕਰ ਰਿਹਾ ਹੈ। ਉਹਨਾਂ ਨੇ ਲੋਕਾਂ ਨੂੰ ਅਮਰੀਕਾ ਦੇ ਚੌਧਰ ਸਥਾਪਤੀ ਲਈ ਕੀਤੇ ਇਹਨਾਂ ਹਮਲਿਆਂ ਦਾ ਜ਼ੋਰਦਾਰ ਵਿਰੋਧ ਕਰਨ ਦਾ ਸੱਦਾ ਦਿੱਤਾ ਹੈ। ਉਹਨਾਂ ਨੇ ਭਾਰਤ ਸਰਕਾਰ ਤੋਂ ਅਰਬ ਦੇਸ਼ਾਂ ਵਿੱਚ ਫ਼ਸੇ ਭਾਰਤੀਆਂ ਨੂੰ ਸੁਰੱਖਿਅਤ ਵਾਪਸ ਬੁਲਾਉਣ ਦਾ ਪ੍ਰਬੰਧ ਕਰਨ ਦੀ ਮੰਗ ਕੀਤੀ ਹੈ।ਇਸ ਮੌਕੇ ਸਜ਼ਾਦ ਅਤੇ ਸ਼ਾਹਿਦ ਆਗੂਆਂ ਨੇ ਵੀ ਸੰਬੋਧਨ ਕੀਤਾ।ਇਸ ਮੁਜ਼ਾਹਰੇ ਵਿਚ ਮੁਸਲਿਮ ਸੰਗਠਨ ਪੰਜਾਬ ਨੇ ਵੀ ਸ਼ਮੂਲੀਅਤ ਕੀਤੀ।

# ਸਰਵੀਕਲ ਕੈਂਸਰ ਦੀ ਬਿਮਾਰੀ ਤੋਂ ਬਚਾਅ ਲਈ ਐੱਚ.ਪੀ.ਵੀ. ਟੀਕਾਕਰਨ ਪ੍ਰਭਾਵਸ਼ਾਲੀ ਸਾਬਤ : ਸਿਵਲ ਸਰਜਨ ਡਾ ਗੁਰਿੰਦਰਜੀਤ ਸਿੰਘ

**ਨਵਾਂਸ਼ਹਿਰ, (ਮਨੋਰੰਜਨ ਕਾਲੀਆ)** ਪੰਜਾਬ ਸਰਕਾਰ ਨੇ ਸੂਬੇ ਵਿੱਚ ਧੀਆਂ ਦੀ ਸਿਹਤ ਸੁਰੱਖਿਆ ਵੱਲ ਕਦਮ ਚੁੱਕਦਿਆਂ ਸਰਵੀਕਲ ਕੈਂਸਰ ਖ਼ਿਲਾਫ਼ ਐੱਚ.ਪੀ.ਵੀ. ਟੀਕਾਕਰਨ ਮੁਹਿੰਮ ਸ਼ੁਰੂ ਕੀਤੀ ਹੈ।

ਇਸ ਟੀਕਾਕਰਨ ਮੁਹਿੰਮ ਦਾ ਮੁੱਖ ਉਦੇਸ਼ ਲੜਕੀਆਂ ਨੂੰ ਸਰਵਾਈਕਲ ਕੈਂਸਰ, ਜਿਸਨੂੰ ‘ਬੱਚੇਦਾਨੀ ਦੇ ਮੂੰਹ’ ਦਾ ਕੈਂਸਰ ਵੀ ਕਿਹਾ ਜਾਂਦਾ ਹੈ, ਤੋਂ ਬਚਾਉਣਾ ਹੈ। ਇਹ ਵੈਕਸੀਨ 14 ਸਾਲ ਦੀਆਂ ਉਨ੍ਹਾਂ ਲੜਕੀਆਂ ਨੂੰ ਦਿੱਤੀ ਜਾਵੇਗੀ, ਜਿਨ੍ਹਾਂ ਦਾ 14ਵਾਂ ਜਨਮ ਦਿਨ ਲੰਘ ਚੁੱਕਾ ਹੈ ਅਤੇ 15ਵਾਂ ਆਉਣਾ ਹੈ। ਇਸ ਮੁਹਿੰਮ ਤਹਿਤ ਜ਼ਿਲ੍ਹੇ ਵਿੱਚ ਜ਼ਿਲ੍ਹਾ ਹਸਪਤਾਲ ਨਵਾਂਸ਼ਹਿਰ, ਸਬ ਡਵੀਜ਼ਨ ਹਸਪਤਾਲ ਬਲਾਚੌਰ, ਸੀ.ਐੱਚ.ਸੀ. ਮੁਕੰਦਪੁਰ, ਸੀ.ਐੱਚ.ਸੀ. ਸੜੋਆ, ਸੀ.ਐੱਚ.ਸੀ. ਬੰਗਾ, ਸੀ.ਐੱਚ.ਸੀ. ਰਾਹੋਂ, ਪੀ.ਐੱਚ.ਸੀ. ਮੁਜ਼ੱਫਰਪੁਰ, ਪੀ.ਐੱਚ.ਸੀ. ਸੁੱਜੋਂ ਆਦਿ ਵਿੱਚ ਸਥਾਪਤ ਕੀਤੇ ਟੀਕਾਕਰਨ ਸੈਂਟਰਾਂ ਵਿੱਚ ਟੀਕਾਕਰਨ ਕੀਤਾ ਜਾਵੇਗਾ। ਇਸੇ ਕੜੀ ਤਹਿਤ ਬੱਚੀਆਂ ਨੂੰ ਇਸ ਘਾਤਕ ਬਿਮਾਰੀ ਤੋਂ ਬਚਾਉਣ ਲਈ ਵਿਆਪਕ ਜਾਗਰੂਕਤਾ ਅਤੇ ਟੀਕਾਕਰਨ ਪ੍ਰਕਿਰਿਆ ਦੇ ਸਬੰਧ ਵਿੱਚ ਅੱਜ ਇੱਥੇ ਸਿਵਲ ਸਰਜਨ ਦਫ਼ਤਰ, ਸ਼ਹੀਦ ਭਗਤ ਸਿੰਘ ਨਗਰ ਵਿਖੇ ਜ਼ਿਲ੍ਹਾ ਪੱਧਰੀ ਮੀਟਿੰਗ ਆਯੋਜਿਤ ਕੀਤੀ ਗਈ।

ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਹਰਪਿੰਦਰ ਸਿੰਘ ਦੀ ਦੇਖ-ਰੇਖ ਹੇਠ ਆਯੋਜਿਤ ਇਸ ਮੀਟਿੰਗ ਦੌਰਾਨ ਵਿਸਤ੍ਰਿਤ ਕਾਰਵਾਈ ਯੋਜਨਾ 'ਤੇ ਚਰਚਾ ਕੀਤੀ ਗਈ। ਇਸ ਮੌਕੇ ਉਨ੍ਹਾਂ ਵੈਕਸੀਨੇਸ਼ਨ ਦੀ ਉਮਰ-ਯੋਗਤਾ, ਖੁਰਾਕਾਂ, ਸਟੋਰੇਜ, ਕੋਲਡਚੇਨ ਅਤੇ ਰਿਪੋਰਟਿੰਗ ਪ੍ਰਣਾਲੀ ਬਾਰੇ ਵਿਸਥਾਰਪੂਰਕ ਜਾਣਕਾਰੀ ਦਿੱਤੀ। ਇਸ ਮੌਕੇ ਸਿਵਲ ਸਰਜਨ ਡਾ ਗੁਰਿੰਦਰਜੀਤ ਸਿੰਘ ਨੇ ਹਦਾਇਤ ਕਰਦੇ ਹੋਏ ਦੱਸਿਆ ਕਿ ਜ਼ਿਲ੍ਹੇ ਭਰ ਵਿੱਚ ਚਲਾਈ ਜਾਣ ਵਾਲੀ ਇਸ ਮੁਹਿੰਮ ਦੌਰਾਨ ਸਿਹਤ ਵਿਭਾਗ ਦੇ ਕਰਮਚਾਰੀ ਸੁਰੱਖਿਆ ਮਾਪਦੰਡਾਂ ਦੀ ਪਾਲਣਾ ਕਰਦਿਆਂ ਟੀਕਾਕਰਨ ਯਕੀਨੀ ਬਣਾਉਣਗੇ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਦਾ ਮੁੱਖ ਟੀਚਾ ਸੂਬੇ ਨੂੰ ਭਵਿੱਖ ਵਿੱਚ ਸਰਵੀਕਲ ਕੈਂਸਰ ਮੁਕਤ ਰਾਜ ਬਣਾਉਣਾ ਹੈ। ਡਾ ਗੁਰਿੰਦਰਜੀਤ ਸਿੰਘ ਨੇ ਦੱਸਿਆ ਕਿ ਮਹਿਲਾਵਾਂ ਵਿੱਚ ਬੱਚੇਦਾਨੀ ਦੇ ਹੇਠਲੇ ਹਿੱਸੇ ਵਿੱਚ ਪਾਏ ਜਾਂਦੇ ਇਸ ਗੰਭੀਰ ਕੈਂਸਰ ਦਾ ਮੁੱਖ ਕਾਰਨ ਹਿਊਮਨ ਪੈਪੀਲੋਮਾ ਵਾਇਰਸ (ਐੱਚ ਪੀ ਵੀ) ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਸਮੇਂ ਸਿਰ ਕੀਤਾ ਗਿਆ ਟੀਕਾਕਰਨ ਇਸ ਬਿਮਾਰੀ ਤੋਂ ਬਚਾਅ ਵਿੱਚ ਪ੍ਰਭਾਵਸ਼ਾਲੀ ਸਾਬਤ ਹੁੰਦਾ ਹੈ।



ਸਿਵਲ ਸਰਜਨ ਨੇ ਬੱਚੀਆਂ ਨੂੰ ਇਸ ਜਾਨਲੇਵਾ ਰੋਗ ਤੋਂ ਸੁਰੱਖਿਅਤ ਰੱਖਣ ਲਈ ਮਾਪਿਆਂ ਨੂੰ ਆਪਣੀਆਂ ਧੀਆਂ ਦਾ ਐੱਚ ਪੀ ਵੀ ਟੀਕਾਕਰਨ ਕਰਵਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਇਹ ਟੀਕਾਕਰਨ ਪ੍ਰਾਈਵੇਟ ਹਸਪਤਾਲਾਂ ਵਿੱਚ ਬਹੁਤ ਮਹਿੰਗੀ ਕੀਮਤ ਵਿਚ ਉਪਲੱਬਧ ਹੈ, ਜਦੋਂਕਿ ਸਰਕਾਰੀ ਹਸਪਤਾਲਾਂ ਵਿੱਚ ਬਿਲਕੁੱਲ ਮੁਫ਼ਤ ਲੱਗੇਗਾ। ਇਸ ਮੌਕੇ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ ਹਰਪਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਵੈਕਸੀਨ 14 ਸਾਲ ਦੀਆਂ ਉਨ੍ਹਾਂ ਲੜਕੀਆਂ ਨੂੰ ਦਿੱਤੀ ਜਾਵੇਗੀ, ਜਿਨ੍ਹਾਂ ਦਾ 14ਵਾਂ ਜਨਮ ਦਿਨ ਲੰਘ ਚੁੱਕਾ ਹੈ ਪਰ 15ਵਾਂ ਅਜੇ ਨਹੀਂ ਆਇਆ। ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਹਰਪਿੰਦਰ ਸਿੰਘ ਨੇ ਸੰਬੋਧਨ ਕਰਦੇ ਹੋਏ ਦੱਸਿਆ ਕਿ ਸਰਵੀਕਲ ਕੈਂਸਰ ਐੱਚ.ਪੀ.ਵੀ. ਵਾਇਰਸ ਕਾਰਨ ਹੁੰਦਾ ਹੈ ਅਤੇ ਸਮੇਂ ਸਿਰ ਵੈਕਸੀਨੇਸ਼ਨ ਕਰਵਾ ਕੇ ਇਸ ਤੋਂ ਕਾਫੀ ਹੱਦ ਤੱਕ ਬਚਾਅ ਕੀਤਾ ਜਾ ਸਕਦਾ ਹੈ। ਐੱਚ.ਪੀ.ਵੀ. ਵੈਕਸੀਨ ਸਰਵਾਈਕਲ ਕੈਂਸਰ ਤੋਂ ਬਚਾਅ ਦਾ ਇੱਕ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਢੰਗ ਹੈ। ਉਨ੍ਹਾਂ ਦੱਸਿਆ ਕਿ ਵਿਸ਼ਵ ਸਿਹਤ ਸੰਗਠਨ (ਡਬਲਿਊ.ਐਚ.ਓ.) ਅਨੁਸਾਰ ਸਰਵਾਈਕਲ ਕੈਂਸਰ ਔਰਤਾਂ ਵਿੱਚ ਹੋਣ ਵਾਲਾ ਚੌਥਾ ਸਭ ਤੋਂ ਆਮ ਕੈਂਸਰ ਹੈ, ਜਦਕਿ ਭਾਰਤ ਵਿੱਚ ਇਹ ਦੂਜਾ ਸਭ ਤੋਂ ਆਮ ਕੈਂਸਰ ਹੈ। ਭਾਵੇਂ ਕਿ ਇਹ ਕੈਂਸਰ ਟੀਕਾਕਰਣ ਰਾਹੀਂ ਰੋਕਿਆ ਜਾ ਸਕਦਾ ਹੈ, ਪਰ ਫਿਰ ਵੀ ਇਹ ਭਾਰਤ ਵਿੱਚ ਔਰਤਾਂ ਦੀ ਮੌਤ ਦਾ ਇੱਕ ਵੱਡਾ ਕਾਰਨ ਬਣਿਆ ਹੋਇਆ ਹੈ। ਉਨ੍ਹਾਂ ਇਹ ਦੱਸਿਆ ਕਿ ਟੀਕਾਕਰਨ ਤੋਂ ਪਹਿਲਾਂ ‘ਯੂ-ਵਿਨ’ ਪੋਰਟਲ ’ਤੇ ਰਜਿਸਟ੍ਰੇਸ਼ਨ ਕਰਵਾਉਣੀ ਲਾਜ਼ਮੀ ਹੈ।ਅੰਤ ਵਿੱਚ ਜ਼ਿਲ੍ਹਾ ਟੀਕਾਕਰਨ ਅਫਸਰ ਨੇ ਜ਼ਿਲ੍ਹੇ ਵਿੱਚ ਐੱਚ.ਪੀ.ਵੀ. ਵੈਕਸੀਨੇਸ਼ਨ ਪ੍ਰੋਗਰਾਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਸਮੂਹ ਸਿਹਤ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਪੂਰੀ ਨਿਸ਼ਠਾ ਅਤੇ ਜ਼ਿੰਮੇਵਾਰੀ ਨਾਲ ਕੰਮ ਕਰਨ ਦੀ ਅਪੀਲ ਕੀਤੀ।


ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
HOMOEOPATHIC HEALTH CLINIC (DERBY) REGD.
FREE CONSULTATION
GENERAL DISEASES: (Diabetes), (Asthma), (Arthritis), (Rheumatism), (Heart Burning), (Sciatica), (Indigestion), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).
MANJEET SINGH KHANBA
Award Winner 1999, 2001 & 2005
(2 Awards) BSYA
{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }
EYE DROPS: ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13
TONICS - 1) ਸਰੀਰਕ ਸ਼ਕਤੀ ANAEMIA ... £120
2) ਮਾਨਸਿਕ ਸ਼ਕਤੀ ਲਈ (NERVE TONIC) ... £120
ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:
£35
£35
£40
£35
£35
£30
£25
£25
ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :
ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :
(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders)
ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।
ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')
ਨੁਸਖਾ ਨੰਬਰ 1 £69
ਨੁਸਖਾ ਨੰਬਰ 2 PROPER SHAPE £89
ਨੁਸਖਾ ਨੰਬਰ 3 £69
ਨੁਸਖਾ ਨੰਬਰ 4 FLAT TONED £69
ਨੁਸਖਾ ਨੰਬਰ 5 £69
ਨੁਸਖਾ ਨੰਬਰ 6 £49
ਨੁਸਖਾ ਨੰਬਰ 7 £59
ਨੁਸਖਾ ਨੰਬਰ 8 £59
ਨੁਸਖਾ ਨੰਬਰ 9 £59
ਨੁਸਖਾ ਨੰਬਰ 10 £59
ਨੁਸਖਾ ਨੰਬਰ 11 £49
ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ
ਨੁਸਖਾ ਨੰਬਰ 12 £89
ਨੁਸਖਾ ਨੰਬਰ 13 £89
ਨੁਸਖਾ ਨੰਬਰ 14 £69
(Stammering), (Tonsilits), (Worms), (Enuresis), (Wheezing Problem), (Eczema), (Psoriasis), (Anaemia), (Backward Children), (Rickets), (Epilepsy)
ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)
PILAES £19
NURALACO £19
CHILLAGA £19
ARNSTRA £19
BELINFLA £19
BELULCE £19
BRYJOIN £19
CALWOUN £19
BURCAN £19
ROUTUM £19
JOINRHU £19
ABSSIL £19
ITCSUL £19
WARTHU £19
HOMOEOPATHIC HEALTH CLINIC £10
ALL INFORMATION IS KEPT STRICTLY CONFIDENTIAL
PLEASE MAKE AN APPOINTMENT: MANJEET SINGH KHANBA
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com
OPEN 7 DAYS STRICTLY ON APPOINTMENTS

# ਡਾ. ਮਨਦੀਪ ਕਮਲ ਨੇ ਸਿਵਲ ਸਰਜਨ ਹੁਸ਼ਿਆਰਪੁਰ ਵਜੋਂ ਸੰਭਾਲਿਆ ਅਹੁਦਾ

**ਹੁਸ਼ਿਆਰਪੁਰ, ( ਤਰਸੇਮ ਦੀਵਾਨਾ )** ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਦੇ ਹੁਕਮਾਂ ਅਨੁਸਾਰ ਡਾ. ਮਨਦੀਪ ਕਮਲ ਨੇ ਸਿਵਲ ਸਰਜਨ ਹੁਸ਼ਿਆਰਪੁਰ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ। ਉਹਨਾਂ ਦੀ ਇਹ ਨਿਯੁਕਤੀ 28 ਫਰਵਰੀ ਨੂੰ ਸਿਵਲ ਸਰਜਨ ਡਾ. ਬਲਬੀਰ ਕੁਮਾਰ ਦੀ ਸੇਵਾਮੁਕਤੀ ਉਪਰੰਤ ਕੀਤੀ ਗਈ ਹੈ। ਦਫ਼ਤਰ ਪਹੁੰਚਣ 'ਤੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਰਣਜੀਤ ਸਿੰਘ, ਸੀਨੀਅਰ ਮੈਡੀਕਲ ਅਫਸਰ ਡਾ. ਸਵੀਤਾ ਰਾਣਾ, ਸਿਵਲ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਡਾ. ਨਵਜੋਤ ਸਿੰਘ ਅਤੇ ਡਾ. ਨੇਹਾ ਪਾਲ, ਸੀਨੀਅਰ ਮੈਡੀਕਲ ਅਫਸਰ ਡਾ. ਰੋਹਿਤ ਬਰੁਟਾ ਸਮੇਤ ਸਟਾਫ਼ ਮੈਂਬਰਾਂ ਵੱਲੋਂ ਡਾ. ਮਨਦੀਪ ਕਮਲ ਦਾ ਤਹਿ ਦਿਲੋਂ ਸਵਾਗਤ ਕੀਤਾ ਗਿਆ ਅਤੇ ਉਹਨਾਂ ਨੂੰ ਨਵੀਂ ਜ਼ਿੰਮੇਵਾਰੀ ਸੰਭਾਲਣ 'ਤੇ ਵਧਾਈ ਦਿੱਤੀ ਗਈ। ਜਿਕਰਯੋਗ ਹੈ ਕਿ ਡਾ. ਮਨਦੀਪ ਕਮਲ ਤਬਾਦਲੇ ਤੋਂ ਪਹਿਲਾਂ ਮੈਡੀਕਲ ਸੁਪਰਡੈਂਟ ਵਜੋਂ ਸਿਵਲ ਹਸਪਤਾਲ



ਅੰਮ੍ਰਿਤਸਰ ਵਿਖੇ ਆਪਣੀਆਂ ਸੇਵਾਵਾਂ ਨਿਭਾ ਰਹੇ ਸਨ ਅਤੇ ਪ੍ਰਸ਼ਾਸਨਿਕ ਅਤੇ ਕਲੀਨਿਕਲ ਖੇਤਰ ਵਿੱਚ ਉਨ੍ਹਾਂ ਦਾ ਵਿਸ਼ਾਲ ਤਜਰਬਾ ਰਿਹਾ ਹੈ। ਇਸ ਮੌਕੇ ਗੱਲਬਾਤ ਕਰਦਿਆਂ ਡਾ. ਮਨਦੀਪ ਕਮਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਉਹਨਾਂ ਨੂੰ ਸੌਂਪੀ ਗਈ ਇਸ ਮਹੱਤਵਪੂਰਨ ਜ਼ਿੰਮੇਵਾਰੀ ਨੂੰ ਉਹ ਪੂਰੀ ਨਿਸ਼ਠਾ, ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ। ਉਹਨਾਂ ਨੇ ਸਪਸ਼ਟ ਕੀਤਾ ਕਿ ਆਮ ਲੋਕਾਂ ਲਈ ਸਰਕਾਰੀ ਸਿਹਤ ਸਹੂਲਤਾਂ ਨੂੰ ਹੋਰ ਪਹੁੰਚਯੋਗ, ਮਿਆਰੀ ਅਤੇ ਪ੍ਰਭਾਵਸ਼ਾਲੀ ਬਣਾਉਣਾ ਉਹਨਾਂ ਦੀ ਪਹਿਲੀ ਤਰਜੀਹ ਰਹੇਗੀ। ਉਹਨਾਂ ਨੇ ਕਿਹਾ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਸਿਹਤ ਪ੍ਰਣਾਲੀ ਨੂੰ ਹੋਰ ਮਜ਼ਬੂਤ ਬਣਾਉਣ ਲਈ ਹਰ ਸੰਭਵ ਉਪਰਾਲਾ ਕੀਤਾ ਜਾਵੇਗਾ ਅਤੇ ਸਿਹਤ ਸੇਵਾਵਾਂ ਨੂੰ ਹੋਰ ਬੇਹਤਰ ਬਣਾਉਣ ਲਈ ਜਰੂਰੀ ਕਦਮ ਚੁੱਕੇ ਜਾਣਗੇ, ਤਾਂ ਜੋ ਹਰ ਨਾਗਰਿਕ ਨੂੰ ਨੇੜੇ ਹੀ ਮਿਆਰੀ ਅਤੇ ਸਮੇਂ-ਸਿਰ ਸਿਹਤ ਸਹੂਲਤਾਂ ਪ੍ਰਾਪਤ ਹੋ ਸਕਣ। ਡਾ. ਮਨਦੀਪ ਕਮਲ ਨੇ ਸਟਾਫ਼ ਨੂੰ ਅਪੀਲ ਕੀਤੀ ਕਿ ਉਹ ਆਪਸੀ ਸਹਿਯੋਗ, ਨਿਸ਼ਠਾ ਅਤੇ ਟੀਮਵਰਕ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ, ਤਾਂ ਜੋ ਜ਼ਿਲ੍ਹੇ ਦੇ ਲੋਕਾਂ ਨੂੰ ਉੱਤਮ ਅਤੇ ਭਰੋਸੇਯੋਗ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ।

**ਫੋਟੋ ਅਜਮੇਰ ਦੀਵਾਨਾ**

# ਬਲਾਚੌਰ ਪੁਲਿਸ ਨੇ ਇਕ ਨਿੱਜੀ ਪੈਲੇਸ ਵਿੱਚ ਵਿਅਕਤੀ ਨੂੰ ਗੋਲੀ ਮਾਰਨ ਵਾਲੇ ਦੋ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ

## ਪੁਲਿਸ ਨੇ ਆਰਮਜ਼ ਐਕਟ ਤੇ ਹੋਰ ਧਰਾਵਾਂ ਤਹਿਤ ਦਰਜ ਕੀਤਾ ਮਾਮਲਾ

**ਬਲਾਚੌਰ (ਜਤਿੰਦਰਪਾਲ ਸਿੰਘ ਕਲੇਰ)-** ਬੇਸ਼ਕ ਮੈਰਿਜ ਪੈਲੇਸਾਂ ਵਿੱਚ ਹਥਿਆਰ ਲੈ ਕੇ ਜਾਣ ਤੇ ਪੂਰਨ ਤੌਰ ਤੇ ਪਾਬੰਦੀ ਲਗਾਈ ਹੋਈ ਹੈ । ਪਰ ਫਿਰ ਵੀ ਆਏ ਦਿਨ ਮੈਰਿਜ ਪੈਲੇਸਾਂ ਵਿੱਚ ਗੋਲੀਬਾਰੀ ਦੀਆਂ ਘਟਨਾਵਾਂ ਆਮ ਹੋ ਰਹੀਆ ਹਨ. । ਬੀਤੀ ਰਾਤ ਬਲਾਚੌਰ ਦੇ ਇਕ ਮੈਰਿਜ ਪੈਲੇਸ ਵਿੱਚ ਵੀ ਦੋਂ ਵਿਆਕਤੀਆਂ ਵਲੋਂ ਥੋੜੀ ਜਿਹੀ ਨੋਕ ਝੋਕ ਤੇ ਹੀ 21 ਸਾਲ ਦੇ ਨੌਜਵਾਨ ਤਰਨਜੀਤ ਸਿੰਘ ਪੁੱਤਰ ਨਰਿੰਦਰਜੀਤ ਸਿੰਘ ਵਾਸੀ ਸੜੋਆ ਥਾਣਾ ਪੋਜੇਵਾਲ ਨੂੰ ਦੋ ਵਿਆਕਤੀਆ ਵੱਲੋਂ ਗੋਲੀ ਮਾਰ ਕੇ ਜਖਮੀ ਕਰ ਦਿੱਤਾ ਜਦੋ ਉਸਨੂੰ ਇਲਾਜ ਦੇ ਲਈ ਹਸਪਤਾਲ ਲਿਆਦਾ ਗਿਆ ਤਾਂ ਡਾਕਟਰ ਨੇ ਉਸਨੂੰ ਮ੍ਰਿਕ ਐਲਾਨ ਦਿੱਤਾ । ਇਸ ਸਬੰਧੀ ਵਿੱਚ ਥਾਣਾ ਬਲਾਚੌਰ ਦੇ ਡੀਐਸਪੀ ਹੇਮੰਤ ਮਲਹੋਤਰਾ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਹੈ ਕਿ ਪੁਲਿਸ ਨੂੰ ਬਲਦੇਵ ਸਿੰਘ ਪੁੱਤਰ ਲੇਟ ਗੁਰ-ਦਾਸ ਰਾਮ ਵਾਸੀ ਸੜੋਆ ਥਾਣਾ ਪੋਜੇਵਾਲ ਜਿਲਾ ਸ਼ਹੀਦ ਭਗਤ ਸਿੰਘ ਨਗਰ ਨੇ ਆਪਣੇ ਬਿਆਨ ਦਰਜ ਕਰਵਾਏ ਹਨ ਕਿ ਉਸਦਾ ਪੋਤਰਾ ਤਰਨਜੀਤ ਸਿੰਘ ਪੁੱਤਰ ਨਰਿੰਦਰਜੀਤ ਸਿੰਘ ਵਾਸੀ ਸੜੋਆ ਥਾਣਾ ਪੋਜੇਵਾਲ ਜੋ ਕਿ ਵਿਆਹ ਵਾਲੀ ਲੜਕੀ ਨੂੰ ਜੈ ਮਾਲਾ ਦੀ ਰਸਮ ਲਈ ਸਟੇਜ ਪਰ ਛੱਡ ਕੇ ਪਾਰਕਿੰਗ ਵਿੱਚ ਖੜੀ ਆਪਣੀ ਕਾਰ ਵਿੱਚੋ ਜਰੂਰੀ ਸਮਾਨ ਲੈਣ ਲਈ ਗਿਆ ਸੀ ਤਾਂ ਨਿੱਜੀ ਪੈਲੇਸ ਦੇ ਦਫਤਰ ਦੇ ਬਾਹਰਲੇ ਪਾਸੇ



ਮਰਨ ਵਾਲੇ ਨੋਜਵਾਨ ਦੀ ਫਾਈਲ ਫੋਟੋ ਅਤੇ ਡੀ ਐਸ ਪੀ ਹੇਮੰਤ ਮਲਹੋਤਰਾ ਜਾਣਕਾਰੀ ਦਿੰਦੇ ਹੋਏ।

ਪਾਰਕਿੰਗ ਦੇ ਪਿਛਲੇ ਪਾਸੇ ਵਾਲੇ ਗੇਟ ਕੋਲ ਕਥਿਤ ਆਰੋਪੀ ਹੈਵਨ ਚੌਧਰੀ ਪੁੱਤਰ ਨਰਿੰਦਰ ਵਾਸੀ ਪਿੰਡ ਧੱਕਧਾਣਾ ਥਾਣਾ ਬਲਾਚੌਰ ਜਿਲਾ ਸ਼.ਭ.ਸ.ਨਗਰ ਅਤੇ ਕਥਿਤ ਆਰੋਪੀ ਜਗਦੀਸ਼ ਉਰਫ ਜੋਨੀ ਪੁੱਤਰ ਦਰਸ਼ਨ ਲਾਲ ਵਾਸੀ ਰੁਦਰਪੁਰ ਜਿਲਾ ਊਧਮ ਸਿੰਘ ਨਗਰ, ਉਤਰਾਖੰਡ ਬੈਠੇ ਸੀ ਤਾਂ ਵਕਤ ਕਰੀਬ 05:00 ਵਜੇ ਸ਼ਾਮ ਦਾ ਹੋਵੇਗਾ ਕਿ ਹੈਵਨ ਚੋਧਰੀ ਨੇ ਤਰਨਜੀਤ ਨੂੰ ਅਵਾਜ ਦੇ ਕੇ ਆਪਣੇ ਕੋਲ ਬੁਲਾਰਿਆਂ ਅਤੇ ਇਕਦਮ ਤਹਿਸ਼ ਵਿੱਚ ਆ ਕੇ ਤਰਨਜੀਤ ਸਿੰਘ ਨਾਲ ਗਾਲੀ ਗਲੋਚ ਕਰਨ ਲੱਗ ਪਿਆ ਅਤੇ ਹੈਵਨ ਚੌਧਰੀ ਨੇ ਆਪਣੇ ਡੱਬ ਵਿੱਚੋਂ ਹਥਿਆਰ ਕੱਢ ਕੇ ਤਰਨਜੀਤ ਸਿੰਘ ਤੇ ਫਾਇਰ ਕੀਤਾ ਜੋ ਉਸਦੇ ਪੇਟ ਵਿੱਚ ਲੱਗਾ । ਜਿਸਤੇ ਤਰਨਜੀਤ ਸਿੰਘ ਡਿੱਗ ਗਿਆ। ਜਦ ਉਸ ਨੂੰ ਇਲਾਜ ਲਈ ਨਿਜੀ ਹਸਪਤਾਲ ਲਿਜਾਇਆ ਗਿਆ ਜਿਥੇ ਡਾਕਟਰਾਂ ਨੇ ਤਰਨਜੀਤ ਸਿੰਘ ਨੂੰ ਮ੍ਰਿਕ ਘੋਸ਼ਿਤ ਕਰ ਦਿੱਤਾ ਪੁਲਿਸ ਨੇ ਹੈਵਨ ਚੌਧਰੀ ਪੁੱਤਰ ਨਰਿੰਦਰ ਵਾਸੀ ਪਿੰਡ ਤੱਕਤਾਣਾ ਥਾਣਾ ਬਲਾਚੌਰ ਜਿਲ੍ਹਾਂ ਸ਼.ਭ.ਸ.ਨਗਰ ਅਤੇ ਜਗਦੀਸ਼ ਉਰਫ ਜੋਨੀ ਪੁੱਤਰ ਦਰਸ਼ਨ ਲਾਲ ਵਾਸੀ ਰੁਦਰਪੁਰ ਜਿਲ੍ਹਾਂ ਊਧਮ ਸਿੰਘ ਨਗਰ, ਉਤਰਾਖੰਡ ਦੇ ਖਿਲਾਫ ਮੁਕੱਦਮਾ ਨੰਬਰ 29 ਮਿਤੀ 01.03.2026 ਅ/ਧ 103(1), 3(5) ਬੀ ਐਨ ਐਸ , 25/27- ਆਰਮਜ਼ ਐਕਟ ਤੇ ਹੋਰ ਧਰਾਵਾਂ ਤਹਿਤ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਹੈ । ਡੀਐਸਪੀ ਹੇਮੰਤ ਮਲਹੋਤਰਾ ਨੇ ਕਿਹਾ ਕਿ ਪੁਲਿਸ ਨੇ ਹਥਿਆਰਾਂ ਦੇ ਨਾਲ ਨਾਲ ਨੁਮਾਇਸ਼ ਕਰਨ ਵਾਲੇ ਤੇ ਹੇਟ ਸਪੀਚ ਦੇਣ ਵਾਲਿਆ ਤੇ ਹੁਣ ਸ਼ਿਕੰਜਾ ਕੱਸ ਦਿੱਤਾ ਹੈ । ਉਨ੍ਹਾਂ ਕਿਹਾ ਕਿ ਵਿਆਹ ਸ਼ਾਦੀਆ ਤੇ ਹੋਰ ਖੁਸ਼ੀ ਦੇ ਮੌਕਿਆਂ ਤੇ ਹਥਿਆਰ ਲੈ ਕੇ ਜਾਣ ਤੇ ਗੋਲਾਬਾਰੀ ਕਰਨ ਵਾਲੇ ਕਿਸੇ ਵੀ ਵਿਆਕਤੀ ਨੂੰ ਬਖਸ਼ਿਆ ਨਹੀ ਜਾਵੇਗਾ । ਜਦਕਿ ਪੁਲਿਸ ਪ੍ਰਸ਼ਾਸ਼ਨ ਵੱਲੋਂ ਜਨਤਕ ਸਥਾਨਾਂ ਤੋਂ ਲੈਕੇ ਸੋਸ਼ਲ ਮੀਡੀਆ ਅਤੇ ਵਿਆਹ ਸਮਾਗਮ ਤੇ ਖੁਸ਼ੀ ਦੇ ਮੌਕਿਆਂ ਤੇ ਹਥਿਆਰਾਂ ਦੇ ਪ੍ਰਦਰਸ਼ਨ ਤੇ ਪੂਰਨ ਤੌਰ ਤੇ ਪਾਬੰਦੀ ਲਗਾਈ ਹੋਈ ਹੈ ।

# ਮਿਸ਼ਨ ਲਾਈਫ ਪ੍ਰੋਗਰਾਮ ਅਧੀਨ ਜ਼ਿਲ੍ਹਾ ਪੱਧਰੀ ਵਰਕਸ਼ਾਪ ਲਗਾਈ

**ਨਵਾਂ ਸ਼ਹਿਰ (ਮਨੋਰੰਜਨ ਕਾਲੀਆ।** ਭਾਰਤ ਸਰਕਾਰ ਦੇ ਵਾਤਾਵਰਨ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਅਤੇ ਸੈਂਟਰ ਫਾਰ ਸਾਇੰਸ ਨਵੀਂ ਦਿੱਲੀ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਰਾਜ ਦੀ ਨੋਡਲ ਏਜੰਸੀ ਪੰਜਾਬ ਸਟੇਟ ਕੌਂਸਲ ਫੋਰ ਸਾਇੰਸ ਐਂਡ ਟੈਕਨੋਲੋਜੀ ਚੰਡੀਗੜ੍ਹ ਦੇ ਹੁਕਮ ਅਨੁਸਾਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਵਾਤਾਵਰਨ ਸਿੱਖਿਆ ਅਤੇ ਗਰੀਨ ਸਕੂਲ ਪ੍ਰੋਗਰਾਮ ਤਹਿਤ ਗਤੀਵਿਧੀਆਂ ਕਰਵਾਉਣ ਲਈ ਜਿਲ੍ਹੇ ਦੇ ਈਕੋ ਕਲੱਬ ਇੰਚਾਰਜਾਂ ਦੀ ਮਿਸ਼ਨ ਲਾਈਵ ਤਹਿਤ ਸਕੂਲ ਆਫ ਐਮੀਨਸ ਨਵਾਂ ਸ਼ਹਿਰ ਵਿਖੇ ਵਰਕਸ਼ਾਪ ਲਗਾਈ ਗਈ ਅਤੇ ਵਾਤਾਵਰਣ ਸਬੰਧੀ ਵਿਦਿਆਰਥੀਆਂ ਦੇ ਵੱਖ ਵੱਖ ਮੁਕਾ-ਬਲੇ ਕਰਵਾਏ ਗਏ। ਜ਼ਿਲ੍ਹਾ ਸਿੱਖਿਆ ਅਫਸਰ ਮੈਡਮ ਅਨੀਤਾ ਸ਼ਰਮਾ ਅਤੇ ਉਪ ਜਿਲਾ ਸਿੱਖਿਆ ਅਫਸਰ ਲਖਬੀਰ ਸਿੰਘ ਦੇ ਆਦੇਸ਼ਾ ਅਤੇ ਜ਼ਿਲਾ ਵਾਤਾਵਰਨ ਸਿੱਖਿਆ ਪ੍ਰੋਗਰਾਮ ਦੇ ਕੋਆਰਡੀਨੇਟਰ ਸਤਨਾਮ ਸਿੰਘ ਅਤੇ ਪ੍ਰਿੰਸੀਪਲ ਸਰਬਜੀਤ ਸਿੰਘ ਦੀ ਯੋਗ ਅਗਵਾਈ ਹੇਠ ਸਕੂਲ ਆਫ ਐਮੀਨੈਂਸ ਨਵਾਂ ਸ਼ਹਿਰ ਵਿਖੇ ਜ਼ਿਲੇ ਦੇ 70 ਸਕੂਲਾਂ ਦੀ " ਸਕੂਲਾਂ ਵਿੱਚ ਵਰਮੀ ਕੰਪੋਸਟਿੰਗ ਖਾਦ ਕਿਵੇਂ ਤਿਆਰ ਕਰੀਏ" ਦੇ ਸਿਰਲੇਖ ਹੇਠ ਵਰਕਸ਼ਾਪ ਲਗਾਈ ਗਈ ਜਿਸ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਵਿਸ਼ੇਸ਼ ਤੌਰ ਤੇ ਰਿਸੋਰਸ ਪਰਸਨ ਅਸ਼ੋਕ ਕੁਮਾਰ ਕਾਲੀਆ ਜਿਲਾ ਕੋ ਆਰਡੀਨੇਟਰ ,ਜਗਜੀਤ ਸਿੰਘ ਲੈਕਚਰਰ ਕਮਿਸਟਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਮਾਹੀ ਦੇਵੀ ਅਤੇ ਡਾਕਟਰ ਹਰਦੀਪ ਕੁਮਾਰ ਲੈਕਚਰਰ



ਕਮਿਸਟਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹੰਦਵਾਲ ਨੂੰ ਵਿਸ਼ੇਸ਼ ਤੌਰ ਤੇ ਬੁਲਾਇਆ ਗਿਆ। ਰਿਸੋਰਸ ਪਰਸਨ ਦੁਆਰਾ ਸਮੂਹ ਈਕੋ ਕਲੱਬ ਇੰਚਾਰਜ ਨੂੰ ਵਾਤਾਵਰਨ ਸਬੰਧੀ ਗਤੀਵਿਧੀਆਂ ਕਰਵਾਉਣ ਹਿੱਤ ਵਰਮੀ ਕੰਪੋਸਟਿੰਗ ਨੂੰ ਤਿਆਰ ਕਰਨ ਲਈ ਪ੍ਰਯੋਗੀ ਤੌਰ ਤੇ ਵਰਮੀ ਕੰਪੋਸਟਿੰਗ ਨੂੰ ਤਿਆਰ ਕਰਨ ਦੀ ਟਰੇਨਿੰਗ ਦਿੱਤੀ ਗਈ ਜਿਸ ਨੂੰ ਸਮੂਹ ਈਕੋ ਕਲੱਬ ਇੰਚਾਰਜਾਂ ਨੇ ਬਾਖੂਬੀ ਸਿੱਖਿਆ। ਇਸ ਮੌਕੇ ਛੇਵੀਂ ਤੋਂ ਅੱਠਵੀਂ ਅਤੇ ਨੌਵੀਂ ਤੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਦੇ ਵੱਖ ਵੱਖ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀ ਅਸੀਸ ਕੁਮਾਰ ਸਰਕਾਰੀ ਮਿਡਲ ਸਕੂਲ ਕੰਗਣਾ ਬੇਟ, ਮਨਵੀਰ ਕੌਰ ਸਰਕਾਰੀ ਮਿਡਲ ਸਕੂਲ ਕੰਗ, ਭਾਵਨਾ ਸਰਕਾਰੀ ਮਿਡਲ ਸਕੂਲ ਭੰਗਲ ਖੁਰਦ ਨੇ ਕ੍ਰਮਵਾਰ ਪਹਿਲਾ ਦੂਜਾ ਤੇ ਤੀਜਾ ਸਥਾਨ ਹਾਸਿਲ ਕੀਤਾ। ਇਸੇ ਤਰ੍ਹਾਂ ਜਸਕੀਰਤ ਕੌਰ ਸਰਕਾਰੀ ਹਾਈ ਸਕੂਲ ਖਾਨ ਖਾਨਾ ,ਦਾਮਨੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਟੈਂਡਾ ਅਤੇ ਪੂਜਾ ਸਰਕਾਰੀ ਹਾਈ ਸਕੂਲ ਕੌਲਗੜ੍ਹ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਪ੍ਰਿੰਸੀਪਲ ਸਰਬਜੀਤ ਸਿੰਘ ਨੇ ਕਿਹਾ ਕਿ ਸਾਨੂੰ ਹਰ ਮੁਸ਼ਕਿਲ ਦਾ ਸਾਹਮਣਾ ਕਰਕੇ ਸਫਲਤਾ ਵੱਲ ਨੂੰ ਵਧਣਾ ਚਾਹੀਦਾ ਹੈ।ਇਸ ਮੌਕੇ ਜਿਲ੍ਹਾ ਸਿੱਖਿਆ ਅਫਸਰ ਮੈਡਮ ਅਨੀਤਾ ਸ਼ਰਮਾ ਨੇ ਕਿਹਾ ਕਿ ਆਉਣ ਵਾਲੀਆਂ ਪੀੜੀਆਂ ਅੱਗੇ ਨੂੰ ਬਚਾਉਣ ਲਈ ਸਾਨੂੰ ਵਾਤਾਵਰਨ ਪ੍ਰਤੀ ਸੁਚੇਤ ਹੋਣਾ ਅਤੀ ਜਰੂਰੀ ਹੈ ਅਤੇ ਵਿਦਿਆਰਥੀ ਉਸ ਸਾਧਨ ਹਨ ਜਿਨਾਂ ਨੂੰ ਜਾਗਰੂਕ ਕਰਕੇ ਅਸੀਂ ਆਪਣੇ ਭਵਿੱਖ ਨੂੰ ਬਚਾ ਸਕਦੇ ਹਾਂ। ਇਸ ਮੌਕੇ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਗਰੀਨ ਸਕੂਲ ਪ੍ਰੋਗਰਾਮ ਵਿੱਚ ਰਾਸ਼ਟਰੀ ਪੱਧਰ ਤੇ ਚੁਣੇ ਗਏ ਦਸ ਕੂਲ ਸਰਕਾਰੀ ਸੀਨੀਅਰ ਸਕੰਡਰੀ ਸਕੂਲ ਭੱਦੀ ,ਸਰਕਾਰੀ ਹਾਈ ਸਕੂਲ ਕੌਲਗੜ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਾਹਲੋਂ, ਪੀਐਮ ਸ਼੍ਰੀ ਸਰਕਾਰੀ ਹਾਈ ਸਕੂਲ ਗੁਣਾਚੌਰ ,ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉਸਮਾਨਪੁਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿੰਬਲ ਮਜਾਰਾ ,ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਔੜ, ਸਰਕਾਰੀ ਹਾਈ ਸਕੂਲ ਗੜ੍ਹਪਧਾਨਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਿਆਲਾ, ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁਸਾਪੁਰ ਦੇ ਈਕੋ ਕਲੱਬ ਇੰਚਾਰਜਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜਸਵੀਰ ਚੰਦ ,ਸੰਦੀਪ ਕੁਮਾਰ, ਕਮਲਦੀਪ ਸਲਣ, ਮੋਨਿਕਾ ਵਰਮਾ, ਸਰਬਜੀਤ ਸਿੰਘ, ਲਾਲੀ ਜੋਸ਼ੀ ਆਦਿ ਹਾਜ਼ਰ ਸਨ।

# "ਪੰਜਾਬ ਸੰਭਾਲੋ ਮੁਹਿਮ-ਸੱਤਾ ਪ੍ਰਾਪਤ ਕਰੋ" ਰੈਲੀ ਸੂਬੇ ਦੀ ਸਿਆਸਤ ਵਿੱਚ ਤਬਦੀਲੀ ਦਾ ਮੁੱਢ ਬੰਨ੍ਹੇਗੀ: ਡਾ. ਅਵਤਾਰ ਸਿੰਘ ਕਰੀਮਪੁਰੀ

- 15 ਮਾਰਚ ਨੂੰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਨ 'ਤੇ ਦਾਣਾ ਮੰਡੀ ਬਹਿਰਾਮ ਦੀ ਧਰਤੀ 'ਤੇ ਹੋਵੇਗਾ ਨੀਲਾ ਹੜ੍ਹ।
- ਹਲਕਾ ਚੱਬੇਵਾਲ ਵਿੱਚ ਮੀਟਿੰਗਾਂ ਦਾ ਦੌਰ ਤੇਜ਼; ਹਜ਼ਾਰਾਂ ਦੀ ਗਿਣਤੀ ਵਿੱਚ ਬੱਸਾਂ-ਟਰੱਕਾਂ ਦੇ ਕਾਫ਼ਲੇ ਹੋਣਗੇ ਰਵਾਨਾ।





**ਚੱਬੇਵਾਲ/ਹੁਸ਼ਿਆਰਪੁਰ: (ਚਰਨਜੀਤ ਸੱਲ੍ਹਾਂ )** ਬਹੁਜਨ ਸਮਾਜ ਪਾਰਟੀ ਵੱਲੋਂ 15 ਮਾਰਚ ਨੂੰ ਬਹੁਜਨ ਨਾਇਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਦੇ ਸਬੰਧ ਵਿੱਚ ਕੀਤੀ ਜਾ ਰਹੀ "ਪੰਜਾਬ ਸੰਭਾਲੋ ਮੁਹਿਮ ਦੇ ਤਹਿਤ "ਸੱਤਾ ਪ੍ਰਾਪਤ ਕਰੋ" ਮਹਾਂ-ਰੈਲੀ ਦੀਆਂ ਤਿਆਰੀਆਂ ਨੂੰ ਲੈ ਕੇ ਅੱਜ ਹਲਕਾ ਚੱਬੇਵਾਲ ਵਿੱਚ ਸਰਗਰਮੀਆਂ ਤੇਜ਼ ਕਰ ਦਿੱਤੀਆਂ ਗਈਆਂ। ਪਾਰਟੀ ਦੇ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਅੱਜ ਵੱਖ-ਵੱਖ ਪਿੰਡਾਂ ਵਿੱਚ ਵਰਕਰਾਂ ਅਤੇ ਅਹੁਦੇਦਾਰਾਂ ਨਾਲ ਅਹਿਮ ਮੀਟਿੰਗਾਂ ਕੀਤੀਆਂ ਅਤੇ ਰੈਲੀ ਨੂੰ ਇਤਿਹਾਸਕ ਬਣਾਉਣ ਲਈ ਰਣਨੀਤੀ ਉਲੀਕੀ।

**ਸਰਕਾਰ ਦੀਆਂ ਨਾਕਾਮੀਆਂ 'ਤੇ ਤਿੱਖਾ ਹਮਲਾ**

ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਡਾ. ਕਰੀਮਪੁਰੀ ਨੇ ਬਹੁਤ ਹੀ ਤਿੱਖੇ ਸ਼ਬਦਾਂ ਵਿੱਚ ਕਿਹਾ ਕਿ ਪੰਜਾਬ ਦੀ ਮੌਜੂਦਾ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਤ ਹੋਈ ਹੈ। ਉਨ੍ਹਾਂ ਕਿਹਾ, "ਅੱਜ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਡਾਵਾਂਡੋਲ ਹੈ, ਨੌਜਵਾਨ ਬੇਰੁਜ਼ਗਾਰੀ ਦੀ ਮਾਰ ਝੱਲ ਰਹੇ ਹਨ ਅਤੇ ਦਲਿਤਾਂ-ਪਿਛੜਿਆਂ 'ਤੇ ਅੱਤਿਆਚਾਰ ਵਧ ਰਹੇ ਹਨ। ਪੰਜਾਬ ਨੂੰ ਬਚਾਉਣ ਲਈ ਹੁਣ 'ਪੰਜਾਬ ਸੰਭਾਲੋ' ਮੁਹਿੰਮ ਤਹਿਤ ਸੱਤਾ ਦੀ ਚਾਬੀ ਆਪਣੇ ਹੱਥ ਲੈਣਾ ਸਮੇਂ ਦੀ ਮੁੱਖ ਲੋੜ ਹੈ।"

**ਚੱਬੇਵਾਲ ਤੋਂ ਨਿਕਲੇਗਾ ਰਿਕਾਰਡ ਤੋੜ ਕਾਫ਼ਲਾ**

ਇਨ੍ਹਾਂ ਮੀਟਿੰਗਾਂ ਦੌਰਾਨ ਵਰਕਰਾਂ ਦੇ ਭਾਰੀ ਉਤਸ਼ਾਹ ਨੂੰ ਦੇਖਦਿਆਂ ਇਹ ਫੈਸਲਾ ਲਿਆ ਗਿਆ ਕਿ ਹਲਕਾ ਚੱਬੇਵਾਲ ਤੋਂ ਰਿਕਾਰਡ ਤੋੜ ਇਕੱਠ ਰੈਲੀ ਵਿੱਚ ਸ਼ਮੂਲੀਅਤ ਕਰੇਗਾ।

**ਟਰੱਕਾਂ ਅਤੇ ਬੱਸਾਂ ਦਾ ਕਾਫ਼ਲਾ:** ਰੈਲੀ ਵਾਲੇ ਦਿਨ ਹਲਕੇ ਦੇ ਹਰ ਕੋਨੇ ਤੋਂ ਬੱਸਾਂ, ਟਰੱਕਾਂ ਅਤੇ ਨਿੱਜੀ ਗੱਡੀਆਂ ਦਾ ਇੱਕ ਵਿਸ਼ਾਲ ਕਾਫ਼ਲਾ ਨੀਲੇ ਝੰਡਿਆਂ ਦੀ ਛਾਂ ਹੇਠ ਰਵਾਨਾ ਹੋਵੇਗਾ।

**ਘਰ-ਘਰ ਪ੍ਰਚਾਰ:** ਪਾਰਟੀ ਅਹੁਦੇਦਾਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ ਕਿ ਉਹ ਪਿੰਡ-ਪਿੰਡ ਜਾ ਕੇ ਬਾਬਾ ਸਾਹਿਬ ਅੰਬੇਡਕਰ ਅਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਵਿਚਾਰਧਾਰਾ ਨਾਲ ਲੋਕਾਂ ਨੂੰ ਜੋੜਨ ਅਤੇ ਰੈਲੀ ਦਾ ਸੱਦਾ ਦੇਣ।

**ਡਾ. ਕਰੀਮਪੁਰੀ ਦਾ ਵਿਸ਼ੇਸ਼ ਸੰਦੇਸ਼**

"15 ਮਾਰਚ ਦੀ ਰੈਲੀ ਸਿਰਫ਼ ਇੱਕ ਇਕੱਠ ਨਹੀਂ, ਸਗੋਂ ਪੰਜਾਬ ਦੀਆਂ ਰਵਾਇਤੀ ਪਾਰਟੀਆਂ ਦੇ ਤਖ਼ਤ ਹਿਲਾਉਣ ਵਾਲੀ ਗਰਜ ਹੋਵੇਗੀ। ਅਸੀਂ ਇਹ ਸਪੱਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਜਦੋਂ ਤੱਕ ਬਹੁਜਨ ਸਮਾਜ ਸੱਤਾ ਦੀ ਦਹਿਲੀਜ਼ ਤੱਕ ਨਹੀਂ ਪਹੁੰਚਦਾ, ਉਦੋਂ ਤੱਕ ਗਰੀਬਾਂ ਅਤੇ ਮਜ਼ਲੂਮਾਂ ਦੇ ਹੱਕ ਮਹਿਫ਼ੂਜ਼ ਨਹੀਂ ਹਨ। ਇਹ ਰੈਲੀ ਪੰਜਾਬ ਵਿੱਚ ਬਸਪਾ ਦੀ ਮਜ਼ਬੂਤੀ ਦਾ ਪ੍ਰਤੀਕ ਬਣੇਗੀ।"

ਅੱਜ ਦੀਆਂ ਮੀਟਿੰਗਾਂ ਵਿੱਚ ਵੱਡੀ ਗਿਣਤੀ ਵਿੱਚ ਸਥਾਨਕ ਆਗੂਆਂ, ਸ ਵਰਕਰਾਂ ਅਤੇ ਸਮਰਥਕਾਂ ਨੇ ਸ਼ਮੂਲੀਅਤ ਕੀਤੀ ਅਤੇ ਪ੍ਰਣ ਲਿਆ ਕਿ ਉਹ ਆਪਣੇ ਨਾਇਕ ਕਾਂਸ਼ੀ ਰਾਮ ਜੀ ਦੇ ਜਨਮ ਦਿਨ 'ਤੇ ਦਾਣਾ ਮੰਡੀ ਬਹਿਰਾਮ ਦੀ ਧਰਤੀ ਨੂੰ ਨੀਲੇ ਰੰਗ ਵਿੱਚ ਰੰਗ ਦੇਣਗੇ, ਇਸ ਮੌਕੇ ਜੋਨ ਕੋਆਰਡੀਨੇਟਰ ਚੌਧਰੀ ਗੁਰਨਾਮ ਸਿੰਘ,ਜਿਲ੍ਹਾ ਪ੍ਰਧਾਨ ਦਲਜੀਤ ਰਾਏ, ਜਿਲਾ ਕੋਆਰਡੀਨੇਟਰ ਵਿਧਾਨ ਸਭਾ ਚੱਬੇਵਾਲ ਤੋਂ ਇੰਚਾਰਜ ਐਡਵੋਕੇਟ ਪਲਵਿੰਦਰ ਮਾਨਾ, ਵਿਧਾਨ ਸਭਾ ਦੇ ਪ੍ਰਧਾਨ ਯਸ਼ ਭੱਟੀ, ਬਾਮਸੇਫ ਤੋਂ ਦਵਿੰਦਰ ਸਿੰਘ ਬਾਹੋਵਾਲ,੍ਰੀ ਸ੍ਰੀ ਹਰਭਜਨ ਬਿਰਦੀ ਜੀ ਤੋਂ ਇਲਾਵਾ ਹੋਰ ਪਾਰਟੀ ਲੀਡਰਸ਼ਿਪ ਇਸ ਮੌਕੇ ਹਾਜਰ ਸਾਥੀਆਂ ਵਿੱਚ ਹਰਭਜਨ ਸਿੰਘ ਮਾਨਾ, ਦਵਿੰਦਰ ਸਿੰਘ ਬਾਹੋਵਾਲ ਬਮਸੈਫ, ਹਰਭਜਨ ਸਿੰਘ ੍ਰੀ, ਸਤਪਾਲ ਸਿੰਘ ਉਪ ਪ੍ਰਧਾਨ, ਜੈ ਪ੍ਰਕਾਸ਼, ਰਾਜੇਸ਼ ਭੁੰਨੋ ਜੀ ਖਜਾਨਚੀ, ਰਾਜਵਿੰਦਰ ਸਿੰਘ ਜਿਲਾ ਸਕੱਤਰ, ਡਾ ਹਰਨੇਕ ਸਿੰਘ ਭਗਤੂਪੁਰ, ਰੌਸ਼ਨ ਲਾਲ ਜੀ, ਮਨਪ੍ਰੀਤ ਮੇਹਟੀਆਣਾ, ਤਨਵੀਰ ਦਿਹਾਣਾ ਬਸਪਾ ਆਗੂ , ਪ੍ਰਦੀਪ ਕੁਮਾਰ ਬਸਪਾ ਆਗੂ, ਨਰਿੰਦਰ ਲਲਵਾਣ ਬਸਪਾ ਆਗੂ, ਠੇਕੇਦਾਰ ਦੇਵ ਰਾਜ, ਦਲਜੀਤ ਸਿੰਘ ਬਸਪਾ ਆਗੂ, ਤੇਜਪਾਲ, ਜਤਿੰਦਰ ਕੁਮਾਰ, ਛਭਦੀਪ ਸਿੰਘ ਅਤੇ ਹੋਰ ਵੀ ਬਹੁਤ ਬੱਡੀ ਗਿਣਤੀ ਵਿੱਚ ਸਾਥੀ ਹਾਜਰ ਸਨ।

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਤੇ ਚਹੇੜੂ ਵਿਖੇ ਬਹੁਤ ਰੌਣਕਾਂ ਲੱਗੀਆਂ





**ਫਗਵਾੜਾ (ਚਰਨਜੀਤ ਸੱਲ੍ਹਾਂ )** ਡੇਰਾ ਧੰਨ ਧੰਨ ਸੰਤ ਬਾਬਾ ਫੂਲ ਨਾਥ, ਸੰਤ ਬਾਬਾ ਬ੍ਰਹਮ ਨਾਥ ਨਾਨਕ ਨਗਰੀ ਚਹੇੜੂ ਵਿਖੇ ਸ੍ਰੀ ਗੁਰੂ ਰਵਿਦ-ਾਸ ਮਹਾਰਾਜ ਜੀ ਦਾ 649 ਵਾਂ ਪ੍ਰਕਾਸ਼ ਪੁਰਬ ਗੱਦੀਨਸ਼ੀਨ ਸੰਤ ਕ੍ਰਿਸ਼ਨ ਨਾਥ ਜੀ ਦੀ ਰਹਿਨੁਮਾਈ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ, ਬਹੁਤ ਵੱਡੀ ਸੰਖਿਆ ਵਿੱਚ ਸੰਗਤਾਂ ਦੀਆਂ ਰੌਣਕਾਂ ਲੱਗੀਆਂ ਹੋਈਆਂ ਸਨ। ਅੰਮ੍ਰਿਤ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਅਖੰਡ ਜਾਪਾਂ ਦੇ ਭੋਗ ਪਾਏ ਗਏ। ਡੇਰੇ ਵਿੱਚ ਹਰਿ ਦੇ ਨਿਸ਼ਾਨ ਚੜ੍ਹਾਏ ਗਏ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਸੰਤ ਕ੍ਰਿਸ਼ਨ ਨਾਥ ਚਹੇੜੂ ਵੱਲੋਂ ਪ੍ਰਵਚਨ ਕੀਤੇ ਗਏ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਜਿਹੜਾ ਵੀ ਕੀਰਤਨੀਆਂ, ਪ੍ਰਚਾਰਕ, ਗਾਇਕ ਅਤੇ ਸੰਤ ਸਤਿਕਾਰ ਨਹੀਂ ਕਰਦਾਂ ਉਸ ਨੂੰ ਸੁਣਨੇ ਦੀ ਕੋਈ ਜ਼ਰੂਰਤ ਨਹੀਂ ਜਿਹੜਾ ਵੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਗੁਰੂ ਨਹੀਂ ਕਹਿੰਦਾ, ਰਹਿਬਰ ਜਾਂ ਮਸੀਹਾ ਜਾਂ ਗੁਰੂਆਂ ਦੇ ਗੁਰੂ ਨਹੀਂ ਕਹਿੰਦਾ ਉਸ ਨੂੰ ਕਦੇ ਵੀ ਦੇਸ਼ ਵਿਦੇਸ਼ ਦੀਆਂ ਸੰਗਤਾਂ ਨਾਂ ਸੁਣਨ ਜਿਹੜਾ ਗੁਰੂ ਰਵਿਦਾਸ ਮਹਾਰਾਜ ਅਤੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੀ ਕਦਰ ਕਰਦਾ ਹੈ ਤੁਸੀਂ ਵੀ ਉਸ ਦੀ ਕਦਰ ਕਰਨੀ ਸਿੱਖੋ। ਸਾਨੂੰ ਉਨ੍ਹਾਂ ਦੀਆਂ ਸਿੱਖਿਆਵਾਂ ਤੇ ਚੱਲਣਾ ਚਾਹੀਦਾ ਹੈ ਕਿਉਂਕਿ ਕਿ ਉਨ੍ਹਾਂ ਨੇ ਬਰਾਬਰਤਾ ਦਾ ਸੰਦੇਸ਼ ਦਿੱਤਾ ਹੈ। ਭਾਰਤ ਦੇਸ਼ ਵਿੱਚ ਬੇਗਮਪੁਰਾ ਵਰਗੀ ਵਿਵਸਥਾ ਲਾਗੂ ਕਰਨਾ ਅਤਿ ਜ਼ਰੂਰੀ ਹੈ। ਵੱਖ ਵੱਖ ਦਰਬਾਰਾ ਤੋਂ ਸੰਤ ਅਵਤਾਰ ਦਾਸ ਚਹੇੜੂ,ਸੰਤ ਲਛਮਣ ਦਾਸ ਮੱਧ ਪ੍ਰਦੇਸ਼,ਸੰਤ ਬਲਵੀਰ ਦਾਸ ਖੰਨਾ, ਸਾਈਂ ਪੱਪਲ ਸ਼ਾਹ ਭਰੋ ਮਜਾਰਾ ਤੋਂ ਇਲਾਵਾ ਸੰਤ ਮਹਾਂਪੁਰਸ਼ ਨੇ ਸ਼ਿਰਕਤ ਕੀਤੀ। ਵੱਖ ਵੱਖ ਭਜਨ ਮੰਡਲੀਆਂ ਨੇ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਣ ਗਾਏ। ਉਪਰੰਤ ਇੰਟਰਨੈਸ਼ਨਲ ਕਲਾਕਾਰ ਕੰਠ ਕਲੇਰ ਅਤੇ ਮਿਸ਼ਨਰੀ ਗਾਇਕ ਵਿੱਕੀ ਬਹਾਦਰਕੇ ਨੇ ਗੁਰੂ ਰਵਿਦਾਸ ਮਹਾਰਾਜ ਜੀ ਅਤੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਮਿਸ਼ਨ ਸਬੰਧੀ ਇਨਕਲਾਬੀ ਕ੍ਰਾਂਤੀਕਾਰੀ ਗੀਤਾਂ ਨਾਲ ਸੰਗਤ ਨੂੰ ਨਿਹਾਲ ਕੀਤਾ। ਜਿਸ ਸਮਾਗਮ ਵਿੱਚ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਜਿਕਰ ਵੀ ਸੰਤਾਂ ਵੱਲੋਂ ਅਤੇ ਮਿਸ਼ਨਰੀ ਗਾਇਕ ਵੱਲੋਂ ਵੀ ਕੀਤਾ ਗਿਆ। ਗੱਦੀਨਸ਼ੀਨ ਸੰਤ ਕ੍ਰਿਸ਼ਨ ਨਾਥ ਚਹੇੜੂ ਵੱਲੋਂ ਮਹਿੰਦਰ ਮਹੇੜੂ, ਗੀਤਕਾਰ ਪੰਛੀ ਡੱਲੇਵਾਲੀਆ ਅਤੇ ਪਹੁੰਚੇ ਹੋਏ ਸੰਤ ਮਹਾਂਪੁਰਸ਼ਾਂ, ਕਲਾਕਾਰਾਂ, ਦਾਨੀ ਪਰਿਵਾਰਾਂ ਅਤੇ ਸੰਸਥਾਵਾਂ ਨੂੰ ਸਨਮਾਨਿਤ ਕੀਤਾ ਗਿਆ। ਸਾਰਿਆਂ ਸੰਗਤਾਂ ਦਾ ਧੰਨਵਾਦ ਵੀ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਕਮਲਜੀਤ ਬੰਗਾ ਖੋਥੜਾ ਸਾਬਕਾ ਸਰਪੰਚ ਵੱਲੋਂ ਬਾਖ਼ੂਬੀ ਨਿਭਾਈ ਗਈ।

# ਨਿਰਮਲ ਕੁਟੀਆ ਖਟਕੜ ਖੁਰਦ ਵਿਖੇ ਅੱਖਾਂ ਦਾ ਅਤੇ ਜਨਰਲ ਮੈਡੀਕਲ ਕੈਂਪ ਲਗਾਇਆ ਗਿਆ





**ਗਾਇਕ ਰੇਸ਼ਮ ਸਿੰਘ ਵਲੋਂ ਲਗਾਏ ਕੈਂਪ ਦਾ ਉਦਘਾਟਨ ਕਰਦੇ ਹੋਏ ਸੁਰਜੀਤ ਸਿੰਘ ਰੱਕੜ, ਨਾਲ ਡਾ.ਕਸ਼ਮੀਰ ਚੰਦ, ਡਾ. ਮਨੋਹਰ ਲਾਲ , ਡਾ.ਬਖਸ਼ੀਸ਼ ਤੇ ਹੋਰ**

**ਬੰਗਾ( ਚਰਨਜੀਤ ਸੱਲ੍ਹਾਂ )** ਪ੍ਰਸਿੱਧ ਸਮਾਜ ਸੇਵਕ ਅਤੇ ਪ੍ਰਵਾਸੀ ਪੰਜਾਬੀ ਗਾਇਕ ਰੇਸ਼ਮ ਸਿੰਘ ਰੇਸ਼ਮ ਯੂਐਸਏ ਵਲੋਂ ਆਪਣੀ ਦਾਦੀ ਸਵ: ਬਲਵੰਤ ਕੌਰ ਵੜੈਚ ਅਤੇ ਮਾਤਾ ਸਵ: ਨਛੱਤਰ ਕੌਰ ਵੜੈਚ ਦੀ ਯਾਦ ਵਿੱਚ ਡਾ.ਅੰਬੇਦਕਰ ਚੇਤਨਾ ਸੁਸਾਇਟੀ ਬੰਗਾ ਅਤੇ ਬਾਬਾ ਜਵਾਹਰ ਸਿੰਘ ਸੇਵਾ ਸੁਸਾਇਟੀ ਖਟਕੜ ਖੁਰਦ ਦੇ ਸਹਿਯੋਗ ਨਾਲ ਅੱਖਾਂ ਦਾ 12 ਵਾਂ ਅਪ੍ਰੇਸ਼ਨ ਕੈਂਪ ਅਤੇ ਜਨਰਲ ਮੈਡੀਕਲ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਐਨ ਆਰ ਆਈ ਤੇ ਸਮਾਜ ਸੇਵਕ ਸ.ਸੁਰਜੀਤ ਸਿੰਘ ਰੱਕੜ ਨੇ ਆਪਣੇ ਕਰਮ ਕਮਲਾਂ ਨਾਲ ਫੀਤਾ ਕੱਟ ਕੇ ਕੀਤਾ।ਸ. ਸੁਰਜੀਤ ਸਿੰਘ ਰੱਕੜ ਨੇ ਇਸ ਮੌਕੇ ਤੇ ਕਿਹਾ ਕਿ ਰੇਸ਼ਮ ਸਿੰਘ ਨੇ ਗੁਰੂਆਂ ਦੇ ਫਲਸਫੇ ਨੂੰ ਆਪਣੇ ਮਨ 'ਚ ਵਸਾਇਆ ਹੋਇਆ ਹੈ ਤੇ ਉਹ ਦਸਵੰਧ ਨਾਲ ਮਨੁੱਖਤਾ ਦੀ ਸੇਵਾ ਦਾ ਬਹੁਤ ਵੱਡਾ ਕਾਰਜ ਕਰ ਰਿਹਾ ਹੈ ।ਡਾ.ਬਖਸ਼ੀਸ਼ ਸਿੰਘ ਅਤੇ ਡਾ.ਕਸ਼ਮੀਰ ਸਿੰਘ ਨੇ ਆਪਣੇ ਸਾਂਝੇ ਬਿਆਨ ਵਿੱਚ ਕਿਹਾ ਕਿ ਰੇਸ਼ਮ ਸਿੰਘ ਰੇਸ਼ਮ ਸਹੀ ਰੂਪ ਵਿੱਚ ਮਨੁੱਖਤਾ ਦੀ ਸੇਵਾ ਕਰ ਰਹੇ ਹਨ । ਗਾਇਕ ਰੇਸ਼ਮ ਸਿੰਘ ਨੇ ਕਿਹਾ ਕਿ ਲੋਕ ਸੇਵਾ ਦੇ ਕੰਮ ਕਰ ਕੇ ਮਨ ਨੂੰ ਸਕੂਨ ਮਿਲਦਾ ਹੈ , ਤੇ ਉਹ ਇਸ ਤਰਾਂ ਦੇ ਸੇਵਾ ਦੇ ਕੰਮ ਕਰਦੇ ਰਹਿਣਗੇ।ਅੱਖਾਂ ਦੇ ਕੈਂਪ ਵਿੱਚ 328 ਮਰੀਜ਼ਾ ਨੇ ਚੈਕਅੱਪ ਕਰਵਾਇਆ ਅਤੇ 61 ਮਰੀਜ਼ ਓਪਰੇਸ਼ਨ ਲਈ ਚੁਣੇ ਗਏ, ਜਿਹਨਾਂ ਦਾ ਦੁੱਗਲ ਆਈ ਹਸਪਤਾਲ ਜਲੰਧਰ ਵਿੱਚ ਓਪਰੇਸ਼ਨ ਕੀਤਾ ਜਾਵੇਗਾ। ਜਨਰਲ ਮੈਡੀਕਲ ਕੈਂਪ ਵਿੱਚ ਵਿੱਚ ਡਾ.ਕਸ਼ਮੀਰ ਚੰਦ, ਡਾ.ਨਵਨੀਤ ਸਹਿਗਲ, ਡਾ.ਸੁਖਵਿੰਦਰ ਸਿੰਘ ਹੀਰਾ,ਡਾ.ਅਮਰੀਕ ਸਿੰਘ, ਡਾ. ਮਨੋਹਰ ਲਾਲ, ਡਾ. ਬਖਸ਼ੀਸ਼ ਸਿੰਘ ਆਦਿ ਡਾਕਟਰ ਸਾਹਬਾਨ ਨੇ ਆਪਣੀਆਂ ਸੇਵਾਵਾਂ ਦਿੱਤੀਆ। ਡਾ.ਸੁਸ਼ੀਲ ਜੀ ਨੇ ਮਰੀਜ਼ਾ ਦੀਆਂ ਅੱਖਾਂ ਦੀ ਜਾਂਚ ਕੀਤੀ ਅਤੇ ਫਰੀ ਦਵਾਈਆਂ ਦਿੱਤੀਆਂ। 232 ਮਰੀਜ਼ਾਂ ਨੂੰ ਐਨਕਾਂ ਦਿੱਤੀਆਂ ਗਈਆਂ। ਇਸ ਕੈਂਪ ਦੌਰਾਨ ਮਰੀਜਾਂ ਦੀ ਸੁਵਿਧਾ ਲਈ ਅਤੁੱਟ ਲੰਗਰ ਵੀ ਵਰਤਾਇਆ ਗਿਆ। ਇਸ ਮੌਕੇ ਤੇ ਪਿੰਡ ਦੇ ਸਰਪੰਚ ਕਮਲਜੀਤ ਮੋਨੂੰ , ਰਵੀ,ਲੈਕ ਸ਼ੰਕਰ ਦਾਸ, ਲੈਕ: ਸੁਭਾਸ਼, ਲੈਕ ਬਲਿਹਾਰ ਚੰਦ, ਮਾ ਰਾਮ ਲਾਲ ਗੁਣਾਚੌਰ ,ਮੈਨੇਜਰ ਸੁਰਿੰਦਰ ਮੋਹਨ , ਹਰਜਿੰਦਰ ਸਿੰਘ, ਦਿਦਾਰ ਸਿੰਘ, ਸੁਰਿੰਦਰਪਾਲ ਸਿੰਘ ਯੂਐਸਏ, ਸਤਨਾਮ ਵੜੈਚ,ਲੈਕ ਕੁਲਵਿੰਦਰ। ਹਰਬਲਾਸ ਬੰਗਾ, ਲੈਕ ਸੁਭਾਸ਼ ਸੱਲਵੀ, ਅਮਰੀਕ ਸਿੰਘ ਬਿੰਦਰਾ ਕਨੇਡਾ, ਗੁਰਦਾਵਰ ਸਿੰਘ ਕਨੇਡਾ, ਬਲਵੀਰ ਕੌਰ ਵੜੈਚ , ਲੈਕ ਮਨਜੀਤ ਕੌਰ , ਸੁਰਿੰਦਰ ਸਿੰਘ ਡੀਪੀਈ, ਲਖਬੀਰ ਸਿੰਘ ਕਾਹਮਾ, ਪੰਜਾਬ ਸਿੰਘ, ਰਾਮ ਲੁਭਾਇਆ ਸਾਬਕਾ ਸਰਪੰਚ, ਮਦਨ ਗੋਪਾਲ ਮੰਤਰੀ, ਗੁਰਨਾਮ ਵੜੈਚ, ਚੰਡੀਗੜ੍ਹ ਤੋਂ ਵੀਡੀਓ ਡਾਇਰੈਕਟਰ ਜਸਵਿੰਦਰ ਜੱਸੀ ,ਗਾਇਕ ਸਤਵੀਰ ਸੱਤੀ, ਪਿੰਡ ਦੀ ਪੰਚਾਇਤ ਤੇ ਹੋਰ ਨਗਰ ਨਿਵਾਸੀ ਹਾਜ਼ਰ ਸਨ।

# ਪੀ.ਏ.ਯੂ.-ਖੇਤੀਬਾੜੀ ਕਾਲਜ, ਬੱਲੋਵਾਲ ਸੌਂਖੜੀ ਵਿੱਚ ਉੱਚ ਸਿੱਖਿਆ ਮੌਕਿਆਂ ਬਾਰੇ ਵਿਸ਼ੇਸ਼ ਸੈਸ਼ਨ ਆਯੋਜਿਤ

**ਨਵਾਂਸ਼ਹਿਰ/ਕਾਠਗੜ੍ਹ (ਜਤਿੰਦਰ** ਪਾਲ ਸਿੰਘ ਕਲੇਰ ) ਪੀ.ਏ.ਯੂ.ਖੇਤੀਬਾੜੀ ਕਾਲਜ, ਬੱਲੋਂਵਾਲ ਸੌਂਖੜੀ ਵਿਖੇ "ਖੇਤੀਬਾੜੀ ਸਨਾਤਕਾਂ ਲਈ ਉੱਚ ਸਿੱਖਿਆ ਦੇ ਮੌਕੇ" ਵਿਸ਼ੇ 'ਤੇ ਇਕ ਵਿਸ਼ੇਸ਼ ਅਕਾਦਮਿਕ ਸੈਸ਼ਨ ਆਯੋਜਿਤ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਅਤੇ ਮੁੱਖ ਵਕਤਾ ਵਜੋਂ ਡਾ. ਸੁਰਿੰਦਰ ਸਿੰਘ ਕੁਕਲ, ਲੀਡ (ਵਾਤਾਵਰਣ ਅਤੇ ਮੌਸਮੀ ਤਬਦੀਲੀ), ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਿਨਿਸਟ੍ਰੇਸ਼ਨ, ਚੰਡੀਗੜ੍ਹ ਅਤੇ ਸਾਬਕਾ ਡੀਨ, ਖੇਤੀਬਾੜੀ ਕਾਲਜ, ਪੀ.ਏ.ਯੂ., ਲੁਧਿਆਣਾ ਨੇ ਸ਼ਿਰਕਤ ਕੀਤੀ। ਸਮਾਗਮ ਦੀ ਸ਼ੁਰੂਆਤ ਕਾਲਜ ਦੇ ਡੀਨ ਡਾ. ਮਨਮੋਹਨਜੀਤ ਸਿੰਘ ਵੱਲੋਂ ਡਾ. ਕੁਕਲ ਦਾ ਸਵਾਗਤ ਕਰਦੇ ਹੋਏ ਕੀਤੀ ਗਈ। ਉਨ੍ਹਾਂ ਨੇ ਪੌਦਾ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਮੁੱਖ ਮਹਿਮਾਨ ਦਾ ਸਨਮਾਨ ਕੀਤਾ। ਆਪਣੇ ਸੰਬੋਧਨ ਵਿੱਚ ਡਾ. ਮਨਮੋਹਨਜੀਤ ਸਿੰਘ ਨੇ ਡਾ. ਕੁਕਲ ਦੀ ਅਕਾਦਮਿਕ ਯਾਤਰਾ ਅਤੇ ਖੇਤੀਬਾੜੀ ਖੇਤਰ ਵਿੱਚ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਦੀ ਸਰਾਹਨਾ ਕਰਦਿਆਂ ਉਨ੍ਹਾਂ ਨੂੰ ਆਪਣਾ ਮਾਰਗਦਰਸ਼ਕ ਅਤੇ ਪ੍ਰੇਰਣਾ ਸਰੋਤ ਦੱਸਿਆ।






ਆਪਣੇ ਭਾਸ਼ਣ ਵਿੱਚ ਡਾ. ਕੁਕਲ ਨੇ ਜਾਣਕਾਰੀ ਅਤੇ ਗਿਆਨ ਵਿਚਕਾਰ ਅੰਤਰ ਨੂੰ ਰੌਸ਼ਨ ਕੀਤਾ। ਉਨ੍ਹਾਂ ਕਿਹਾ ਕਿ ਡਿਜੀਟਲ ਮਾਧਿਅਮ ਸਿਰਫ ਜਾਣਕਾਰੀ ਪ੍ਰਦਾਨ ਕਰਦੇ ਹਨ, ਜਦਕਿ ਅਸਲ ਗਿਆਨ ਅਕਾਦਮਿਕ ਪ੍ਰਕਿਰਿਆ ਅਤੇ ਅਧਿਆਪਕਾਂ ਦੇ ਮਾਰਗਦਰਸ਼ਨ ਰਾਹੀਂ ਹੀ ਪ੍ਰਾਪਤ ਹੁੰਦਾ ਹੈ। ਉਨ੍ਹਾਂ ਨੇ ਵਿਦੇਸ਼ੀ ਵਿਸ਼ਵਵਿਦਿਆਲਿਆਂ, ਪੀ.ਏ.ਯੂ. ਅਤੇ ਹੋਰ ਪ੍ਰਸਿੱਧ ਸੰਸਥਾਵਾਂ ਵਿੱਚ ਮਾਸਟਰ ਅਤੇ ਡਾਕਟਰੇਟ ਡਿਗਰੀ ਦੇ ਮੌਕਿਆਂ ਬਾਰੇ ਵਿਸਥਾਰਪੁਰਵਕ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਵਿਦੇਸ਼ੀ ਯੂਨੀਵਰਸਿਟੀਆਂ ਵਿੱਚ ਦਾਖਲੇ ਦੀ ਪ੍ਰਕਿਰਿਆ, ਅਕਾਦਮਿਕ ਰਸਾਲਿਆਂ ਵਿੱਚ ਖੋਜ ਲੇਖ ਭੇਜਣ ਦੇ ਤਰੀਕੇ, ਮੁਕਾਬਲੇ ਦੀਆਂ ਪ੍ਰੀਖਿਆਵਾਂ ਅਤੇ ਨਿੱਜੀ ਖੇਤਰ ਵਿੱਚ ਰੁਜ਼ਗਾਰ ਦੇ ਮੌਕੇ, ਖਾਸ ਕਰਕੇ ਖਾਦ ਅਤੇ ਬੀਜ ਕੰਪਨੀਆਂ ਵਿੱਚ, ਬਾਰੇ ਵੀ ਚਰਚਾ ਕੀਤੀ। ਉਹਨਾਂ ਵਿਦਿਆਰਥੀਆਂ ਨੂੰ ਆਪਣੇ ਕਾਰੋਬਾਰ ਸ਼ੁਰੂ ਕਰਨ ਵੱਲ ਕਦਮ ਵਧਾਉਣ ਅਤੇ ਖੇਤੀਬਾੜੀ ਸਰੋਤਾਂ ਦਾ ਪ੍ਰਭਾਵਸ਼ਾਲੀ ਉਪਯੋਗ ਕਰਨ ਲਈ ਪ੍ਰੇਰਿਤ ਕੀਤਾ। ਸੈਸ਼ਨ ਦੇ ਅੰਤ ਵਿੱਚ ਵਿਦਿਆਰਥੀਆਂ ਨਾਲ ਕਿੱਤੇ ਦੀ ਚਰਚਾ ਵੀ ਹੋਈ, ਜਿਸ ਦੌਰਾਨ ਉਨ੍ਹਾਂ ਨੇ ਉੱਚ ਸਿੱਖਿਆ ਵਿੱਚ ਦਾਖਲੇ, ਖੋਜ ਪ੍ਰਕਾਸ਼ਨ ਅਤੇ ਕਿੱਤੇ ਦੀ ਚੋਣਾਂ ਸਬੰਧੀ ਸਵਾਲ ਪੁੱਛੇ। ਡਾ. ਕੁੱਕਲ ਨੇ ਆਪਣੇ ਅਕਾਦਮਿਕ ਅਤੇ ਪ੍ਰਸ਼ਾਸਕੀ ਤਜ਼ਰਬੇ ਤੋਂ ਪ੍ਰਾਪਤ ਵਿਵਹਾਰਕ ਸੂਝ ਨਾਲ ਇਨ੍ਹਾਂ ਸਵਾਲਾਂ ਦੇ ਜਵਾਬ ਦਿੱਤੇ। ਪ੍ਰੋਗਰਾਮ ਦਾ ਮੰਚ ਸੰਚਾਲਨ ਵਿਦਿਆਰਥੀ ਅਰਸ਼ਦੀਪ ਸਿੰਘ ਦੁਆਰਾ ਕੀਤਾ ਗਿਆ ਅਤੇ ਧੰਨਵਾਦ ਮਤਾ ਡਾ. ਸਵਪਨਿਲ ਪਾਂਡੇ ਵੱਲੋਂ ਪੇਸ਼ ਕੀਤਾ ਗਿਆ। ਉਨ੍ਹਾਂ ਨੇ ਮੁੱਖ ਮਹਿਮਾਨ ਦੇ ਕੀਮਤੀ ਮਾਰਗਦਰਸ਼ਨ ਅਤੇ ਵਿਦਿਆਰਥੀਆਂ ਦੀ ਸਰਗਰਮ ਭਾਗੀਦਾਰੀ ਲਈ ਧੰਨਵਾਦ ਪ੍ਰਗਟਾਇਆ।

# ਮੱਧ ਪ੍ਰਦੇਸ਼ 'ਚ ਅੰਮ੍ਰਿਤਧਾਰੀ ਬੱਚੀ ਦੀ ਦਸਤਾਰ ਤੇ ਕਿਰਪਾਨ ਲੁਹਾਉਣਾ ਮੰਦਭਾਗਾ: ਜਥੇਦਾਰ ਸੁਰਜੀਤ ਸਿੰਘ ਦੋਭਾਲੀ

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਮੱਧ ਪ੍ਰਦੇਸ਼ ਦੇ ਰਤਲਾਮ ਵਿਖੇ ਬੀਤੇ ਕੱਲ੍ਹ ਲੋਕ ਸੇਵਾ ਕਮਿਸ਼ਨ ਵਲੋਂ ਲਈ ਗਈ ਪ੍ਰੀਖਿਆ ਦੌਰਾਨ ਅੰਮ੍ਰਿਤਧਾਰੀ ਸਿੱਖ ਪ੍ਰੀਖਿਆਰਥੀ ਬੱਚੀ ਦੀ ਦਸਤਾਰ ਅਤੇ ਕਿਰਪਾਨ ਲੁਹਾਉਣ ਦੇ ਮਾਮਲੇ 'ਤੇ ਜਥੇਦਾਰ ਸੁਰਜੀਤ ਸਿੰਘ ਦੋਭਾਲੀ ਨੇ ਸਖ਼ਤ ਇਤਰਾਜ਼ ਜਤਾਇਆ ਹੈ। ਦੋਭਾਲੀ ਨੇ ਕਿਹਾ ਕਿ ਸਿੱਖ ਧਰਮ ਦੇ ਸਿਧਾਂਤਾਂ ਅਤੇ ਰਵਾਇਤਾਂ ਤੋਂ ਸਾਰੇ ਦੇਸ਼ ਦੇ ਲੋਕ ਚੰਗੀ ਤਰ੍ਹਾਂ ਜਾਣੂ ਹਨ ਅਤੇ ਸਿੱਖ ਕਕਾਰਾਂ ਤੋਂ ਵੀ ਲੋਕਾਂ ਨੂੰ ਕਿਸੇ ਕਿਸਮ ਦੀ ਅਗਿਆਨਤਾ ਨਹੀਂ ਹੈ। ਪ੍ਰੰਤੂ ਇਸ ਦੇ ਬਾਵਜੂਦ ਵੀ ਕਕਾਰਾਂ 'ਤੇ ਸਵਾਲ ਚੁੱਕਣ ਦੁਖਦਾਈ ਹਨ। ਬਾਰ-ਬਾਰ ਸਿੱਖ ਬੱਚਿਆਂ ਨੂੰ ਪ੍ਰੀਖਿਆਵਾਂ ਵਿਚ ਕਕਾਰ ਪਹਿਨਣ ਤੋਂ ਰੋਕਣਾ ਦੇਸ਼ ਦੇ ਸੰਵਿਧਾਨ ਦੀ ਉਲੰਘਣਾ ਹੈ ਅਤੇ ਸਿੱਖਾਂ ਨੂੰ ਆਪਣੇ ਹੀ ਦੇਸ਼ ਅੰਦਰ ਬੇਗਾਨਗੀ ਦਾ ਅਹਿਸਾਸ ਕਰਾਉਣ ਵਾਂਗ ਹੈ। ਇਸ ਦੇ ਨਾਲ ਹੀ



ਉਨ੍ਹਾਂ ਇਹ ਵੀ ਕਿਹਾ ਕਿ ਭਾਵੇਂ ਕਿ ਪ੍ਰੀਖਿਆ ਸਟਾਫ਼ ਵੱਲੋਂ ਮੁਆਫ਼ੀ ਮੰਗ ਲਈ ਗਈ ਹੈ, ਪ੍ਰੰਤੂ ਅਜਿਹਾ ਵਾਪਰਨ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਜਥੇਦਾਰ ਸੁਰਜੀਤ ਸਿੰਘ ਦੋਭਾਲੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਅਜਿਹੀਆਂ ਘਟਨਾਵਾਂ ਪਤੀ ਆਪਣੇ ਜਨਰਲ ਇਜਲਾਸ ਦੌਰਾਨ ਵਿਸ਼ੇਸ਼ ਮਤੇ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜੇ ਜਾਂਣੇ ਚਾਹੀਦੇ ਹਨ, ਜਿਸ 'ਤੇ ਕਾਰਵਾਈ ਹੋਣੀ ਚਾਹੀਦੀ ਹੈ । ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਹਰ ਸੂਬੇ ਦੀ ਸਰਕਾਰ ਨੂੰ ਸਿੱਖਾਂ ਦੇ ਕਕਾਰਾਂ ਅਤੇ ਧਾਰਮਿਕ ਚਿੰਨ੍ਹਾਂ ਬਾਰੇ ਇਹ ਆਦੇਸ਼ ਜਾਰੀ ਕਰੇ ਕਿ ਕਿਸੇ ਵੀ ਪ੍ਰੀਖਿਆ ਦੌਰਾਨ ਸਿੱਖ ਕਕਾਰਾਂ ਦਾ ਸਨਮਾਨ ਬਹਾਲ ਰੱਖਿਆ ਜਾਵੇ ਅਤੇ ਜੇ ਕੋਈ ਇਸ ਦੀ ਉਲੰਘਣਾ ਕਰੇ ਤਾਂ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ।

# ਰਾਹੋਂ ਵਿਖੇ ਹੋਲੀ ਦੇ ਤਿਉਹਾਰ ਦੇ ਮੌਕੇ ਰੰਗਾਂ ਦੀ ਬਜਾਏ ਗੰਦਗੀ ਹੀ ਭਾਰੂ ਰਹੇਗੀ - ਬਲਦੇਵ ਭਾਰਤੀ

**ਰਾਹੋਂ (ਸਤਨਾਮ ਸਿੰਘ ਸਹੂੰਗੜਾ)** ਨਗਰ ਕੌਂਸਲ ਰਾਹੋਂ ਦੇ ਸਾਬਕਾ ਉੱਪ ਪ੍ਰਧਾਨ ਬਲਦੇਵ ਭਾਰਤੀ ਸਟੇਟ ਐਵਾਰਡੀ ਨੇ ਦੱਸਿਆ ਕਿ ਰਾਹੋਂ ਵਿਖੇ ਹੋਲੀ ਦੇ ਤਿਉਹਾਰ ਦੇ ਮੌਕੇ ਰੰਗਾਂ ਦੀ ਬਜਾਏ ਗੰਦਗੀ ਹੀ ਭਾਰੂ ਰਹੇਗੀ। ਕਿਉਂਕਿ ਰਾਹੋਂ ਵਿੱਚ ਫਿਲੌਰ ਚੌਂਕ ਤੋਂ ਸੀਵਰੇਜ ਟਰੀਟਮੈਂਟ ਪਲਾਂਟ ਮਾਛੀਵਾੜਾ ਰੋਡ ਤੱਕ ਮੇਨ ਸੜਕ ਦੀ ਨਵੀਂ ਉਸਾਰੀ ਲਈ ਪੁੱਟਾਈ ਪਿਛਲੇ ਕਰੀਬ ਡੇਢ ਮਹੀਨੇ ਪਹਿਲਾਂ ਤੋਂ ਕੀਤੀ ਗਈ ਹੈ। ਇਸ ਸੜਕ ਉੱਤੇ ਸ਼੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ, ਬਾਬਾ ਵਿਸ਼ਵਕਰਮਾ ਮੰਦਰ ਅਤੇ ਦਰਬਾਰ ਬਾਬਾ ਕੁੱਲੇਵਾਲਾ ਧਾਰਮਿਕ ਅਸਥਾਨ ਸੁਸ਼ੋਭਿਤ ਹਨ। ਇਸ ਸੜਕ ਦੀ ਪੁੱਟਾਈ ਉਪਰੰਤ ਸਬੰਧਤ ਵਿਭਾਗ ਅਤੇ ਸਰਕਾਰ ਇਸ ਦੀ ਨਵੀਂ ਉਸਾਰੀ ਕਰਨਾ ਭੁੱਲ ਗਏ ਹਨ। ਇਸ ਸੜਕ ਦੇ ਆਲੇ ਦੁਆਲੇ ਪੁੱਟਾਈ ਦੇ ਮਲਬੇ ਦੇ ਢੇਰ ਅਤੇ ਉੱਡਦੀ ਧੂੜ ਜਿੱਥੇ ਆਵਾਜਾਈ ਵਿੱਚ ਵੱਡਾ ਵਿਘਨ ਪਾਉਂਦੇ ਹੈ ਉੱਥੇ ਆਲੇ ਦੁਆਲੇ ਰਹਿੰਦੇ ਵਸਨੀਕਾਂ ਲਈ ਨਰਕ ਬਣੇ ਹੋਏ ਹਨ। ਖਦਸ਼ਾ ਹੈ ਕਿ ਇਹ ਧੂੜ ਧੜੱਪਾ ਕਈ ਬਿਮਾਰੀਆਂ ਨੂੰ ਜਨਮ ਦੇਵੇਗਾ। ਇਸ ਨਾਲ ਮਹਿਮੀ ਪੈਲੇਸ, ਮੁਹੱਲਾ ਤਾਜਪੁਰਾ, ਸਰੋਆ ਪੈਲੇਸ, ਮੁਹੱਲਾ ਪਹਾੜ ਸਿੰਘ, ਸ਼ਮਸ਼ਾਨਘਾਟ ਮਾਛੀਵਾੜਾ ਰੋਡ, ਅਮਨ ਪੈਲੇਸ, ਅਤੇ ਰੌਇਲ ਹੋਟਲ ਆਦਿ ਬੁਰੀ ਤਰ੍ਹਾਂ ਪ੍ਰਭਾਵਿਤ ਹਨ। ਬਲਦੇਵ ਭਾਰਤੀ ਨੇ ਦੱਸਿਆ ਕਿ ਰਾਹੋਂ ਸ਼ਹਿਰ ਵਿੱਚ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵੱਲੋਂ ਵਾਟਰ ਸਪਲਾਈ ਅਤੇ ਸੀਵਰੇਜ ਦੀਆਂ ਪਾਈਪਾਂ ਪਾਉਣ ਲਈ ਪੁੱਟੀਆਂ ਗਈਆਂ ਸੜਕਾਂ ਕਾਰਨ ਪੂਰਾ ਰਾਹੋਂ ਸ਼ਹਿਰ ਵਾਸੀ ਬੁਰੀ ਤਰ੍ਹਾਂ ਤੰਗ ਪ੍ਰੇਸ਼ਾਨ ਹੈ। ਆਏ ਦਿਨ ਨਾਲੀਆਂ ਦੀ ਗੰਦਗੀ ਸੜਕਾਂ ਅਤੇ ਗਲੀਆਂ ਵਿੱਚ ਆ ਕੇ ਗਟਰ ਦਾ ਰੂਪ ਧਾਰਨ ਕਰ ਲੈਂਦੀ ਹੈ। ਇੱਥੇ ਸੜਕਾਂ, ਨਾਲੀਆਂ ਅਤੇ ਪੁਲੀਆਂ ਦੀ ਭੰਨਤੋੜ ਲਗਾਤਾਰ ਹਾਦਸਿਆਂ ਨੂੰ ਜਨਮ ਦੇ ਰਹੀ ਹੈ। ਦੂਸਰੇ ਪਾਸੇ ਲੋਕਾਂ ਦੀ ਵਾਰ ਵਾਰ ਮੰਗ ਦੇ ਬਾਵਜੂਦ ਵੀ ਉਨ੍ਹਾਂ ਦੀਆਂ ਸਮੱਸਿਆਂਵਾਂ ਪ੍ਰਤੀ ਸਰਕਾਰ ਅਤੇ ਪ੍ਰਸ਼ਾਸਨ ਘੂਕ ਸੁੱਤੇ ਪਏ ਹਨ। ਬਲਦੇਵ ਭਾਰਤੀ ਨੇ ਪੰਜਾਬ ਸਰਕਾਰ ਪਾਸੋਂ ਪੁਰਜ਼ੋਰ ਮੰਗ ਕੀਤੀ ਕਿ ਲੋਕਾਂ ਨੂੰ ਰਾਹਤ ਦੇਣ ਲਈ ਫਿਲੌਰ ਚੌਂਕ ਤੋਂ ਸੀਵਰੇਜ ਟਰੀਟਮੈਂਟ ਪਲਾਂਟ ਮਾਛੀਵਾੜਾ ਰੋਡ ਤੱਕ ਸੜਕ ਅਤੇ ਰਾਹੋਂ ਵਿੱਚ ਟੁੱਟੀਆਂ ਹੋਈਆਂ ਸੜਕਾਂ, ਗਲੀਆਂ ਅਤੇ ਪੁਲੀਆਂ ਦੀ ਨਵੀਂ ਉਸਾਰੀ ਜਲਦੀ ਜਲਦੀ ਤੋਂ ਕੀਤੀ ਜਾਵੇ।



# ਫੀਫਾ ਵਿਸ਼ਵ ਕੱਪ: ਟੋਰਾਂਟੋ ਅਤੇ ਵੈਨਕੂਵਰ ਵਿੱਚ ਤਿਆਰੀਆਂ ਨੂੰ ਦਿੱਤੀਆਂ ਜਾ ਰਹੀਆਂ ਨੇ ਅੰਤਿਮ ਛੋਹਾਂ!

**ਵੈਨਕੂਵਰ, (ਮਲਕੀਤ ਸਿੰਘ)** – ਫੀਫਾ ਵਿਸ਼ਵ ਕੱਪ ਦੀ ਸ਼ੁਰੂਆਤ ਨੂੰ ਹੁਣ ਸਿਰਫ਼ 100 ਦਿਨ ਬਾਕੀ ਰਹਿ ਗਏ ਹਨ ਅਤੇ ਕੈਨੇਡਾ ਦੇ ਮੇਜ਼ਬਾਨ ਸ਼ਹਿਰਾਂ ਟੋਰਾਂਟੋ ਅਤੇ ਵੈਨਕੂਵਰ ਵਿੱਚ ਤਿਆਰੀਆਂ ਜ਼ੋਰਾਂ ’ਤੇ ਹਨ। ਦੋਵਾਂ ਸ਼ਹਿਰਾਂ ਵਿੱਚ ਮੁਕਾਬਲਿਆਂ ਦੇ ਆਗਮਨ ਦੀਆਂ ਨਿਸ਼ਾਨੀਆਂ ਹੌਲੀ-ਹੌਲੀ ਸਪਸ਼ਟ ਹੋਣ ਲੱਗੀਆਂ ਹਨ। ਵੈਨਕੂਵਰ ਦੇ ਡਾਊਨਟਾਊਨ ਇਲਾਕੇ ਵਿੱਚ ਸਾਬਕਾ ਹਡਸਨ ਬੇ ਦੇ ਮੁੱਖ ਸਟੋਰ ਦੀਆਂ ਖਿੜਕੀਆਂ ’ਤੇ ਟੂਰਨਾਮੈਂਟ ਦਾ ਚਿੰਨ੍ਹ ਲਗਾਇਆ ਗਿਆ ਹੈ, ਜੋ ਹੋਣ ਵਾਲੇ ਖੇਡਾਂ ਦੇ ਇਸ ਮਹਾਂ ਕੁੰਭ ਦੀਆ ਤਿਆਰੀਆਂ ਦਾ ਸਪਸ਼ਟ ਸੰਕੇਤ ਹੈ। ਸ਼ਹਿਰ ਦੇ ਵੱਖ-ਵੱਖ ਸਥਾਨਾਂ ’ਤੇ ਸਜਾਵਟੀ ਕੰਮ ਅਤੇ ਢਾਂਚਾਗਤ ਪ੍ਰਬੰਧ ਦੀ ਤਿਆਰੀ ਵੀ ਕੀਤੀ ਜਾ ਰਹੀ ਹੈ। ਇਸ ਵਿਸ਼ਵ ਪੱਧਰੀ ਖੇਡ ਸਮਾਰੋਹ ਦੇ ਮੱਦੇਨਜ਼ਰ ਸੁਰੱਖਿਆ ਪ੍ਰਬੰਧ, ਆਵਾਜਾਈ ਸੁਵਿਧਾਵਾਂ ਅਤੇ ਸਵੈਸੇਵਕਾਂ ਦੀ ਭਰਤੀ ਸਮੇਤ ਕਈ ਪੱਖਾਂ ’ਤੇ ਕੰਮ ਜਾਰੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਸਮੇਂ ਸਿਰ ਸਾਰੀਆਂ ਤਿਆਰੀਆਂ ਪੂਰੀਆਂ ਕਰ ਲਈਆਂ ਜਾਣਗੀਆਂ। ਟੋਰਾਂਟੋ ਅਤੇ ਵੈਨਕੂਵਰ ਵਿੱਚ ਖੇਡ ਪ੍ਰੇਮੀਆਂ ਵਿੱਚ ਵੀ ਉਤਸ਼ਾਹ ਦਾ ਮਾਹੌਲ ਹੈ ਅਤੇ ਸਥਾਨਕ ਵਪਾਰੀਆਂ ਨੂੰ ਆਸ ਹੈ ਕਿ ਵਿਸ਼ਵ ਕੱਪ ਦੌਰਾਨ ਵੱਡੀ ਗਿਣਤੀ ਵਿੱਚ ਆਉਣ ਵਾਲੇ ਦਰਸ਼ਕਾਂ ਨਾਲ ਆਰਥਿਕ ਗਤੀਵਿਧੀਆਂ ਨੂੰ ਵੀ ਵਾਧਾ ਮਿਲੇਗਾ।


ਵੈਨਕੂਵਰ ਦੇ ਮੈਦਾਨ ਵਿੱਚ ਲਗਾਇਆ ਗਿਆ ਵਿਸ਼ਵ ਕੱਪ ਦਾ ਚਿੰਨ੍ਹ

# ਮੀਡੀਆ ਚੁੱਪ ਕਿਉਂ ਹੈ

ਬੰਗਾ (ਚਰਨਜੀਤ ਸੱਲ੍ਹਾਂ )ਸਿਰਫ਼ 23 ਸਾਲ ਦੀ… ਹੱਥ ਵਿੱਚ ਨਵਜੰਮੀ ਬੱਚੀ… ਲਾਸ਼ ਵੀ ਪੂਰੀ ਤਰ੍ਹਾਂ ਬਰਾਮਦ ਨਹੀਂ ਹੋਈ…

ਪਰ ਉਸ ਵਿਚ ਇੰਨੀ ਹਿੰਮਤ ਸੀ ਕਿ ਉਸ ਨੇ ਇਤਿਹਾਸ ਲਿਖਿਆ।

ਤਾਮਿਲਨਾਡੂ ਦੀ ਵੀ. ਸ੍ਰੀਪਥੀ ਨੇ ਬੱਚੀ ਨੂੰ ਜਨਮ ਦੇਣ ਤੋਂ ਸਿਰਫ਼ 2 ਦਿਨ ਬਾਅਦ 250 ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਸਿਵਲ ਜੱਜ ਦੀ ਪ੍ਰੀਖਿਆ ਪਾਸ ਕੀਤੀ ਅਤੇ ਸੂਬੇ ਦੀ ਪਹਿਲੀ ਆਦਿਵਾਸੀ ਮਹਿਲਾ ਜੱਜ ਬਣ ਕੇ ਦਿਖਾਇਆ ਕਿ ਸੁਪਨੇ ਹਾਲਾਤ ਨਹੀਂ ਸਗੋਂ ਹਿੰਮਤ ਦੇਖਦੇ ਹਨ।

ਇਹ ਸਿਰਫ਼ ਇਮਤਿਹਾਨ ਪਾਸ ਕਰਨ ਦੀ ਕਹਾਣੀ ਨਹੀਂ ਹੈ, ਸਗੋਂ ਉਸ ਭਾਵਨਾ ਦੀ ਮਿਸਾਲ ਹੈ ਜੋ ਕਹਿੰਦੀ ਹੈ-

ਇੱਕ ਮਾਂ, ਇੱਕ ਯੋਧਾ ਅਤੇ ਇੱਕ ਜੇਤੂ।

ਜਦੋਂ ਦੁਨੀਆਂ ਬਹਾਨੇ ਲੱਭਦੀ ਹੈ ਤਾਂ ਕੁਝ ਲੋਕ ਇਤਿਹਾਸ ਰਚਦੇ ਹਨ।

ਅਜਿਹੀਆਂ ਧੀਆਂ ਦੇਸ਼ ਦੀ ਅਸਲ ਤਾਕਤ ਹਨ, ਜਿਨ੍ਹਾਂ ’ਤੇ ਹਰ ਭਾਰਤੀ ਨੂੰ ਮਾਣ ਹੋਣਾ ਚਾਹੀਦਾ ਹੈ।






# ਬੋਧੀ ਭਾਈਚਾਰੇ ਵੱਲੋਂ ਡਾ. ਅੰਬੇਡਕਰ ਚੌਂਕ ਜਲੰਧਰ 'ਚ ਧਰਨਾ 10 ਮਾਰਚ ਨੂੰ ਦਿੱਤਾ ਜਾਵੇਗਾ







**ਜਲੰਧਰ (ਪਰਮਜੀਤ ਜੱਸਲ)**– ਬੋਧੀ ਭਾਈਚਾਰੇ ਦੀ ਇੱਕ ਅਹਿਮ ਮੀਟਿੰਗ ਬੁੱਧ ਵਿਹਾਰ ਸਿਧਾਰਥ ਨਗਰ ,ਜਲੰਧਰ ਵਿਖੇ ਹੋਈ। ਜਿਸ 'ਚ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਬੋਧ ਗਯਾ ਮਹਾਂ ਵਿਹਾਰ ਮੁਕਤੀ ਅੰਦੋਲਨ ਦੇ ਤਹਿਤ10 ਮਾਰਚ 2026 ਨੂੰ ਸਵੇਰੇ 10 ਵਜੇ ਡਾ. ਅੰਬੇਡਕਰ ਚੌਂਕ ਜਲੰਧਰ ਵਿਖੇ ਧਰਨਾ ਦਿੱਤਾ ਜਾਵੇਗਾ। ਉਹਨਾਂ ਪੰਜਾਬ ਸਰਕਾਰ ਤੋਂ ਬੁੱਧ ਪੂਰਨਿਮਾ ਦੀ ਗਜਟਿਡ ਛੁੱਟੀ ਕਰਨ ਅਤੇ ਘੱਟ ਗਿਣਤੀ ਕਮਿਸ਼ਨ ਪੰਜਾਬ ਵਿੱਚ ਬੋਧੀਆਂ ਦਾ ਨੁਮਾਇੰਦਾ ਰੱਖਣ ਦੀ ਵੀ ਮੰਗ ਕੀਤੀ।ਬੋਧੀ ਆਗੂਆਂ ਵੱਲੋਂ ਅੰਬੇਡਕਰੀ ਸੰਸਥਾਵਾਂ, ਭਗਵਾਨ ਵਾਲਮੀਕ ਸੰਸਥਾਵਾਂ, ਮਿਸ਼ਨਰੀ ਸਾਥੀਆਂ, ਬੁੱਧੀਜੀਵੀਆਂ ਅਤੇ ਕੌਮ ਦੇ ਹਿਤੈਸ਼ੀਆਂ ਨੂੰ ਧਰਨੇ 'ਚ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣ ਦੀ ਅਪੀਲ ਕੀਤੀ ਹੈ।ਇਸ ਦਿਨ ਦਲਿਤ ਸਮਾਜ ਦੀ ਪਹਿਲੀ ਅਧਿਆਪਕਾ ਕ੍ਰਾਂਤੀਜੋਤੀ ਸਵਿੱਤਰੀ ਬਾਈ ਫੂਲੇ ਜੀ ਦੇ ਪ੍ਰੀਨਿਰਵਾਣ ਦਿਵਸ 'ਤੇ ਸ਼ਰਧਾ ਦੇ ਫੁੱਲ ਵੀ ਭੇਂਟ ਕੀਤੇ ਜਾਣਗੇ। ਇਹ ਪ੍ਰੈਸ ਬਿਆਨ ਸਾਂਝੇ ਤੌਰ 'ਤੇ ਬੋਧੀ ਆਗੂਆਂ ਐਡਵੋਕੇਟ ਹਰਭਜਨ ਸਾਂਪਲਾ, ਬਲਦੇਵ ਭਾਰਦਵਾਜ, ਬਲਦੇਵ ਜੱਸਲ, ਚੰਚਲ ਬੌਧ ਨੇ ਜਾਰੀ ਕੀਤਾ ਹੈ।

# ਬਠਿੰਡਾ ਸ਼ਹਿਰ ਚ ਹੋ ਰਹੀ ਹੈ ਕੋਟਪਾ ਐਕਟ ਦੀ ਸ਼ਰੇਆਮ ਉਲੰਘਣਾ ਬੱਸ ਅੱਡਾ ਡਾ ਰੇਲਵੇ ਸਟੇਸ਼ਨ ਸਬਜ਼ੀ ਮੰਡੀ ਅਤੇ ਸਕੂਲਾਂ ਨਜ਼ਦੀਕ ਹੋ ਰਹੀ ਹੈ ਤੰਬਾਕੂ ਦੀ ਸ਼ਰੇਆਮ ਵਿਕਰੀ

**ਬਠਿੰਡਾ (ਦੀਪਿਕਾ ਸ਼ਰਮਾ)** ਪੂਰੇ ਪੰਜਾਬ ਸੂਬੇ ਵਿੱਚ ਕੋਟਪਾ ਐਕਟ ਲਾਗੂ ਹੋ ਚੁੱਕਾ ਹੈ। ਪਰ ਇਸ ਉੱਪਰ ਅਮਲ ਨਹੀਂ ਕੀਤਾ ਜਾ ਰਿਹਾ। ਅਜਿਹਾ ਲੱਗਦਾ ਹੈ ਬਠਿੰਡਾ ਸ਼ਹਿਰ ਦੀਆਂ ਜਨਤਕ ਥਾਵਾਂ ਨੂੰ ਵੇਖ ਕੇ। ਜਿੱਥੇ ਥਾਂ ਥਾਂ ਤੇ ਤੰਬਾਕੂ ਦੀ ਸ਼ਰੇਆਮ ਵੇਚਿਆ ਜਾ ਰਿਹਾ ਹੈ ਤੇ ਵਰਤੋਂ ਕੀਤੀ ਜਾ ਰਹੀ ਹੈ ।ਬਠਿੰਡਾ ਸ਼ਹਿਰ ਦੇ ਬੱਸ ਅੱਡੇ ਦੇ ਵੱਡੇ ਗੇਟ ਤੇ ਇੱਕ ਖੋਖਾ ਲੱਗਿਆ ਹੋਇਆ ਹੈ। ਉੱਥੇ ਤੰਬਾਕੂ ਵੇਚਿਆ ਜਾ ਰਿਹਾ ਹੈ ਪਰ ਉਸ ਖੋਖਾ ਚਾਲਕ ਨੇ ਕੋਈ ਵੀ ਚਿਤਾਵਨੀ ਬੋਰਡ ਨਹੀਂ ਲਗਾਇਆ।ਇਹ ਕੋਟਪਾ ਐਕਟ ਦੀ ਧਾਰਾ ਛੇ ਦੀ ਸਿੱਧੇ ਤੌਰ ਤੇ ਉਲੰਘਣਾ ਕਰ ਰਿਹਾ ਹੈ ਅਜਿਹਾ ਹੀ ਇੱਕ ਖੋਖਾ ਬਠਿੰਡਾ ਬੱਸ ਸਟੈਂਡ ਦੇ ਪਿਛਲੇ ਗੇਟ ਤੇ ਲੱਗਾ ਹੋਇਆ। ਉੱਥੇ ਵੀ ਕੋਈ 18 ਸਾਲ ਤੋਂ ਘੱਟ ਉਮਰ ਦੇ ਵਿਅਕਤੀਆਂ ਨੂੰ ਤੰਬਾਕੂ ਨਾ ਵੇਚਣ ਸਬੰਧੀ ਕੋਈ ਵੀ ਚੇਤਾਵਨੀ ਨਹੀਂ ਲਿਖੀ ਹੋਈ। ਇਹ ਸਿੱਧੇ ਤੌਰ ਤੇ ਕੋਟਪਾ ਐਕਟ ਦੀ ਧਾਰਾ ਛੇ ਦੀ ਉਲੰਘਣਾ ਹੈ। ਇਸੇ ਤਰ੍ਹਾਂ ਹੀ ਧਾਰਾ ਚਾਰ ਅਧੀਨ ਜਨਤਕ ਥਾਵਾਂ ਉੱਤੇ ਤੰਬਾਕੂਨੋਸ਼ੀ ਦੀ ਮਨਾਹੀ ਹੈ । ਪਰ ਬਠਿੰਡਾ ਦੇ



ਬੱਸ ਸਟੈਂਡ ਦੇ ਅੰਦਰ ਅਤੇ ਬਾਹਰ ਸ਼ਰੇਆਮ ਤੰਬਾਕੂ ਦੀ ਵਰਤੋਂ ਕੀਤੀ ਜਾ ਰਹੀ ਹੈ। ਅਜਿਹਾ ਕੁੱਝ ਹੀ ਸਬਜ਼ੀ ਮੰਡੀ ਵਿੱਚ ਸਾਰਾ ਦਿਨ ਚਲਦਾ ਰਹਿੰਦਾ ਹੈ। ਇਹ ਬਠਿੰਡਾ ਰੇਲਵੇ ਸਟੇਸ਼ਨ ਉੱਪਰ ਤੰਬਾਕੂ ਦੀ ਸ਼ਰੇਆਮ ਬਿਨਾਂ ਮਨਜ਼ੂਰੀ ਤੋਂ ਵਿਕਰੀ ਤੇ ਵਰਤੋਂ ਕੀਤੀ ਜਾ ਰਹੀ ਹੈ।
ਹੈਰਾਨੀ ਤੇ ਦੁੱਖ ਦੀ ਗੱਲ ਹੈ ਕਿ ਬਠਿੰਡਾ ਸ਼ਹਿਰ ਦੀ ਇੱਕ ਸਦੀ ਤੋਂ ਵੱਧ ਪੁਰਾਣੀ ਸੰਸਥਾ ਸਿੰਘ ਸਭਾ ਵੱਲੋਂ ਚਲਾਏ ਜਾਂਦੇ ਖਾਲਸਾ ਸੀਨੀਅਰ ਸੈਕੈਂਡਰੀ ਸਕੂਲ ਦੇ ਮੁੱਖ ਗੇਟ ਤੋਂ ਕੇਵਲ 50 ਕਦਮ ਦੂਰ ਹੀ ਰੇਹੜੀ ਤੇ ਸ਼ਰੇਆਮ ਤੰਬਾਕੂ ਵੇਚਿਆ ਜਾ ਰਿਹਾ ਹੈ। ਇਹ ਕੋਟਪਾ ਐਕਟ ਦੇ ਧਾਰਾ ਛੇ ਅਧੀਨ ਸ਼ਰੇਆਮ ਉਲੰਘਣਾ ਕੀਤੀ ਜਾ ਰਹੀ ਹੈ। ਕਿਉਂਕਿ ਇਹ 100 ਗਜ ਦੇ ਘੇਰੇ ਅੰਦਰ ਆ ਰਿਹਾ। ਰੇੜੀ ਵਾਲੇ ਨੇ ਵੀ ਕੋਈ ਵੀ ਚੇਤਾਵਨੀ ਬੋਰਡ ਆਪਣੀ ਰੇਹੜੀ ਉੱਪਰ ਨਹੀਂ ਲਗਾਇਆ ਹੋਇਆ। ਇਸ ਤਰ੍ਹਾਂ ਲੱਗਦਾ ਹੈ ਕਿ ਸਬੰਧਤ ਵਿਭਾਗ ਸਰਦੀਆਂ ਵਿੱਚ ਹੀਟਰ ਸੇਕਣ ਅਤੇ ਗਰਮੀਆਂ ਵਿੱਚ ਏਸੀ ਦੀ ਠੰਡੀ ਹਵਾ ਦਾ ਅਨੰਦ ਲੈਣ ਵਿੱਚ ਮਗਰੂਰ ਹੈ।

# ਬੀ.ਐਫ.ਜੀ.ਆਈ. ਦੇ ਸਪੋਰਟਸ ਵਿਭਾਗ ਵੱਲੋਂ ਦੋ ਦਿਨਾਂ ਐਥਲੈਟਿਕਸ ਮੀਟ ਦਾ ਸਫਲਤਾਪੂਰਵਕ ਆਯੋਜਨ

**ਬਠਿੰਡਾ, (ਅੰਗਰੇਜ ਸਿੰਘ ਵਿੱਕੀ )** ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਚਿਊਸ਼ਨਜ਼ (ਬੀ.ਐਫ.ਜੀ.ਆਈ.) ਦੇ ਸਪੋਰਟਸ ਵਿਭਾਗ ਵੱਲੋਂ ਸੰਸਥਾ ਦੇ ਖੇਡ ਮੈਦਾਨ ਵਿੱਚ ਦੋ ਦਿਨਾਂ ਐਥਲੈਟਿਕਸ ਮੀਟ ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ। ਇਹ ਐਥਲੈਟਿਕ ਮੀਟ ਬੀ.ਐਫ.ਜੀ.ਆਈ. ਦੇ ਕੈਂਪਸ ਡਾਇਰੈਕਟਰ ਪ੍ਰੋ. (ਡਾ.) ਐਮ.ਪੀ. ਪੂਨੀਆ ਅਤੇ ਬਾਬਾ ਫ਼ਰੀਦ ਕਾਲਜ ਆਫ਼ ਐਜੂਕੇਸ਼ਨ ਦੇ ਪ੍ਰਿੰਸੀਪਲ ਡਾ.ਮੰਗਲ ਸਿੰਘ ਅਤੇ ਖੇਡ ਵਿਭਾਗ ਦੇ ਮੁਖੀ ਡਾ.ਸੰਦੀਪ ਸਿੰਘ ਦੀ ਅਗਵਾਈ ਹੇਠ ਕਰਵਾਈ ਗਈ। ਇਸ ਮੌਕੇ ਬੀ.ਐਫ.ਜੀ.ਆਈ. ਦੇ ਡਿਪਟੀ ਡਾਇਰੈਕਟਰ (ਸਹੂਲਤਾਂ) ਹਰਪਾਲ ਸਿੰਘ ਬਰਾੜ ਅਤੇ ਡਿਪਟੀ ਡਾਇਰੈਕਟਰ (ਐਕਟੀਵਿਟੀਜ਼) ਸ਼੍ਰੀ ਬੀ.ਡੀ. ਸ਼ਰਮਾ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਐਥਲੈਟਿਕਸ ਮੀਟ ਦੌਰਾਨ 100 ਮੀਟਰ, 200 ਮੀਟਰ, 400 ਮੀਟਰ, 800 ਮੀਟਰ ਅਤੇ 1500 ਮੀਟਰ ਦੌੜਾਂ, ਲੰਮੀ ਛਾਲ, ਉੱਚੀ ਛਾਲ, ਸ਼ਾਟਪੁੱਟ, ਡਿਸਕਸ ਥਰੋਅ ਅਤੇ ਜੈਵਲਿਨ ਥਰੋਅ ਵਰਗੇ ਮੁਕਾਬਲੇ ਕਰਵਾਏ ਗਏ। ਇਸ ਤੋਂ ਇਲਾਵਾ ਮਨੋਰੰਜਕ ਖੇਡਾਂ ਜਿਵੇਂ ਰੱਸਾ-ਕੱਸੀ, ਨਿੰਬੂ-ਚਮਚਾ ਦੌੜ ਅਤੇ ਤਿੰਨ-ਟੰਗੀ ਦੌੜ ਵੀ ਆਯੋਜਿਤ ਕੀਤੀਆਂ ਗਈਆਂ। ਸਕੂਲ ਆਫ਼ ਇੰਜੀਨੀਅਰਿੰਗ, ਸਕੂਲ ਆਫ਼ ਹਿਊਮੈਨਿਟੀਜ਼, ਸਕੂਲ ਆਫ਼ ਬਿਜ਼ਨਸ ਸਟੱਡੀਜ਼ ਅਤੇ ਸਕੂਲ ਆਫ਼ ਐਜੂਕੇਸ਼ਨ ਦੇ ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਅਤੇ ਜੋਸ਼ ਨਾਲ ਇਸ ਐਥਲੈਟਿਕਸ ਮੀਟ ਵਿੱਚ ਹਿੱਸਾ ਲਿਆ। ਸਾਰੇ ਵਿਦਿਆਰਥੀਆਂ ਨੂੰ ਚਾਰ ਹਾਊਸਾਂ— ਗ੍ਰੀਨ ਹਾਊਸ, ਰੈੱਡ ਹਾਊਸ, ਯੈਲੋ ਹਾਊਸ ਅਤੇ ਬਲੂ ਹਾਊਸ ਵਿੱਚ ਵੰਡਿਆ



ਗਿਆ।ਪਹਿਲੇ ਦਿਨ ਦੇ ਉਦਘਾਟਨੀ ਸਮਾਰੋਹ ਦੌਰਾਨ ਮੁੱਖ ਮਹਿਮਾਨ ਵਜੋਂ ਸ਼੍ਰੀਮਤੀ ਅਵਨੀਤ ਕੌਰ ਸਿੱਧੂ, ਏ.ਆਈ.ਜੀ. (ਸੀ.ਆਈ.ਡੀ.) ਬਠਿੰਡਾ ਜ਼ੋਨ, ਪੰਜਾਬ ਪੁਲਿਸ ਨੇ ਝੰਡਾ ਲਹਿਰਾ ਕੇ ਅਤੇ ਰੰਗ-ਬਿਰੰਗੇ ਗੁਬਾਰੇ ਉਡਾ ਕੇ ਐਥਲੈਟਿਕਸ ਮੀਟ ਦੀ ਸ਼ੁਰੂਆਤ ਕੀਤੀ। ਇਸ ਉਪਰੰਤ ਮਾਰਚ ਪਾਸਟ ਹੋਇਆ ਅਤੇ ਵਿਦਿਆਰਥੀਆਂ ਨੇ ਖੇਡ ਨਿਯਮਾਂ ਦੀ ਪਾਲਣਾ ਕਰਨ ਦੀ ਸਹੁੰ ਚੁੱਕੀ। ਵਿਦਿਆਰਥੀਆਂ ਨੇ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਆਪਣੀ ਖੇਡ ਪ੍ਰਤਿਭਾ ਦਾ ਲੋਹਾ ਮਨਵਾਇਆ। ਮੁਕਾਬਲਿਆਂ ਦੇ ਨਤੀਜਿਆਂ ਅਨੁਸਾਰ ਲੜਕਿਆਂ ਵਿੱਚੋਂ ਗ੍ਰੀਨ ਹਾਊਸ ਦੇ ਕੁਲਵਿੰਦਰ ਰਾਮ ਅਤੇ ਲੜਕੀਆਂ ਵਿੱਚੋਂ ਯੈਲੋ ਹਾਊਸ ਦੀ ਸੁਖਮਨਪ੍ਰੀਤ ਕੌਰ ਨੂੰ ਬੈਸਟ ਐਥਲੀਟ ਐਲਾਨਿਆ ਗਿਆ। ਓਵਰਆਲ ਬੈਸਟ ਹਾਊਸ ਦੀ ਟਰਾਫੀ ਬਲੂ ਹਾਊਸ ਨੇ ਜਿੱਤੀ ਜਦਕਿ ਓਵਰਆਲ ਰਨਰ-ਅੱਪ ਟਰਾਫੀ ਗ੍ਰੀਨ ਹਾਊਸ ਦੇ ਹਿੱਸੇ ਆਈ।ਦੂਜੇ ਦਿਨ ਦੇ ਸਮਾਪਨ ਸਮਾਰੋਹ ਦੌਰਾਨ ਜ਼ਿਲ੍ਹਾ ਖੇਡ ਅਧਿਕਾਰੀ ਰੁਪਿੰਦਰ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਵਿਦਿਆਰਥੀਆਂ ਨੂੰ ਖੇਡਾਂ ਵਿੱਚ ਭਾਗ ਲੈਣ ਲਈ ਵਧਾਈ ਦਿੰਦਿਆਂ ਮੁੱਖ ਮਹਿਮਾਨ ਨੇ ਕਿਹਾ ਕਿ ਖੇਡਾਂ ਵਿੱਚ ਸਰਗਰਮ ਭਾਗੀਦਾਰੀ ਵਿਦਿਆਰਥੀਆਂ ਦੀ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਲਈ ਬਹੁਤ ਮਹੱਤਵਪੂਰਨ ਹੈ। ਇਨਾਮ ਵੰਡ ਸਮਾਰੋਹ ਦੌਰਾਨ ਐਥਲੈਟਿਕਸ ਮੀਟ ਦੇ ਸਫਲ ਆਯੋਜਨ ਲਈ ਖੇਡ ਇੰਚਾਰਜ ਡਾ. ਸੰਦੀਪ ਸਿੰਘ ਅਤੇ ਉਨ੍ਹਾਂ ਦੇ ਸਹਿਯੋਗੀ ਯਤਿੰਦਰ ਕੁਮਾਰ, ਸਰਬਜੀਤ ਕੌਰ ਅਤੇ ਖੁਸ਼ਦੀਪ ਸਿੰਘ ਦੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ।ਜੇਤੂ ਖਿਡਾਰੀਆਂ ਨੂੰ ਟਰਾਫੀਆਂ ਅਤੇ ਮੈਡਲ ਪ੍ਰਦਾਨ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੀ.ਐਫ.ਜੀ.ਆਈ. ਦੇ ਕੈਂਪਸ ਡਾਇਰੈਕਟਰ ਪ੍ਰੋ. (ਡਾ.) ਐਮ.ਪੀ. ਪੂਨੀਆ, ਡਿਪਟੀ ਡਾਇਰੈਕਟਰ (ਸਹੂਲਤਾਂ) ਹਰਪਾਲ ਸਿੰਘ ਅਤੇ ਡਿਪਟੀ ਡਾਇਰੈਕਟਰ (ਐਕਟੀਵਿਟੀਜ਼) ਸ਼੍ਰੀ ਬੀ.ਡੀ. ਸ਼ਰਮਾ ਸਮੇਤ ਸੰਸਥਾ ਦੇ ਵੱਖ-ਵੱਖ ਕਾਲਜਾਂ ਦੇ ਪ੍ਰਿੰਸੀਪਲ, ਡੀਨ, ਵਿਭਾਗ ਮੁਖੀ, ਫੈਕਲਟੀ ਅਤੇ ਸਟਾਫ਼ ਮੈਂਬਰ ਹਾਜ਼ਰ ਸਨ। ਸੁਚੱਜੇ ਪ੍ਰਬੰਧਾਂ, ਅਨੁਸ਼ਾਸਨ ਅਤੇ ਸਹਿ-ਕੋਆਰਡੀਨੇਟਰਾਂ ਦੇ ਸਹਿਯੋਗ ਨਾਲ ਇਹ ਐਥਲੈਟਿਕਸ ਮੀਟ ਸਫਲਤਾਪੂਰਵਕ ਸੰਪੰਨ ਹੋਈ। ਬੀ.ਐਫ.ਜੀ.ਆਈ. ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਨੇ ਇਸ ਐਥਲੈਟਿਕਸ ਮੀਟ ਦੇ ਸਫਲ ਆਯੋਜਨ ਲਈ ਸੰਸਥਾ ਦੇ ਖੇਡ ਵਿਭਾਗ ਨੂੰ ਵਧਾਈ ਦਿੱਤੀ ।

# ਮਨਫੀ ਹੋ ਰਹੀ ਹੈ ਸਾਡੇ ਵਿਰਸੇ ਦੀ ਪ੍ਰਾਹੁਣਚਾਰੀ

ਅਕਸਰ ਪੁਰਾਣੇ ਅਤੇ ਨਵੇਂ ਜ਼ਮਾਨੇ ਦੀ ਗੱਲ ਕਰਦਾ ਰਹਿੰਦਾ ਹਾਂ, ਪਰ ਇਥੇ ਮੇਰਾ ਇਹ ਮਕਸਦ ਹਰਗਿਜ਼ ਨਹੀਂ ਹੈ ਕਿ ਪੁਰਾਣਾ ਜ਼ਮਾਨਾ ਬਹੁਤ ਹੀ ਚੰਗਾ ਸੀ ਤੇ ਹੁਣ ਦਾ ਜਮਾਨਾ ਚੰਗਾ ਨਹੀਂ ਹੈ। ਮੈਂ ਤਾਂ ਸਮਾਜ ਵਿਚ ਸਿਰਫ ਆਈਆਂ ਤਬਦੀਲੀਆਂ ਨੂੰ ਹੀ ਮਾਪਦਾ ਹਾਂ। ਮੈਂ ਸੋਚਦਾ ਰਹਿੰਦਾ ਹਾਂ ਕਿ ਕਿਵੇਂ ਸਾਡੇ ਜੀਵਨ ਸ਼ੈਲੀ ਵਿੱਚ ਤਬਦੀਲੀਆਂ ਆ ਰਹੀਆਂ ਹਨ।ਇੱਕ ਸਮਾਂ ਸੀ ਸਾਡੇ ਘਰਾਂ ਵਿਚ ਪ੍ਰਾਹੁਣੇ ਆਉਂਦੇ ਸਨ।ਪ੍ਰਾਹੁਣੇ ਤਾਂ ਹੁਣ ਵੀ ਆਉਂਦੇ ਹਨ, ਪਰ ਹੁਣ ਦੇ ਪ੍ਰਾਹੁਣਿਆ ਵਿੱਚ ਬਹੁਤ ਫਰਕ ਹੈ।ਅੱਜ ਦੀ ਪ੍ਰਾਹੁਣਚਾਰੀ ਵਿੱਚ ਰਾਤ ਨੂੰ ਰਹਿਣਾ ਮਨਫੀ ਹੋ ਗਿਆ ਹੈਲ ਇਸ ਦੇ ਕਈ ਕਾਰਨ ਹੋ ਸਕਦੇ ਹਨ।ਉਸ ਜ਼ਮਾਨੇ ਵਿੱਚ ਆਵਾਜਾਈ ਦੇ ਸਾਧਨ ਬਹੁਤ ਘੱਟ ਸਨ। ਲੋਕਾਂ ਦੇ ਇੰਨੇਂ ਰੁਝੇਵੇਂ ਨਹੀਂ ਸਨ ਜਿੰਨੇਂ ਅੱਜ ਕੱਲ੍ਹ ਹਨਲ ਉਸ ਜ਼ਮਾਨੇ ਦੀ ਪ੍ਰਾਹੁਣਚਾਰੀ ਵਿੱਚ ਉਚੇਚ ਬਹੁਤ ਸੀ ਲ ਕੁਰਸੀਆਂ ਦਾ ਜ਼ਮਾਨਾ ਨਹੀਂ ਸੀ।ਮੰਜੇ ਤੇ ਬਿਸਤਰਾ ਵਿਛਾਇਆ ਜਾਂਦਾ ਸੀ। ਖਾਣ ਪੀਣ ਦੇ ਵੱਖਰੇ ਢੰਗ ਸਨਲ ਜ਼ਬਰਦਸਤੀ ਥਾਲੀ ਵਿੱਚ ਚਾਰ ਚਾਰ ਰੋਟੀਆਂ ਰੱਖ ਦਿਤੀਆਂ ਜਾਂਦੀਆਂ ਸਨ ਕਿਉਂਕਿ ਪ੍ਰਾਹੁਣਾ ਸੰਗ ਦੇ ਮਾਰੇ ਰੋਟੀ ਨਹੀਂ ਮੰਗਦਾ ਸੀ।ਅੱਜ ਕੱਲ੍ਹ ਦਾ ਕੁੱਝ ਹੋਰ ਦੌਰ ਹੈ।ਬੱਚਿਆਂ ਸਮੇਤ ਸਾਰੇ ਘਰਦਿਆਂ ਨੂੰ ਚਾਅ ਚੜ੍ਹ ਜਾਂਦਾ ਸੀ। ਦੋ ਤਿੰਨ ਪ੍ਰਾਹੁਣੇ ਆ ਜਾਂਦੇ ਤਾਂ ਮੰਜੇ ਗਵਾਂਢੀਆਂ ਤੋਂ ਲੈਣੇ ਪੈਂਦੇ ਸਨ। ਹੋਰ ਤਾਂ ਹੋਰ ਗੁਆਂਢੀਆਂ ਨੂੰ ਵੀ ਚਾਅ ਚੜ੍ਹ ਜਾਂਦਾ ਸੀ। ਉਹ ਵੀ ਉਹਨਾਂ ਨੂੰ ਆਪਣਾ ਪ੍ਰਾਹੁਣਾ ਹੀ ਸਮਝਦੇ ਸਨ। ਰੋਟੀ ਪਾਣੀ ਤੋਂ ਬਾਅਦ ਸੌਣ ਵਾਸਤੇ ਬਿਸਤਰੇ ਵਿਛਾ ਦਿੱਤੇ ਜਾਂਦੇ ਸਨ। ਫਿਰ ਗੱਲਾਂ ਦੀ ਮਹਿਫ਼ਿਲ ਸ਼ੁਰੂ ਹੁੰਦੀ।ਸਾਰੀਆਂ ਗੱਲਾਂ ਸਾਂਝੀਆਂ ਕੀਤੀਆਂ ਜਾਂਦੀਆਂ ਸਨ।ਆਪਣੀਆਂ ਜਮਾਂ ਹੋਈਆਂ ਗੱਲਾਂ ਕਰਕੇ ਦਿਲ ਹੌਲਾ ਕਰ ਲਿਆ ਜਾਂਦਾ ਸੀ।ਦੋਵੇਂ ਧਿਰਾਂ ਆਪਣੇ ਬਾਕੀ ਹੋਰ ਰਿਸ਼ਤੇਦਾਰਾਂ ਦੀਆਂ ਚੰਗੀਆਂ ਮਾੜੀਆਂ ਗੱਲਾਂ ਵੀ ਕਰ ਲੈਂਦੇ ਸਨ। ਸ਼ਿਕਵੇ ਗਿਲੇ ਵੀ ਕਰ ਲਏ ਜਾਂਦੇ ਸਨ,ਕਿਹਾ ਜਾਂਦਾ ਕਿ ਫਲਾਣੇ ਨੂੰ ਮੈਂ 100 ਰੁਪਏ ਦਾ ਸ਼ਗਨ ਪਾਇਆ ਉਸ ਨੇ ਮੈਨੂੰ ਟੁੱਟੀ ਲੀਰ ਵੀ ਨਹੀਂ ਦਿੱਤੀ ਇਨ੍ਹਾਂ ਨੂੰ ਚੁਗਲੀਆਂ ਨਹੀਂ ਕਿਹਾ ਜਾਂਦਾ ਸੀ ਇਸ ਨਾਲ ਦਿਲ ਦਾ ਗ਼ੁਬਾਰ ਨਿਕਲ ਜਾਂਦਾ ਸੀ। ਮਨ ਫਿਰ ਸਾਫ਼ ਦਾ ਸਾਫ਼,ਹੁਣ ਵਾਂਗ ਨਹੀਂ ਕਿਸੇ ਨਾਲ ਉੱਪਰੋਂ ਉੱਪਰੋਂ ਮਿੱਠਾ ਬੋਲੀ ਜਾਣਾ ਤੇ ਅੰਦਰੋਂ ਉਸ ਪ੍ਰਤੀ ਵੈਰ ਰੱਖਣਾ।ਹੁਣ ਤੇ ਪਤਾ ਹੀ ਨਹੀਂ ਲੱਗਦਾ ਕਿ ਸਾਡਾ ਕਿਹੜਾ ਦੋਸਤ ਹੈ ਤੇ ਕਿਹੜਾ ਦੁਸ਼ਮਣ ਹੈ।ਸੱਚੀ ਗੱਲ ਤਾਂ ਇਹ ਹੈ ਕਿ ਸਾਡੇ ਆਪਣਿਆਂ ਦੇ ਹੁੰਦਿਆਂ ਹੋਇਆਂ ਸਾਨੂੰ ਦੁਸ਼ਮਣ ਲੱਭਣ ਦੀ ਕੋਈ ਲੋੜ੍ਹ ਨਹੀਂ। ਹੁਣ ਤੇ ਮਿੱਠੀ ਛੁਰੀ ਚੱਲਦੀ ਹੈ।ਹੁਣ ਜੇਕਰ ਕੋਈ ਮਹਿਮਾਨ ਰਾਤ ਰਹਿੰਦਾ ਵੀ ਹੈ ਤਾਂ ਉਸਨੂੰ ਵੱਖਰਾ ਕਮਰਾ ਦੇ ਦਿੱਤਾ ਜਾਂਦਾ ਹੈ। ਮੇਜ਼ ਕੁਰਸੀਆਂ ਲਗਾ ਕੇ ਖਾਣਾ ਪਰੋਸਿਆ ਜਾਂਦਾ ਹੈ ਖਾਣੇ ਵਿੱਚ ਵੀ ਆਪਣੇ ਖਾਣਿਆਂ ਨੂੰ ਛੱਡ ਕੇ ਹੋਰ ਨਵੀਂ ਤਰ੍ਹਾਂ ਦੇ ਖਾਣੇ ਪਰੋਸੇ ਜਾਂਦੇ ਹਨ, ਨਾਲ ਬੈਠ ਕੇ ਖਾਣਾ ਤੇ ਦੱਸਣਾ ਕਿ ਅਸੀਂ ਹੋਰ ਖਾਣਿਆਂ ਨੂੰ ਪਹਿਲ ਦਿੰਦੇ ਹਾਂ ਤੇ ਸਾਡੇ ਬੱਚੇ ਇਹ ਕਰਦੇ ਹਨ ਉਹ ਕਰਦੇ ਹਨ ਵਧਾ ਚੜ੍ਹਾ ਕੇ ਗੱਲਾਂ ਕਰਨਾ ਆਪਣੀ ਟੌਹਰ ਸਮਝੀ ਜਾਂਦੀ ਹੈ। ਆਪਣੇ ਵਿਰਸੇ ਤੇ ਸੱਭਿਆਚਾਰ ਨੂੰ ਭੁੱਲ ਕੇ ਰਾਜਨੀਤੀ ਤੇ ਆਪਣੇ ਨੇੜੇ ਤੇੜੇ ਦੇ ਨੇਤਾਵਾਂ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ। ਮੰਜੇ ਤੇ ਬੈਠ ਕੇ ਖਾਣਾ ਖਾਣਾ ਮੰਜੇ ਉੱਤੇ ਹੀ ਸੌ ਜਾਣਾ ਇਹ ਸਭ ਹੁਣ ਮੇਜ ਕੁਰਸੀਆਂ ਤੇ ਬੈਡ ਬਣ ਗਏ ਹਨ। ਗੱਲਾਂ ਵੀ ਅੱਜ ਕੱਲ੍ਹ ਵਿਦੇਸ਼ੀ ਖਾਣੇ ਵੀ ਵਿਦੇਸ਼ੀ ਹੌਲੀ ਹੌਲੀ ਅਸੀਂ ਪੰਜਾਬ ਪੰਜਾਬੀ ਤੇ ਪੰਜਾਬੀਅਤ ਨਾਲੋਂ ਟੁੱਟਦੇ ਜਾ ਰਹੇ ਹਾਂ। ਆਪਣੀ ਪਰੋਹੁਣਚਾਰੀ ਤੋਂ ਕੋਹਾਂ ਦੂਰ ਹੁੰਦੇ ਜਾ ਰਹੇ ਹਾਂ ਸਾਨੂੰ ਵੇਖਾ ਵੇਖੀ ਵਿੱਚ ਹੋਰਾਂ ਦੀ ਨਕਲ ਕਰਨੀ ਆਉਂਦੀ ਹੈ, ਉਹ ਕਿਸ ਤਰ੍ਹਾਂ ਚੰਗਾ ਜੀਵਨ ਬਤੀਤ ਕਰਦੇ ਹਨ ਉਹ ਸਾਨੂੰ ਵਿਖਾਈ ਨਹੀਂ ਦਿੰਦਾ। ਮਿਲ ਕੇ ਬੈਠਣਾ ਤੇ ਦੁੱਖ ਸੁੱਖ ਸਾਂਝਾ ਕਰਨਾ ਸਾਨੂੰ ਆਉਂਦਾ ਨਹੀਂ, ਸਾਡੇ ਬਜ਼ੁਰਗਾਂ ਦੇ ਪਾਏ ਹੋਏ ਪੂਰਨੇ ਸਾਡੇ ਤੋਂ ਦੂਰ ਹੁੰਦੇ ਜਾ ਰਹੇ ਹਨ। ਅੰਗਰੇਜ਼ੀ ਬੋਲਣਾ ਜਾਣਦੇ ਹਾਂ ਅੰਗਰੇਜ਼ ਆਪਣੀ ਜ਼ਿੰਦਗੀ ਕਿਵੇਂ ਬਤੀਤ ਕਰ ਰਹੇ ਹਨ ਉਹ ਸਾਨੂੰ ਪਤਾ ਹੋਣ ਤੇ ਵੀ ਆਪਣੇ ਉੱਤੇ ਲਾਗੂ ਨਹੀਂ ਕਰਨਾ ਚਾਹੁੰਦੇ? ਸਾਡਾ ਪੰਜਾਬੀ ਵਿਰਸਾ ਤੇ ਸੱਭਿਆਚਾਰ ਅਮੀਰ ਸੀ, ਹੈ, ਤੇ ਰਹੇਗਾ ਕਦੇ ਸੋਚਿਆ?



**ਮਾਲਵਿੰਦਰ ਸਿੰਘ ਤਿਊਣਾ**
**ਸੰਪਰਕ ਨੰਬਰ-**
**8427031625**

# ਕਿਸੇ ਨੂੰ ਵੀ ਆਪਣੇ ਤੋਂ ਛੋਟਾ ਨਾ ਸਮਝੋ

ਜਿੰਦਗੀ ਵਿੱਚ ਅਕਸਰ ਕਈ ਵਾਰ ਅਜਿਹੇ ਪਲ ਆ ਜਾਂਦੇ ਹਨ ਕਿ ਜਦੋਂ ਆਪਣੇ ਆਲੇ-ਦੁਆਲੇ ਕੋਈ ਚਮਤਕਾਰ ਵਰਗਾ ਕਾਰਨਾਮਾ ਹੋ ਜਾਂਦਾ ਹੈ ਜਿਹਦੇ ਵਿੱਚ ਇਕ ਬੱਚਾ ਇੱਕ ਕੀਮਤੀ ਸਬਕ ਦਾ ਸਰੋਤ ਬਣ ਜਾਂਦਾ ਹੈ।ਹੋਇਆ ਇਹ ਕਿ ਇੱਕ ਜਗਾ ‘ਤੇ ਦੋ ਇਕੱਠੇ ਬੱਚੇ ਖੇਡ ਰਹੇ ਹੁੰਦੇ ਸਨ,ਇਕ ਘਰ ਬਣਾ ਰਹੇ ਸਨ।ਉਹਨਾਂ ਵਿੱਚੋਂ ਇੱਕ ਬੱਚੇ ਨੇ ਦੋ ਘਰ ਬਣਾਏ,ਇੱਕ ਛੋਟਾ ਅਤੇ ਇੱਕ ਵੱਡਾ ਘਰ।ਉਹਦੇ ਨਾਲ ਹੀ ਦੂਸਰੇ ਬੱਚੇ ਨੇ ਇੱਕ ਦੋ ਮੰਜ਼ਲਾ ਘਰ ਬਣਾਇਆ।ਪਹਿਲੇ ਨੇ ਕਿਹਾ ‘ਇਹ ਵੱਡਾ ਘਰ ਹੈ ਇਹ ਮੇਰੇ ਲਈ ਹੈ,ਅਤੇ ਇਹ ਛੋਟਾ ਘਰ ਮੇਰੇ ਮਾਂ ਪਿਓ ਅਤੇ ਦਾਦਾ ਦਾਦੀ ਲਈ ਹੈ।’ਦੂਜੇ ਬੱਚੇ ਕਿਹਾ ਕਿ “ਇਹ ਘਰ ਸਾਡਾ ਸਾਰਿਆਂ ਲਈ ਹੈ ਮੈਨੂੰ ਸਾਰਿਆਂ ਦੇ ਨਾਲ ਇਕੱਠਿਆ ਰਹਿਣਾ ਪਸੰਦ ਹੈ।ਅਸੀ ਸਾਰੇ ਇਸ ਘਰ ਵਿੱਚ ਇਕੱਠੇ ਹੀ ਰਹਾਂਗੇ।”ਦੂਜੇ ਬੱਚੇ ਦਾ ਸਾਦਾ ਜਿਹਾ ਜਵਾਬ ਸਾਡੇ ਸਾਰਿਆਂ ਲਈ ਇੱਕ ਕੀਮਤੀ ਸਬਕ ਵਾਲਾ ਸਵਾਲ ਅਤੇ ਜਵਾਬ ਸੀ।ਇੱਕ ਕੀਮਤੀ ਸਬਕ ਸੀ।

ਦਰਅਸਲ, ‘ਹਉਮੈ’ਅਤੇ ‘ਮੈਂ’ਵਿਚਕਾਰ ਟਕਰਾਅ ਬਚਪਨ ਤੋਂ ਹੀ ਸ਼ੁਰੂ ਹੋ ਜਾਂਦਾ ਹੈ।ਇੱਕ ਬੱਚੇ ਲਈ ਜੋ ਮਹੱਤਵ ਪੂਰਨ ਹੈ ਉਹ ਹੈ ‘ਅਸੀ’।ਉਹ ਆਪਣੇ ਮਾਂ ਪਿਓ,ਦਾਦਾ ਦਾਦੀ,ਅਤੇ ਭੈਣ ਭਰਾਵਾਂ ਵਿੱਚ ਰਹਿ ਕੇ ਖੁਸ਼ ਅਤੇ ਖੁਸ਼ੀ ਮਾਨਣਾ ਚਾਹੁੰਦਾ ਹੈ,ਖੁਸ਼ੀ ਦਾ ਅਨੁਭਵ ਕਰਦਾ ਹੈ ਅਤੇ ਉਸ ਦਾ ਸੁਪਨਿਆਂ ਦਾ ਘਰ ਉਸ ਦੇ ਆਪਣੇ ਘਰ ਵਾਂਗ ਵਿਸ਼ਾਲ ਅਤੇ ਸ਼ਾਨਦਾਰ ਹੈ।ਜਿੱਥੇ ਉਹ ਸਾਰਿਆਂ ਦੇ ਨਾਲ ਖੁਸ਼ੀ ਨਾਲ ਰਹਿਣ ਦੇ ਸੁਹਾਵਣੇ ਸੁਪਨਿਆਂ ਨੂੰ ਪਾਲਦਾ ਹੈ।ਏਸੇ ਕਰਕੇ ਹੀ ਉਨਾਂ ਨੇ ਸਿਰਫ਼ ਇਕੋ ਹੀ ਘਰ ਬਣਾਇਆ ਹੈ।ਹਾਲਾਂਕਿ ਇੱਕ ਬੱਚੇ ਲਈ ਉਨਾਂ ਦਾ ‘ਮੈਂ’ ਕੋਈ ਮਾਇਨੇ ਨਹੀ ਰੱਖਦਾ।ਉਹ ਆਪਣੇ ਸੁਪਨਿਆਂ ਦੇ ਘਰ ਵਿੱਚ ਇਕੱਲੇ ਰਹਿਣਾ ਪਸੰਦ ਕਰਦੇ ਹਨ।ਇਹ ਘਰ ਜਿਸ ਦੀ ਉਨਾਂ ਦੇ ਕੋਲ ਮਾਲਕੀ ਹੈ,ਇੱਕ ਅਜਿਹੀ ਜਗ੍ਹਾ ਜਿੱਥੇ ਉਹ ਬਿੰਨਾਂ ਕਿਸੇ ਟਕਰਾਅ ਦੇ,ਬਿੰਨਾਂ ਕਿਸੇ ਪਾਬੰਧੀ ਦੇ ਜੋ ਵੀ ਚਾਹੁੰਦੇ ਹਨ ਉਹ ਕਰਨ ਲਈ ਅਜਾਦ ਹਨ।ਭਵਿੱਖ ਦੇ ਸੁਪਨੇ ਵੀ ਜੋ ਉਨਾਂ ਦੇ ਦਿਮਾਗ ਵਿੱਚ ਦੌੜ ਰਹੇ ਹਨ,ਉਨਾਂ ‘ਤੇ ਉਨਾਂ ਦਾ ‘ਹਾਉਮੈ’ ਭਾਰੂ ਹੁੰਦਾ ਹੈ। ਇਹਨਾਂ ਦੋ ਬੱਚਿਆਂ ਦੇ ਬੜੇ ਗੰਭੀਰ ਸਵਾਲਾਂ ਤੋਂ ਸਾਨੂੰ ਬਹੁਤ ਕੁਝ ਸਿਖਣ ਨੂੰ ਮਿਲਦਾ ਹੈ।ਸਾਡੇ ਵਿੱਚ ਉਹ ਵੀ ਲੋਕ ਹਨ ਜੋ ਆਪਣੇ ਹਾਉਮੈ ਨੂੰ ਪਹਿਲ ਦਿੰਦੇ ਹਨ ਅਤੇ ਆਪਣੇ ਆਪ ਨੂੰ ਸੱਭ ਤੋਂ ਉਚਾ ਸਮਝਦੇ ਹਨ ਅਤੇ ਇਕ ਉਹ ਲੋਕ ਹਨ ਜੋ ‘ਅਸੀ’ ਨੂੰ ਪਹਿਲ ਦਿੰਦੇ ਹਨ ਅਤੇ ਹਰ ਛੋਟੇ ਵੱਡੇ ਨਾਲ ਇੱਕ ਸਮਾਨ ਪੇਸ਼ ਆਉਦੇ ਹਨ।ਇੱਕ ਹੰਕਾਰੀ ਰਵੱਈਆ ਇੱਕ ਆਦਮੀ ਅਲੱਗ-ਥਲੱਗ ਕਰ ਦਿੰਦਾ ਹੈ, ਕਿਉਕਿ ਉਹ ਦੂਸਰਿਆਂ ਪ੍ਰਤੀ ਨਫ਼ਰਤ ਰੱਖਦਾ ਹੈ।ਉਨਾਂ ਨੂੰ ਉਤਮ ਮੰਨਣ ਨਾਲ ਉਨਾਂ ਦੇ ਮਨ ਨੂੰ ਠੇਸ ਪਹੁੰਚਦੀ ਹੈ।ਉਹ ਦੂਸਰਿਆਂ ਨੂੰ ਨੀਂਵਾਂ ਅਤੇ ਆਪਣੇ ਆਪ ਨੂੰ ਸੱਭ ਤੋਂ ਉਚਾ ਹੋਣ ਦੇ ਭਰਮ ਵਿੱਚ ਰਹਿੰਦੇ ਹਨ।ਇਸ ਮਾਨਸਿਕਤਾ ਵਾਲੇ ਲੋਕਾਂ ਬਾਰੇ ਇੱਕ ਰਾਜਸਥਾਨੀ ਕਹਾਵਤ ਹੈ “ਮ੍ਹਨੈ ਘੜਗੀ ਜਿਕੀ ਬਾੜ ਮੈ ਬੜਗੀ” ਭਾਵ ਪ੍ਰਮਾਤਮਾ ਨੇ ਉਸ ਨੂੰ ਸਪੈਸ਼ਲ ਬਣਾਇਆ ਹੈ,ਪਰ ਉਸ ਤੋਂ ਬਾਅਦ,ਉਸਨੇ ਇਹੋ ਜਿਹੀਆਂ ਸ਼ਖਸੀਅਤਾਂ ਬਣਾਉਣੀਆਂ ਬੰਦ ਕਰ ਦਿੱਤੀਆਂ ਹਨ।ਉਹ ਇਹ ਸਵੀਕਾਰ ਕਰਨ ਲਈ ਤਿਆਰ ਨਹੀ ਹਨ ਕਿ ਇਸ ਧਰਤੀ ‘ਤੇ ਹੋਰ ਵੀ ਸਮਰੱਥ ਵਿਅਕਤੀ ਮੌਜੂਦ ਹਨ।ਆਪਣੇ ਆਪ ਨੂੰ ਉਚਾ ਸਮਝਣ ਦੇ ਜਨੂੰਨ ਵਿੱਚ ਅਜਿਹੇ ਵਿਅਕਤੀ ਆਪਣੇ ਤੋਂ ਵੱਧ ਪ੍ਰਭਾਵਸ਼ਾਲੀ ਲੋਕਾਂ ਨੂੰ ਰੋਗੀ ਕਹਿਣ ਲੱਗੇ ਵੀ ਸੰਕੋਚ ਨਹੀ ਕਰਦੇ।ਜੇਕਰ ਇਸ ਤਰਾਂ ਦਾ ਵਿਅਕਤੀ ਕਿਸੇ ਘਰ ਦਾ ਮੁੱਖੀ ਹੋਵੇ,ਜਾਂ ਕਿਸੇ ਸੰਸਥਾ,ਸਮਾਜਿਕ ਜਥੇਬੰਦੀ,ਰਾਜਨਿਤਕ,ਪੇਸ਼ੇਵਰ ਜਾਂ ਹੋਰ ਕਿਸੇ ਸਮੂਹ ਜਾਂ ਸੰਸਥਾ ਦਾ ਮੁੱਖੀ ਹੋਵੇ ਤਾਂ ਉਹ ਆਪਣਿਆਂ ਫੈਸਲਿਆਂ ਨੂੰ ਪਹਿਲ ਦੇਵੇਗਾ ਅਤੇ ਉਮੀਦ ਕਰੇਗਾ ਕਿ ਬਾਕੀ ਵੀ ਸਾਰੇ ਬਿੰਨਾਂ ਕਿਸੇ ਦਲੀਲ ਦੇ ਸਵੀਕਾਰ ਕਰਨ।ਜਦ ਲੋਕ ਦਾਨ ਪੁੰਨ ਕਰਦੇ ਹਨ ਤਾਂ ਉਨਾਂ ਦੇ ਮਨ ਨੂੰ ਭਰਪੂਰ ਸ਼ਾਤੀ ਮਿਲਦੀ ਹੈ।

ਆਦਮੀ ਜਿੰਨਾਂ ਖੁਸ਼ ਮਿਜਾਜ਼ ਹੋਵੇਗਾ ਉਨਾਂ ਹੀ ਉਹ ਆਪਣਾ ਜੀਵਨ ਸਵਰਗੀ ਜੀਵਨ ਮਹਿਸੂਸ ਕਰੇਗਾ।ਜੇਕਰ ਉਨਾਂ ਦੀ ਜਿੰਦਗੀ ਈਰਖਾ,ਨਫ਼ਰਤ,ਸਾਜਿਸ਼ ਆਦਿ ਵਰਗੀਆਂ ਬੁਰਾਈਆਂ ਨਾਲ ਭਰੀ ਹੋਵੇਗੀ,ਤਾਂ ਉਨਾਂ ਦਾ ਜੀਵਨ ਆਪਣੇ ਆਪ ਵਿੱਚ ਜਿਊਂਦਾ ਨਰਕ ਹੋਵੇਗੀ। ਨਿਰਾਸ਼ ਹੋ ਕੇ ਉਹ ਬਹੁਤ ਸਾਰੀਆਂ ਬੀਮਾਰੀਆਂ ਨਾਲ ਗ੍ਰਸਤ ਹੋ ਜਾਵੇਗਾ।ਬਦਕਿਸਮਤੀ ਨਾਲ ਉਹ ਆਪਣੀ ਨਰਕ ਭਰੀ ਹੋਂਦ ਨੂੰ ਪਛਾਣਨ ਵਿੱਚ ਅਸਫਲ ਰਹਿੰਦੇ ਹਨ।ਉਹ ਆਪਣੀ ਚੁਸਤ ਚਲਾਕੀ ਨੂੰ ਹਲਕਾਪਨ ਸਮਝਦੇ ਹਨ ਅਤੇ ਦੂਸਰਿਆਂ ਨੂੰ ਪਹੁੰਚਾਇਆ ਹੋਏ ਨੁਕਸਾਨ ਨੂੰ ਦੇਖ ਕੇ ਲਗਾਤਾਰ ਖੁਸ਼ੀ ਮਨਾਉਦੇ ਹਨ।ਜਿਸ ਦਿਨ ਇਹੋ ਜਿਹੇ ਲੋਕ ਆਪਣੇ ਅੰਦਰ ਝਾਤੀ ਮਾਰਨ ਲੱਗ ਜਾਣ ਤਾਂ ਇਹ ਸੋਚਣ ਲੱਗ ਜਾਣਗੇ ਕਿ ਦੂਸਰਿਆਂ ਦੀ ਮਦਦ ਕਰਨ ਤੋਂ ਵੱਡਾ ਕੋਈ ਪੁੰਨ ਹੀ ਨਹੀ ਹੈ,ਤਾਂ ਦਰਦ ਦੇਣਾ ਇਸ ਤੋਂ ਵੱਡਾ ਕੋਈ ਪਾਪ ਹੀ ਨਹੀ ਹੈ”ਤਾਂ ਉਹ ਆਪਣਾ ਰਸਤਾ ਬਦਲ ਸਕਦੇ ਹਨ।ਜੇਕਰ ਉਹ ਆਪਣੇ ਦਿਲ ਨੂੰ ਸਾਫ਼ ਕਰ ਲੈਣ ਤਾਂ ਉਨਾਂ ਵਰਗਾ ਇਨਸਾਨ ਕੋਈ ਕੋਈ ਹੀ ਹੋਵੇਗਾ।ਉਹ ਦੂਸਰਿਆਂ ਦਾ ਭਲਾ ਸੋਚਣ ਲੱਗ ਜਾਣਗੇ।ਜਦੋਂ ਇਹ ਗੱਲ ਸੋਚਣ ਲੱਗ ਪਏ ਤਾਂ ਉਹਨਾਂ ਵਿੱਚ ਤਬਦੀਲੀ ਆਉਣਾ ਤਹਿ ਹੈ।ਜੋ ਲੋਕ ਧਾਰਮਿਕ ਬਿਰਤੀ ਵਿੱਚ ਰਹਿੰਦੇ ਹਨ ਜਾਂ ਸੱਚ ਦੇ ਮਾਰਗ ‘ਤੇ ਚੱਲਦੇ ਹਨ।ਉਹ ਸੱਚਮੁਚ ਧੰਨ ਹੋ ਜਾਂਦੇ ਹਨ।

ਧਾਰਮਿਕ ਹੋਣ ਦਾ ਮਤਲਬ ਇਹ ਨਹੀ ਹੈ ਕਿ ਉਹ ਲੋਕ ਕੱਟੜ ਹੋ ਜਾਣਗੇ ਅਤੇ ਆਪਣੇ ਆਪਣੇ ਧਰਮ ਲਈ ਲੜਾਈਆਂ ਕਰਨ, ਨਹੀ!ਬਹੁਤ ਸਾਰੇ ਲੋਕ ਹਨ ਜੋ ਲੋਕ ਭਲਾਈ ਦਾ ਕੰਮ ਕਰਦੇ ਹਨ ਉਹ ਲੋਕਾਂ ਦੀ ਭਲਾਈ ਕਰਨ ਵਿੱਚ ਹੀ ਸੱਚਾ ਧਰਮ ਸਮਝਦੇ ਹਨ।ਸ਼ੋਸਲ ਮੀਡੀਆ ਤੇ ਬਹੁਤ ਸਾਰੇ ਲੋਕਾਂ ਨੂੰ ਦੂਸਰਿਆਂ ਦੀ ਮਦਦ ਕਰਦੇ ਦੇਖਦੇ ਹਾਂ ਕੋਈ ਭੋਜਨ ਦਿੰਦਾ ਹੈ,ਕੋਈ ਕਪੜੇ ਦਿੰਦਾ ਹੈ,ਕੋਈ ਲੋਕਾਂ ਨੂੰ ਮਕਾਨ ਬਣਾ ਕੇ ਦਿੰਦਾ ਹੈ ਅੱਜ ਕੱਲ ਬਹੁਤ ਸਾਰੇ ਤੁਹਾਨੂੰ ਸ਼ੋਸਲ ਮੀਡੀਆ ਤੇ ਵੀਡੀਓ ਮਿਲ ਜਾਣਗੇ।ਕੁਝ ਲੋਕ ਆਪਣੀ ਛੋਟੀਆਂ ਫਿਲਮਾਂ ਰਾਹੀ ਸਮਾਜ ਵਿੱਚ ਨੈਤਿਕ ਕਦਰਾਂ ਕੀਮਤਾਂ ਸਥਾਪਤ ਕਰਨ ਲਈ ਕੰਮ ਕਰ ਰਹੇ ਹਨ।ਇਹ ਸਾਰੀਆਂ ਕਾਰਵਾਈਆਂ ਦਿਲ ਨੂੰ ਇਕ ਸਕੂਨ ਦਿੰਦੀਆਂ ਹਨ।ਜੋ ਲੋਕ ਇਹ ਫਿਲਮਾਂ ਦੇਖਦੇ ਹਨ ਉਹ ਬੜੇ ਖੁਸ਼ ਹੁੰਦੇ ਹਨ ਅਤੇ ਕੁਝ ਨਾ ਕੁਝ ਸੰਦੇਸ਼ ਪ੍ਰਾਪਤ ਕਰਦੇ ਹਨ।ਫ਼ਿਲਮ ਨਿਰਮਾਤਾ ਵੀ ਇਹਨਾਂ ਕੰਮਾਂ ਤੋਂ ਸ਼ੰਤੁਸ਼ਟ ਹਨ ਕਿ ਕੋਈ ਤਾਂ ਹੈ ਜੋ ਲੋਕਾਂ ਦੀ ਭਲਾਈ ਕਰ ਰਿਹਾ ਹੈ।ਇਸ ਦਾ ਮਤਲਬ ਇਹ ਹੈ ਕਿ ਸਵਰਗ ਨਰਕ ਸੱਭ ਏਥੇ ਹੀ ਹੈ।ਜੋ ਸਿਆਣੇ ਹਨ ਉਹ ਇਸ ਸਾਰ ਨੂੰ ਭਲੀਭਾਂਤ ਜਾਣਦੇ ਹਨ।



**ਅਮਰਜੀਤ ਚੰਦਰ**
**ਲੁਧਿਆਣਾ**


joo
Just Order Online
WANT TO SAVE £1000'S IN YOUR RESTAURANT?
TABLET ORDERING SYSTEM
KITCHEN DISPLAY & KITCHEN PRINTERS
ONLINE ORDERING & TABLE BOOKING
INTEGRATED CARD MACHINES
JOO AI – ADVANCED BUSINESS INTELLIGENCE
POS,PRINTER, WEBSITE, ORDER BOOKING SYSTEM FROM
STARTING FROM
WAS £999
NOW ONLY
£249
Contact Us
+44-7846-588928
OFFER ENDS
28 FEB 2026
justorderonline.co.uk
info@justorderonline.co.uk
T&Cs apply - 2 year contract. Subject to availability

# ਟਾਇਰਾਂ ਤੋਂ ਸਸਤੀ ਜਿੰਦਗੀ

" ਕਿੱਦਾਂ ਬੈਠਾਂ,? ਕੀ ਗੱਲ ਜਾਣਾਂ ਨਹੀਂ ਪੰਚਾਇਤ 'ਚ ? " ਪੰਚ ਅਮਰ ਸਿੰਘ ਨੇ ਅੱਧ ਖੁੱਲ੍ਹੇ ਗੇਟ ਚੋਂ ਅੰਦਰ ਝਾਕਦਿਆਂ ਜਰਨੈਲ ਸਿੰਘ ਨੂੰ ਪੁਛਿਆ। ਜੋ ਸਿਰ 'ਤੇ ਸਾਫਾ ਬੰਨੀ ਅਖਵਾਰ ਪੜ੍ਹ ਰਿਹਾ ਸੀ। " ਨਹੀਂ ਯਾਰ, ਮਨ ਨਹੀਂ ਮੰਨਦਾ, ਆਵੀਂ ਕਾਵਾਂ ਰੌਲੀ ਪਾ ਰੱਖਦੇ ਆ ਲੋਕ।ਕੋਈ ਕੰਮ ਦੀ ਗੱਲ ਕਰਦਾ ਉੱਥੇ ? ਤੂੰ ਤਾਂ ਪੰਜ ਆ, ਤੈਨੂੰ ਤਾਂ ਜਾਣਾਂ ਈ ਪੈਣਾਂ,ਤੂੰ ਜਾਹ। ਮੇਰੀ ਉੱਥੇ ਕੀ ਜ਼ਰੂਰਤ ਆ। ਵੈਸੇ ਵੀ ਅੱਧਾ ਪਿੰਡ ਟੀਰੀਆਂ ਅੱਖਾਂ ਨਾਲ ਦੇਖਦਾ ਮੈਨੂੰ। ਕਿ ਹਰ ਗੱਲ ਚ ਆਪਣੀ ਫਿਲਾਸਫੀ ਘੋਟਣੇ ਲੱਗ ਜਾਂਦਾ।" ਜਰਨੈਲ ਸਿੰਘ ਨੇ ਉਸ ਵਲ ਦੇਖਦਿਆਂ ਕਿਹਾ। ਪਿਛਲੇ ਕਈ ਪੰਚਾਇਤੀ ਇਜਲਾਸਾਂ ਦਾ ਮਾਹੌਲ ਦੇਖ ਕੇ, ਜਰਨੈਲ ਸਿੰਘ ਨੇ ਕਿਸੇ ਵੀ ਪੰਚਾਇਤੀ ਇਜਲਾਸ 'ਚ ਨਾਂ ਜਾਣ ਦਾ ਮਨ ਬਣਾ ਰੱਖਿਆ ਸੀ। " ਤੇਰੇ ਖਾਸ ਦੋਸਤ ਪਾਖਰ ਦਾ ਕੇਸ ਆ ਯਾਰ। ਮੈਂ ਤਾਂ ਹੀ ਤੈਨੂੰ ਲੈਣ ਆਇਆਂ। ਕਾਰ ਵਾਲਾ ਵੀ ਆਪਣੇ ਪਿੰਡ ਦੀ ਪੰਚਾਇਤ 'ਤੇ ਪਿੰਡ ਦੇ ਬੰਦੇ ਲੈ ਕੇ ਆ ਰਿਹਾ। ਉੱਥੇ ਦੇ ਸਰਪੰਚ ਦਾ ਫੂਨ ਆਇਆ ਸੀ, ਕਹਿੰਦੇ ਕਿ ਫੈਸਲਾ ਕਰ ਲਓ। "

" ਉਹ ਯਾਰ, ਪੁਲਿਸ ਕੇਸ ਆ ਇਹ। ਤੁਸੀਂ ਕਾਹਦਾ ਫੈਸਲਾ ਕਰਨਾ...। " ਜਰਨੈਲ ਨੇ ਉਸ ਨੂੰ ਵਿੱਚੋਂ ਹੀ ਟੋਕਦਿਆਂ ਕਿਹਾ।

" ਪੁਲਿਸ ਵਾਲੇ ਕਹਿੰਦੇ ਆ ਕਿ ਤੁਸੀਂ ਆਪਸ ਚ ਫੈਸਲਾ ਕਰ ਲਓ। ਕਾਰ ਵਾਲਾ ਬਾਹਰੋਂ ਆਇਆ ਹੋਇਆ,ਅਗਲੇ ਹਫ਼ਤੇ ਫਲਾਇਟ ਹੈ ਉਸ ਦੀ। ਇਸ ਕਰ ਕੇ ਉਹ ਜ਼ੋਰ ਪਾ ਰਿਹਾ ਫੈਸਲਾ ਕਰਨ ਲਈ। ਚੱਲ ਉੱਠ, ਐਵੇ ਨਾਂ ਨਖਰੇ ਕਰ....। " ਅਮਰ ਸਿੰਘ ਨੇ ਉਸਨੂੰ ਬਾਂਹ ਤੋਂ ਫੜ ਕੇ ਖਿੱਚ ਲਿਆ।

ਜਦੋਂ ਉਹ ਪੰਚਾਇਤ ਘਰ ਪਹੁੰਚੇ, ਤਾਂ ਉੱਥੇ ਇਕੱਠ ਕਾਫ਼ੀ ਭਰ ਚੁੱਕਾ ਸੀ। ਪੰਜ-ਛੇ ਦਿਨ ਪਹਿਲਾਂ,ਮਤਲਬ ਜਿਸ ਦਿਨ ਆਪਣੀ ਸਕੂਟਰੀ ' ਸ਼ਹਿਰ ਜਾ ਰਹੇ ਪਾਖਰ ਸਿੰਘ ਦਾ ਐਕਸੀਡੈਂਟ ਹੋਇਆ ਸੀ, ਪਿੰਡ ਵਿੱਚ ਹਰ ਕਿਸੇ ਦੀ ਜੁਬਾਨ 'ਤੇ ਇਸ ਐਕਸੀਡੈਂਟ ਦੀ ਚਰਚਾ ਹੋ ਰਹੀ ਸੀ। ਕਿ ਕਿਸ ਤਰ੍ਹਾਂ ਇੱਕ ਕਾਰ ਵਾਲੇ ਨੇ, ਪੱਕੀ ਸੜਕ ਛੱਡ ਕੇ ਕੱਚੇ ਤੇ ਜਾ ਚੁੱਕੇ ਪਾਖਰ ਸਿੰਘ ਦੀ ਸਕੂਟਰੀ ਨੂੰ ਪਿਛਿਉਂ ਟੱਕਰ ਮਾਰ ਦਿਤੀ ਸੀ।ਅਤੇ ਪਾਖਰ ਸਿੰਘ ਨੂੰ ਜਖਮੀਂ ਹਾਲਤ ਵਿੱਚ ਛੱਡ ਕੇ ਕਾਰ ਵਾਲਾ, ਕਾਰ ਭਜਾ ਕੇ ਲੈ ਗਿਆ ਸੀ। ਉਹ ਤਾਂ ਭਲਾ ਹੋਵੇ ਕਾਰੀ ਤੇ ਕਿੰਦੇ ਦਾ,ਜੋ ਆਪਣੇ ਮੋਟਰਸਾਇਕਲ ਸਾਈਕਲ 'ਤੇ, ਉਨ੍ਹਾਂ ਦੇ ਪਿੱਛੇ ਹੀ ਆ ਰਹੇ ਸਨ, ਉਨ੍ਹਾਂ ਕਾਰ ਵਾਲੇ ਨੂੰ ਘੇਰ ਲਿਆ ਸੀ। ਅਤੇ ਉਸ ਦੀ ਕਾਰ ਵਿੱਚ ਹੀ ਪਾਖਰ ਸਿੰਘ ਨੂੰ ਹਸਪਤਾਲ ਲੈਕੇ ਗਏ, ਅਤੇ ਪਿੰਡ ਫੂਨ ਕਰ ਕੇ, ਪਿੰਡ ਵਾਸੀਆਂ ਨੂੰ ਹਸਪਤਾਲ ਵਿੱਚ ਬੁਲਾ ਲਿਆ ਸੀ।ਪਿੰਡ ਦੇ ਮੋਹਤਬਰ ਲੋਕਾਂ ਵਲੋਂ ਪੁਲਿਸ ਨੂੰ ਵੀ ਇਤਲਾਹ ਕਰ ਦਿੱਤੀ ਗਈ ਸੀ।

ਪੰਚਾਇਤੀ ਇਕੱਠ 'ਚ, ਹਮੇਸ਼ਾ ਦੀ ਤਰ੍ਹਾਂ, ਸਾਰੇ ਲੋਕ ਆਪਣੀਆਂ ਆਪਣੀਆਂ ਗੱਲਾਂ 'ਚ ਮਸਰੂਫ਼ ਸਨ।ਕਿਸੇ ਨੂੰ ਕੋਈ ਪਰਵਾਹ ਨਹੀਂ ਸੀ ਕਿ ਉਹ ਅੱਜ ਇੱਕ ਬਹੁਤ ਹੀ ਸੰਜੀਦਾ ਮਸਲੇ ਦਾ ਫੈਸਲਾ ਕਰਨ ਲਈ ਇਕੱਠੇ ਹੋਏ ਹਨ।

" ਜਿਸ ਕੰਮ ਲਈ ਇਕਠੇ ਹੋਏ ਹਾਂ ਸਰਪੰਚ ਸਾਹਿਬ, ਉਸ ਬਾਰੇ ਗੱਲ ਕਰੀਏ? "ਜਰਨੈਲ ਸਿੰਘ ਤੋਂ ਰਿਹਾ ਨਾ ਗਿਆ।

" ਸਰਪੰਚ ਸਾਹਿਬ, ਅਸੀਂ ਤਾਂ ਤੁਹਾਡੇ ਸਾਰਿਆਂ ਅੱਗੇ ਬੇਨਤੀ ਲੈ ਕੇ ਆਏ ਹਾਂ ਕਿ ਜੋ ਹੋਣਾਂ ਸੀ ਉਹ ਤਾਂ ਉਹ ਤਾਂ ਹੋ ਗਿਆ। ਕੋਰਟ ਕਚਹਿਰੀਆਂ ਚ ਖੱਜਲ ਹੋਣ ਦੀ ਬਜਾਇ,ਇਕੱਠੇ ਬਹਿ ਕੇ ਆਪਸ 'ਚ ਹੀ ਗੱਲ ਨਿੱਬੜ ਜਾਏ ਤਾਂ ਚੰਗੀ ਗੱਲ ਆ।" ਕਾਰ ਡਰਾਇਵਰ ਜੱਸਾ ਸਿੰਘ ਨਾਲ ਆਏ ਸਰਪੰਚ ਨੇ ਗੱਲ ਤੋਰਦਿਆਂ ਕਿਹਾ। " ਸ਼ੁਕਰ ਆ ਪਰਮਾਤਮਾ ਦਾ, ਬਚਾ ਹੋ ਗਿਆ। "

" ਪਾਖਰ ਸਿੰਘ ਦਾ ਜੋ ਨੁਕਸਾਨ ਹੋਇਆ, ਉਸ ਦਾ ਹਰਜਾਨਾਂ ਭਰ ਦਿਉ ਸਰਪੰਚ ਸਾਹਿਬ, ਅਸੀਂ ਕੀ ਕਰਨ ਜਾਣਾਂ ਕੋਰਟ ਕਚਹਿਰੀਆਂ 'ਚ। " ਪੰਚ ਅਮਰ ਸਿੰਘ ਨੇ ਗੱਲ ਸੰਭਾਲੀ।

"ਦੇਖੋ ਜੀ, ਪਾਖਰ ਸਿੰਘ 'ਕੱਲਾ ਕਹਿਰਾ ਕਮਾਉਣ ਵਾਲਾ, ਉਹ ਬੇਕਾਰ ਹੋ ਕੇ ਮੰਜੇ ਤੇ ਬਹਿ ਗਿਆ। ਉਸ ਦੀ ਹਮਦਾਦ ਕਰਨੀ ਵੀ ਜਰੂਰੀ ਹੈ। ਜੋ ਨੁਕਸਾਨ ਹੋਇਆ ਉਹ ਤੁਸੀਂ ਆਪ ਦੇਖ ਲਓ। "

" ਅਮਰ ਸਿਆਂ,ਸਕੂਟਰੀ ਅਤੇ ਇਲਾਜ਼ ਦੇ ਖਰਚ ਭਰ ਦਿੰਦੇ ਹਾਂ। ਹਜ਼ਾਰ-ਦੋ ਹਜ਼ਾਰ ਹੋਰ ਦੇ ਦਿੰਦੇ ਆਂ। ਮਿੱਟੀ ਪਾਓ ਗੱਲ ਤੇ। " ਕਾਰ ਵਾਲੇ ਨਾਲ ਆਇਆ ਹੋਇਆ ਬਿਸ਼ਨਾਂ ਪੰਚ ਜਿਆਦਾ ਹੀ ਕਾਹਲਾ ਸੀ।

" ਇਸ ਮੁੰਡੇ ਨੇ ਜਾਣ ਕੇ ਪਿਛਿਓ ਮਾਰੀ ਕਾਰ। ਮਿੱਟੀ ਕਿੱਦਾਂ ਪਾ ਦੇਈਏ ਗੱਲ 'ਤੇ। " ਪਿੰਡ ਵਾਸੀ ਗੁੱਸੇ ਚ ਬੋਲਣ ਲੱਗੇ। " ਬੰਦਾ ਰੱਦੀ ਕਰ ਦਿੱਤਾ, ਅਖੇ ਹਜ਼ਾਰ-ਦੋ ਹਜ਼ਾਰ ਦੇ ਦਿੰਦੇ ਹਾਂ। ਘਰ ਦਾ ਰਾਜ ਆ।""

" ਫ਼ੇਰ ਤੁਸੀਂ ਦੱਸ ਦਿਉ, ਕਿੱਥੇ ਕੁ ਮੁਕ? "

" ਉੱਕਾ-ਪੱਕਾ ਪੰਜਾਹ ਹਜ਼ਾਰ।" ਜਰਨੈਲ ਸਿੰਘ ਬੋਲ ਪਿਆ। " ਪੰਜਾਹ ਹਜ਼ਾਰ ਕਾਹਦਾ? " ਕਾਰ ਵਾਲੇ ਜੱਸੇ ਨਾਲ ਆਇਆ ਸਰਪੰਚ ਗੁੱਸੇ ਭਰੀਆਂ ਨਜ਼ਰਾਂ ਨਾਲ ਜਰਨੈਲ ਸਿੰਘ ਵਲ ਦੇਖ ਰਿਹਾ ਸੀ।" ਪੰਦਰ੍ਹਾਂ ਹਜ਼ਾਰ ਚ ਗੱਲ ਬਣਦੀ ਆ ਤਾਂ ਠੀਕ ਹੈ, ਨਹੀਂ ਤਾਂ ਗੱਲ ਖਤਮ। "

" ਫ਼ੇਰ ਤੁਸੀਂ ਗੱਲ ਖਤਮ ਹੀ ਸਮਝੋ ਸਰਪੰਚ ਸਾਹਿਬ। " ਜਰਨੈਲ ਸਿੰਘ ਅੜ ਗਿਆ।

ਕਾਰ ਵਾਲੇ ਜੱਸਾ ਸਿੰਘ ਨਾਲ ਆਇਆ ਸਰਪੰਚ ਸੋਚਾਂ ਚ ਪੈ ਗਿਆ। ਅਗਲੇ ਹਫ਼ਤੇ ਜੱਸਾ ਸਿੰਘ ਦੀ ਫਲਾਇਟ ਸੀ। ਜੇ ਕੋਰਟ ਕੇਸ ਹੋ ਗਿਆ ਤਾਂ.....?

" ਇਸ ਵਿਚਾਰੇ ਨੇ ਕਿਹੜਾ ਜਾਣ ਬੁਝ ਕੇ ਗੱਡੀ ਮਾਰੀ ਆ। ਹੋ ਜਾਂਦੇ ਆ ਐਕਸੀਡੈਂਟ। " ਸਰਪੰਚ ਗੱਲ ਸੰਭਾਲਣ ਦੀ ਕੋਸ਼ਿਸ਼ ਕਰ ਰਿਹਾ ਸੀ।

" ਇਹ ਐਕਸੀਡੈਂਟ ਨਹੀਂ ਸੀ ਸਰਪੰਚ ਸਾਹਿਬ। ਮੌਕੇ ਦੇ ਗਵਾਹ ਆਹ ਖੜੇ ਆ। ਸੜਕ ਪੂਰੀ ਤਰ੍ਹਾਂ ਖਾਲੀ ਸੀ।ਜਦੋਂ ਪਾਖਰ ਨੇ ਦੇਖਿਆ ਕਿ ਕਾਰ ਉਸ ਦੇ ਉਪਰ ਹੀ ਚੜਦੀ ਆ ਰਹੀ ਆ,ਤਾਂ ਉਹ ਆਪਣੀ ਸਕੂਟਰੀ ਕੱਚੇ ਚ ਲੈ ਗਿਆ, ਫ਼ਿਰ ਵੀ ਇਸ ਬੰਦੇ ਨੇ ਉਸ ਦੀ ਸਕੂਟਰੀ ਠੋਕ ਦਿੱਤੀ। "

ਪਿੰਡ ਸਰਪੰਚ, ਜਰਨੈਲ ਸਿੰਘ ਵਲ ਦੇਖਦਾ ਜਾ ਰਿਹਾ ਸੀ।ਬੇਸਕ ਉਹ ਜਾਣਦਾ ਸੀ ਕਿ ਇਸ ਤਰ੍ਹਾਂ ਅੜਨ ਨਾਲ ਕੋਈ ਵੀ ਫੈਸਲਾ ਹੋਣਾ ਮੁਸਕਿਲ ਹੈ, ਫ਼ਿਰ ਵੀ ਜਰਨੈਲ ਸਿੰਘ ਨੂੰ ਟੋਕਣ ਦੀ ਹਿੰਮਤ ਨਹੀਂ ਸੀ ਹੋ ਰਹੀ।

" ਤੁਸੀਂ ਮੁੰਡੇ ਦੀ ਮਜਬੂਰੀ ਦਾ ਫਾਇਦਾ ਨਾ ਚੁੱਕੋ। "

" ਅਸੀਂ ਇਸ ਦੀ ਮਜਬੂਰੀ ਦਾ ਫਾਇਦਾ ਨਹੀਂ ਚੁੱਕ ਰਹੇ। ਇਸ ਨੂੰ ਇਸ ਦੀ ਘਟੀਆ ਸੋਚ ਦਾ ਅਹਿਸਾਸ ਕਰਵਾਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਆਓ ਮੇਰੇ ਨਾਲ, ਮੈਂ ਦਿਖਾਉਂਦਾ ਤੁਹਾਨੂੰ,ਇਸ ਮੁੰਡੇ ਨੇ,ਆਪਣੀ ਕਾਰ ਦੇ ਟਾਇਰ ਬਚਾਉਦਿਆਂ, ਕਾਰ ਸਕੂਟਰੀ ਚ ਮਾਰੀ ਆ। ਇਸ ਬੰਦੇ ਨਜ਼ਰ ਵਿੱਚ,ਇਨਸ਼ਾਨੀ ਜਿੰਦਗੀ ਤੋਂ ਜਿਆਦਾ ਕਾਰ ਦੇ ਟਾਇਰ ਜਿਆਦਾ ਕੀਮਤੀ ਹਨ।ਆਓ ਮੇਰੇ ਨਾਲ,ਸੜਕ ਦੇਖ ਕੇ, ਤੁਸੀਂ ਆਪ ਕਹੋ ਦੇ ਕਿ ਮੈਂ ਸਹੀ ਕਹਿ ਰਿਹਾ ਹਾਂ। "

ਜਰਨੈਲ ਸਿੰਘ ਦੀਆਂ ਗੱਲਾਂ ਸੁਣ ਕੇ, ਦੋਹਾਂ ਪਿੰਡਾਂ ਦੀਆਂ ਪੰਚਾਇਤਾਂ ਨੇ ਇੱਕ ਦੂਜੇ ਵਲ ਝਾਕਣ ਲੱਗੀਆਂ।

ਆਪਣੀ ਗੱਲ ਮੁਕਾ ਕੇ, ਜਰਨੈਲ ਸਿੰਘ ਉੱਥੋਂ ਤੁਰਨ ਲੱਗਾ ਤਾਂ ਦੱਸੇ ਨਾਲ ਆਏ ਸਰਪੰਚ ਨੇ, ਹੱਥ ਫੜਕੇ ਉਸ ਨੂੰ ਬਿਠਾ ਲਿਆ।

ਦੋਵੇ ਪੰਚਾਇਤਾਂ ਸੋਚ ਵਿਚਾਰ ਕਰਨ ਲੱਗੀਆਂ। ਜਰਨੈਲ ਸਿੰਘ ਦੀਆਂ ਗੱਲਾਂ ਉਨ੍ਹਾਂ ਦੇ ਦਿਲਾਂ ਨੂੰ ਝੰਜੋੜ ਗਈਆਂ ਸਨ। ਜੱਸਾ ਸਿੰਘ ਦੇ ਪਿੰਡ ਦੀ ਪੰਚਾਇਤ ਨੇ, ਜੱਸਾ ਸਿੰਘ ਨੂੰ ਪਾਸੇ ਲੈ ਜਾ ਕਰ ਸਲਾਹ ਕੀਤੀ।ਜੱਸਾ ਸਿੰਘ ਨੇ, ਸਾਰਿਆਂ ਦੇ ਸਾਹਮਣੇ,ਪਾਖਰ ਸਿੰਘ ਦੇ ਨਾ, ਪੰਜਾਹ ਹਜ਼ਾਰ ਦਾ ਚੈਕ ਪਿੰਡ ਪੰਚਾਇਤ ਦੇ ਹੱਥ ਫੜਾ ਦਿੱਤਾ।



ਗੁਰਦੀਪ ਸਿੰਘ ਮੁਕੱਦਮ
ਪਿੰਡ ਲਧਾਣਾ ਝਿੱਕਾ
9878160133

# ਜੰਗ: ਮਨੁੱਖਤਾ ਲਈ ਇੱਕ ਵੱਡੀ ਚੇਤਾਵਨੀ

ਦੁਨੀਆ ਦਾ ਇਤਿਹਾਸ ਸਾਨੂੰ ਦੱਸਦਾ ਹੈ ਕਿ ਜੰਗ ਮਨੁੱਖੀ ਜੀਵਨ ਨਾਲ ਲੰਮੇ ਸਮੇਂ ਤੋਂ ਜੁੜੀ ਰਹੀ ਹੈ। ਕਦੇ ਸਰਹੱਦਾਂ ਦੇ ਵਿਵਾਦ ਕਰਕੇ, ਕਦੇ ਧਰਮ ਦੇ ਨਾਂ ਤੇ, ਕਦੇ ਕੁਦਰਤੀ ਸਰੋਤਾਂ ਦੀ ਲਾਲਚ ਕਰਕੇ ਅਤੇ ਕਦੇ ਰਾਜਨੀਤਿਕ ਅਹਿੰਕਾਰ ਕਾਰਨ ਦੇਸ਼ ਆਪਸ ਵਿੱਚ ਟਕਰਾਏ ਹਨ। ਕਾਰਨ ਭਾਵੇਂ ਵੱਖ-ਵੱਖ ਰਹੇ ਹੋਣ, ਪਰ ਨਤੀਜਾ ਹਮੇਸ਼ਾਂ ਇੱਕੋ ਜਿਹਾ ਨਿਕਲਿਆ ਹੈ — ਤਬਾਹੀ, ਦੁੱਖ ਅਤੇ ਪਛਤਾਵਾ। ਇਤਿਹਾਸ ਦੀਆਂ ਵੱਡੀਆਂ ਜੰਗਾਂ, ਜਿਵੇਂ ਪਹਿਲਾ ਵਿਸ਼ਵ ਯੁੱਧ ਅਤੇ ਦੂਜਾ ਵਿਸ਼ਵ ਯੁੱਧ, ਨੇ ਪੂਰੀ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਸੀ। ਕਰੋੜਾਂ ਲੋਕਾਂ ਦੀਆਂ ਜਾਨਾਂ ਗਈਆਂ, ਕਈ ਸ਼ਹਿਰ ਖੰਡਰ ਬਣ ਗਏ ਅਤੇ ਅਨੇਕਾਂ ਪਰਿਵਾਰ ਬਰਬਾਦ ਹੋ ਗਏ। ਇਨ੍ਹਾਂ ਜੰਗਾਂ ਨੇ ਇਹ ਸਬਕ ਦਿੱਤਾ ਕਿ ਜਦੋਂ ਗੱਲਬਾਤ ਦੀ ਥਾਂ ਹਥਿਆਰ ਲੈਂਦੇ ਹਨ, ਤਾਂ ਨੁਕਸਾਨ ਸਿਰਫ਼ ਦੁਸ਼ਮਨ ਦਾ ਨਹੀਂ ਹੁੰਦਾ, ਸਗੋਂ ਪੂਰੀ ਮਨੁੱਖਤਾ ਦਾ ਹੁੰਦਾ ਹੈ।

ਆਧੁਨਿਕ ਸਮੇਂ ਵਿੱਚ ਵੀ ਹਾਲਾਤ ਬਹੁਤ ਨਹੀਂ ਬਦਲੇ। ਪਿਛਲੇ ਕਈ ਸਾਲਾਂ ਵਿੱਚ ਹੋਏ ਵੱਡੇ ਟਕਰਾਅ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਜੰਗ ਕਦੇ ਵੀ ਪੂਰਾ ਹੱਲ ਨਹੀਂ ਦਿੰਦੀ। ਕਈ ਵਾਰ ਜੰਗ ਕਿਸੇ ਇੱਕ ਮੁੱਦੇ ਨੂੰ ਸੁਲਝਾਉਣ ਲਈ ਸ਼ੁਰੂ ਹੁੰਦੀ ਹੈ, ਪਰ ਬਾਅਦ ਵਿੱਚ ਇਹ ਹੋਰ ਵੱਡੀਆਂ ਸਮੱਸਿਆਵਾਂ ਪੈਦਾ ਕਰ ਦਿੰਦੀ ਹੈ। ਹਜ਼ਾਰਾਂ ਪਰਿਵਾਰ ਤਬਾਹ ਹੋ ਜਾਂਦੇ ਹਨ, ਬੇਗੁਨਾਹ ਲੋਕ ਆਪਣੀ ਜਾਨ ਗਵਾ ਬੈਠਦੇ ਹਨ ਅਤੇ ਲੱਖਾਂ ਲੋਕਾਂ ਨੂੰ ਆਪਣੇ ਘਰ ਛੱਡਣੇ ਪੈਂਦੇ ਹਨ। ਬੱਚਿਆਂ ਦੀ ਪੜ੍ਹਾਈ ਰੁਕ ਜਾਂਦੀ ਹੈ, ਹਸਪਤਾਲ ਅਤੇ ਸਕੂਲ ਨੁਕਸਾਨ ਝੱਲਦੇ ਹਨ ਅਤੇ ਦੇਸ਼ ਦੀ ਆਰਥਿਕ ਹਾਲਤ ਕਮਜ਼ੋਰ ਹੋ ਜਾਂਦੀ ਹੈ। ਜੰਗ ਮੁਕਣ ਤੋਂ ਬਾਅਦ ਵੀ ਉਸਦੇ ਅਸਰ ਲੰਮੇ ਸਮੇਂ ਤੱਕ ਰਹਿੰਦੇ ਹਨ। ਲੋਕਾਂ ਦੇ ਮਨਾਂ ਵਿੱਚ ਡਰ ਅਤੇ ਅਸੁਰੱਖਿਆ ਬਣੀ ਰਹਿੰਦੀ ਹੈ।

ਜੰਗ ਦਾ ਸਭ ਤੋਂ ਵੱਡਾ ਨੁਕਸਾਨ ਆਮ ਲੋਕਾਂ ਨੂੰ ਹੁੰਦਾ ਹੈ। ਸਰਹੱਦਾਂ ਤੇ ਲੜਨ ਵਾਲੇ ਸੈਨਿਕਾਂ ਦੇ ਨਾਲ ਨਾਲ ਉਨ੍ਹਾਂ ਦੇ ਪਰਿਵਾਰ ਵੀ ਦੁੱਖ ਸਹਿੰਦੇ ਹਨ। ਕਈ ਲੋਕ ਬੇਘਰ ਹੋ ਜਾਂਦੇ ਹਨ। ਇਸ ਤਰ੍ਹਾਂ ਸਮਾਜਕ ਜੀਵਨ ਪ੍ਰਭਾਵਿਤ ਹੁੰਦਾ ਹੈ ਅਤੇ ਲੋਕਾਂ ਵਿੱਚ ਆਪਸੀ ਭਰੋਸਾ ਘਟਦਾ ਹੈ। ਜੰਗ ਸਿਰਫ਼ ਜ਼ਮੀਨ ਨਹੀਂ ਵੰਡਦੀ, ਇਹ ਦਿਲਾਂ ਵਿੱਚ ਵੀ ਦੂਰੀ ਪੈਦਾ ਕਰਦੀ ਹੈ।

ਅਕਸਰ ਜੰਗਾਂ ਦੀ ਜੜ੍ਹ ਗਲਤਫ਼ਹਿਮੀਆਂ, ਅਵਿਸ਼ਵਾਸ ਅਤੇ ਅਹੰਕਾਰ ਵਿੱਚ ਹੁੰਦੀ ਹੈ। ਜਿੱਥੇ ਗੱਲਬਾਤ ਰੁਕਦੀ ਹੈ, ਓਥੇ ਟਕਰਾਅ ਦੀ ਸੰਭਾਵਨਾ ਵਧ ਜਾਂਦੀ ਹੈ। ਇਤਿਹਾਸ ਦੱਸਦਾ ਹੈ ਕਿ ਆਖ਼ਰਕਾਰ ਹੱਲ ਗੱਲਬਾਤ ਨਾਲ ਹੀ ਨਿਕਲਦਾ ਹੈ। ਜੇ ਅੰਤ ਵਿੱਚ ਬੈਠ ਕੇ ਸਮਝੌਤਾ ਕਰਨਾ ਹੀ ਪੈਂਦਾ ਹੈ, ਤਾਂ ਇਹ ਕਦਮ ਪਹਿਲਾਂ ਕਿਉਂ ਨਾ ਚੁੱਕਿਆ ਜਾਵੇ?

ਅੱਜ ਦਾ ਯੁੱਗ ਵਿਗਿਆਨ ਅਤੇ ਤਕਨਾਲੋਜੀ ਦਾ ਯੁੱਗ ਹੈ। ਮਨੁੱਖ ਚੰਦ ਤੱਕ ਪਹੁੰਚ ਗਿਆ ਹੈ ਅਤੇ ਨਵੀਆਂ ਖੋਜਾਂ ਕਰ ਰਿਹਾ ਹੈ। ਪਰ ਜੇ ਧਰਤੀ ਤੇ ਸ਼ਾਂਤੀ ਨਹੀਂ ਹੋਵੇਗੀ ਤਾਂ ਇਹ ਤਰੱਕੀ ਅਧੂਰੀ ਰਹੇਗੀ। ਅੱਜ ਹਾਲਾਤ ਇਹੋ ਜਿਹੇ ਹਨ ਕਿ ਬਹੁਤ ਸਾਰੇ ਦੇਸ਼ ਤਾਂ ਵੱਡੇ ਵੱਡੇ ਹਥਿਆਰ, ਮਿਜਾਈਲਾਂ ਬਣਾਉਣ ਨੂੰ ਅਤੇ ਜ਼ਿਆਦਾ ਤੋਂ ਜ਼ਿਆਦਾ ਲੜਾਕੂ ਜਹਾਜ਼ ਖਰੀਦਣ ਨੂੰ ਹੀ ਦੇਸ਼ ਦੀ ਤਰੱਕੀ ਸਮਝੀ ਜਾਂਦੇ ਹਨ। ਹੋ ਸਕਦਾ ਇਹ ਵੀ ਜਰੂਰੀ ਹੋਵੇ ਪਰ ਦੇਸ਼ਾਂ ਨੂੰ ਆਪਣੀ ਜਿਆਦਾ ਤਾਕਤ ਹਥਿਆਰਾਂ ਦੀ ਦੌੜ ਵਿੱਚ ਲਗਾਉਣ ਦੀ ਥਾਂ ਸਿੱਖਿਆ, ਸਿਹਤ ਅਤੇ ਗਰੀਬੀ ਦੂਰ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ।ਅਖੀਰ ਵਿੱਚ, ਦੇਸ਼ ਦੀ ਸੁਰੱਖਿਆ ਜਰੂਰੀ ਹੈ, ਪਰ ਸਥਾਈ ਸ਼ਾਂਤੀ ਲਈ ਗੱਲਬਾਤ ਅਤੇ ਸਮਝੌਤਾ ਵੀ ਬਹੁਤ ਮਹੱਤਵਪੂਰਨ ਹੈ। ਜੰਗ ਕਦੇ ਵੀ ਸਥਾਈ ਜਿੱਤ ਨਹੀ ਦਿੰਦੀ। ਅਸਲ ਜਿੱਤ ਉਹ ਹੈ ਜੋ ਸ਼ਾਂਤੀ, ਸਹਿਯੋਗ ਅਤੇ ਮਨੁੱਖਤਾ ਨਾਲ ਮਿਲੇ। ਮਨੁੱਖੀ ਜਾਨ ਸਭ ਤੋਂ ਕੀਮਤੀ ਹੈ ਅਤੇ ਇਸਦੀ ਰੱਖਿਆ ਹਰ ਦੇਸ਼ ਦੀ ਪਹਿਲੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ। ਜੇ ਅਸੀਂ ਇਤਿਹਾਸ ਤੋਂ ਸਿੱਖ ਲੈ ਲਈਏ ਅਤੇ ਸੰਵਾਦ ਨੂੰ ਤਰਜੀਹ ਦਈਏ, ਤਾਂ ਸੰਸਾਰ ਨੂੰ ਹੋਰ ਸੁਰੱਖਿਅਤ ਅਤੇ ਸ਼ਾਂਤਮਈ ਬਣਾਇਆ ਜਾ ਸਕਦਾ ਹੈ।



ਪਵਨ ਕੁਮਾਰ ਅੱਤਰੀ
(ਕਪੂਰਥਲਾ)
ਮੋਬਾ
pkattiiir@gmial.com

# ਚੜ੍ਹਦੀ ਕਲਾ ਦਾ ਪ੍ਰਤੀਕ-ਹੋਲਾ ਮਹੱਲਾ

**4 ਮਾਰਚ ਲਈ**

**ਹੋਲੇ-ਮਹੱਲੇ ਤੇ ਵਿਸ਼ੇਸ਼**

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਸ਼ਸਤਰ ਅਤੇ ਯੁੱਧ ਵਿੱਦਿਆ ਵਿੱਚ ਨਿਪੁੰਨ ਕਰਨ ਲਈ ਚੇਤ ਵਦੀ ਇੱਕ ਨੂੰ ਮਸਨੂਈ ਜੰਗ ਦੀ ਰੀਤ ਚਲਾਈ। ਪੈਦਲ, ਘੋੜ-ਸਵਾਰ ਤੇ ਸ਼ਸ਼ਤਰਧਾਰੀ ਸਿੰਘਾਂ ਦੇ ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ ਦੀ ਅਗਵਾਈ ਹੇਠ ਇੱਕ ਖ਼ਾਸ ਥਾਂ 'ਤੇ ਕਬਜ਼ਾ ਕਰਨ ਲਈ ਹਮਲਾ ਕਰਨਾ । ਕਲਗੀਧਰ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਆਪ ਇਸ ਮਸਨੂਈ ਜੰਗ (ਮਹੱਲਾ) ਦਾ ਕਰਤੱਵ ਦੇਖਦੇ ਅਤੇ ਦੋਵੇਂ ਦਲਾਂ ਨੂੰ ਸ਼ੁੱਭ ਸਿੱਖਿਆ ਦਿੰਦੇ ਜੋ ਦਲ ਕਾਮਯਾਬ ਹੋ ਜਾਂਦਾ, ਉਸ ਨੂੰ ਦੀਵਾਨ ਵਿੱਚ ਸਿਰੋਪਾ ਬਖ਼ਸ਼ਦੇ ਸਨ। ਗੁਰਮਤਿ ਮਾਰਤੰਡ ਅਨੁਸਾਰ ਯੁੱਧ ਵਿੱਦਿਆ ਦੇ ਅਭਿਆਸ ਨੂੰ ਨਿੱਤ ਨਵਾਂ ਰੱਖਣ ਵਾਸਤੇ ਕਲਗੀਧਰ ਪਾਤਸ਼ਾਹ ਦੀ ਚਲਾਈ ਹੋਈ ਰੀਤੀ ਅਨੁਸਾਰ ਚੇਤ ਵਦੀ ਇੱਕ ਨੂੰ ਸਿੱਖਾਂ ਵਿੱਚ ਹੋਲਾ-ਮਹੱਲਾ ਹੁੰਦਾ ਹੈ। ਜਿਸ ਦਾ ਹੋਲੀ ਦੀ ਰਸਮ ਨਾਲ ਕੋਈ ਸੰਬੰਧ ਨਹੀਂ। ਮਹੱਲਾ ਇੱਕ ਪ੍ਰਕਾਰ ਦੀ ਮਸਨੂਈ ਲੜਾਈ ਹੈ। ਪੈਦਲ ਅਰ ਅਸ਼ਵਾਰ ਸ਼ਸਤਰਧਾਰੀ ਸਿੰਘ ਦੋ ਪਾਰਟੀਆਂ ਬਣਾ ਕੇ ਇੱਕ ਖ਼ਾਸ ਹਮਲੇ ਦੀ ਥਾਂ ਉੱਤੇ ਹਮਲਾ ਕਰਦੇ ਹਨ ਅਰ ਅਨੇਕ ਪ੍ਰਕਾਰ ਦੇ ਕਰਤੱਵ ਦਿਖਾਉਂਦੇ ਹਨ ਪਰ ਅਸੀਂ ਸਾਲ ਪਿੱਛੋਂ ਕੇਵਲ ਇਹ ਰਸਮ ਨਾਮ-ਮਾਤਰ ਕਰ ਛੱਡਦੇ ਹਾਂ। ਲਾਭ ਕੁਝ ਨਹੀਂ ਉਠਾਉਂਦੇ।

ਡਾ: ਭਾਈ ਵੀਰ ਸਿੰਘ ਅਨੁਸਾਰ ਮਹੱਲਾ ਸ਼ਬਦ ਤੋਂ ਭਾਵ ਹੈ ਮਯ+ਹੱਲਾ ਭਾਵ ਬਣਾਉਟੀ ਹੱਲਾ। ਹੋਲਾ-ਮਹੱਲਾ ਦੀ ਪਰੰਪਰਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਿਕਰਮੀ ਸੰਮਤ 1757, ਸੰਨ 1700 ਈ: ਚੇਤ ਵਦੀ 1 ਨੂੰ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਲੋਹਗੜ੍ਹ ਦੇ ਸਥਾਨ ਤੇ ਚਲਾਈ। ਹੋਲਾ-ਮਹੱਲਾ ਸੰਬੰਧੀ ਇੱਕ ਵਿਸ਼ੇਸ਼ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਸਿੱਖ ਧਰਮ ਨਾਲ ਸੰਬੰਧਿਤ ਇਤਿਹਾਸਕ ਦਿਹਾੜੇ ਵੱਖ-ਵੱਖ ਧਰਮ ਅਸਥਾਨਾਂ ਵਿਖੇ ਮਨਾਏ ਜਾਂਦੇ ਹਨ ਪਰ ਹੋਲਾ-ਮਹੱਲਾ ਵਿਸ਼ੇਸ਼ ਤੌਰ 'ਤੇ ਸ਼੍ਰੀ ਅਨੰਦਪੁਰ ਸਾਹਿਬ ਨਾਲ ਹੀ ਸੰਬੰਧਿਤ ਹੈ। ਉਂਝ ਇਹ ਤਿਉਹਾਰ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਡੇਰਾ ਸੰਤ ਨਿਸ਼ਚਲ ਸਿੰਘ ਥੜ੍ਹਾ ਸਾਹਿਬ ਜੋੜੀਆਂ ਯਮੁਨਾ ਨਗਰ ਹਰਿਆਣਾ, ਗੁਰਦੁਆਰਾ ਪਾਤਸ਼ਾਹੀ ਦਸਵੀਂ ਪਾਉਂਟਾ ਸਾਹਿਬ (ਹਿਮਾਚਲ ਪ੍ਰਦੇਸ਼), ਤਖ਼ਤ ਸੱਚ-ਖੰਡ ਸ਼੍ਰੀ ਹਜ਼ੂਰ ਸਾਹਿਬ ਨਾਂਦੇੜ, ਗੁਰਦੁਆਰਾ ਗੋਦਾਵਰੀ ਸਰ ਢਿਲਵਾਂ ਕਲਾਂ ਨੇੜੇ ਕੋਟਕਪੂਰਾ (ਫ਼ਰੀਦਕੋਟ), ਪਿੰਡ ਬੇਗ਼ਮਪੁਰਾ ਠੱਟਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਵੀ ਬੜੀ ਸ਼ਰਧਾ, ਪ੍ਰੇਮ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਅਜਿਹੇ ਮਨਮੋਹਣੇ ਸਮੇਂ ਸੰਗਤਾਂ ਦੂਰ-ਦੁਰੇਡੇ ਤੋਂ ਵਹੀਰਾਂ ਘੱਤ ਕੇ ਇਹਨਾਂ ਅਸਥਾਨਾਂ 'ਤੇ ਮਸਤਕ ਨਿਵਾਉਣ ਪਹੁੰਚਦੀਆਂ ਹਨ। ਸਾਈਕਲਾਂ, ਸਕੂਟਰਾਂ, ਕਾਰਾਂ, ਟਰੈਕਟਰਾਂ, ਟਰਾਲੀਆਂ, ਟਰੱਕਾਂ, ਬੱਸਾਂ, ਰੇਲਗੱਡੀਆਂ ਰਾਹੀਂ ਬੇਅੰਤ ਸੰਗਤਾਂ ਵੱਖ-ਵੱਖ ਰਸਤਿਆਂ ਤੋਂ ਉਕਤ ਸਥਾਨਾਂ ਨੂੰ ਤੁਰੀਆਂ ਜਾਂਦੀਆਂ ਦਿੱਸਦੀਆਂ ਹਨ।

ਮਾਘੀ ਸ਼੍ਰੀ ਮੁਕਤਸਰ ਸਾਹਿਬ ਮੇਲੇ ਵਾਂਗ ਹੀ ਅਨੰਦਪੁਰ ਸਾਹਿਬ ਵਿਖੇ ਹੋਲਾ-ਮਹੱਲਾ ਆਰੰਭ ਹੋਣ ਤੋਂ ਮਹੀਨਾ ਭਰ ਪਹਿਲਾਂ ਹੀ ਗੁਰੂ ਦੀਆਂ ਲਾਡਲੀਆਂ ਫ਼ੌਜਾਂ, ਨਿਹੰਗ ਸਿੰਘਾਂ ਦੇ ਦਲ ਘੋੜਿਆਂ 'ਤੇ ਸਵਾਰ ਹੋ ਕੇ ਨਗਾਰੇ ਵਜਾਉਂਦੇ, ਸ਼ਸਤਰਾਂ -ਬਸਤਰਾਂ ਵਿੱਚ ਸਜੇ ਹੋਏ ਅਨੰਦਪੁਰ ਸਾਹਿਬ ਵਿਖੇ ਪਹੁੰਚਦੇ ਹਨ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਣਾ ਤੋਂ 19 ਸਾਲ ਪਹਿਲਾਂ ਹੀ 1680 ਈ: ਤੋਂ ਸਿੱਖਾਂ ਨੂੰ ਹੋਲੇ-ਮਹੱਲੇ ਦੇ ਪੁਰਬ ਤੇ ਸ਼ਸਤਰ ਅਭਿਆਸ ਕਰਵਾਉਣੇ ਆਰੰਭ ਕਰ ਦਿੱਤੇ ਸਨ।

ਅਸ ਕਿਰਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ॥
ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ॥
(ਦਸਮ ਗ੍ਰੰਥ ਸਾਹਿਬ ਜੀ, ਅੰਗ 717)

ਹੋਲਾ-ਮਹੱਲੇ ਦਾ ਸ਼ਸਤਰ ਵਿੱਦਿਆ ਤੇ ਖ਼ਾਲਸੇ ਦੀ ਚੜ੍ਹਦੀ ਕਲਾ ਨਾਲ ਕਿੰਨਾ ਗੂੜ੍ਹਾ ਸੰਬੰਧ ਹੈ। ਇਹ ਗੱਲ ਕਵੀ ਨਿਹਾਲ ਸਿੰਘ ਨੇ ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਵਿੱਚ ਪੰਨਾ 283



'ਤੇ ਇੰਝ ਸਪਸ਼ਟ ਕੀਤੀ ਹੈ।

ਕੜਛਾ ਢਾਲ ਕਟਾਰਾ ਤੇਗਾ ਕੜਛਾ ਦੇਗਾ ਗੋਲਾ ਹੈ।
ਛਕਾ ਪ੍ਰਸ਼ਾਦ ਸਜਾ ਦਸਤਾਰਾ ਅਰੁ ਕਰ ਦੋਨਾ ਟੋਲਾ ਹੈ।
ਸੁਭਟ ਸੁਚਾਲਾ ਅਰੁ ਲਖ ਬਾਹਾ ਕਲਗਾ ਸਿੰਘ ਸੁਚੋਲਾ ਹੈ।
ਅਪਰ ਮੁਛਹਿਰਾ ਦਾੜ੍ਹਾ ਜੈਸੇ, ਤੈਸੇ ਬੋਲਾ ਹੋਲਾ ਹੈ।

ਹੋਲੀ ਬਾਰੇ ਕਿਹਾ ਜਾਂਦਾ ਹੈ ਕਿ ਇਸ ਦਿਨ ਰਾਜਾ ਹਰਨਾਖਸ਼ ਨੇ ਭਗਤ ਪ੍ਰਹਿਲਾਦ ਨੂੰ ਆਪਣੀ ਭੈਣ ਹੋਲਿਕਾ ਦੀ ਗੋਦੀ ਵਿੱਚ ਬਿਠਾ ਕੇ ਸਾੜਨ ਦੀ ਕੋਸ਼ਿਸ਼ ਕੀਤੀ। ਹੋਲਿਕਾ ਨੂੰ ਵਰ ਸੀ ਕਿ ਉਹ ਅੱਗ ਵਿੱਚ ਨਹੀਂ ਸੜ ਸਕਦੀ ਪਰ ਹੋਲਿਕਾ ਸੜ ਗਈ, ਪ੍ਰਹਿਲਾਦ ਬਚ ਗਿਆ। ਉਸ ਦਿਨ ਤੋਂ ਹੀ ਹੋਲੀ ਦਾ ਤਿਉਹਾਰ ਪੂਰੇ ਭਾਰਤ ਵਿੱਚ ਹਰ ਸਾਲ ਮਨਾਇਆ ਜਾਣ ਲੱਗ ਪਿਆ ਪਰ ਅੱਜ ਹੋਲੀ ਦਾ ਤਿਉਹਾਰ ਗੰਦ-ਮੰਦ ਵਰਸਾਉਣ, ਗਾਲੀ-ਗਲੋਚ, ਲੜਾਈ-ਝਗੜੇ, ਸ਼ਰਾਬ ਪੀਣ, ਜੂਆ ਖੇਡਣ ਅਤੇ ਸ਼ੂਦਰਾਂ ਦੀ ਬੇਇੱਜ਼ਤੀ ਕਰਨਾ ਆਦਿ ਬਣ ਗਿਆ ਹੈ। ਗੁਰਬਾਣੀ ਵਿੱਚ ਹੋਲੀ ਬਾਰੇ ਇਸ ਤਰ੍ਹਾਂ ਦਰਜ ਹੈ।

ਆਜੁ ਹਮਾਰੈ ਬਨੇ ਫਾਗ॥
ਪ੍ਰਭ ਸੰਗੀ ਮਿਲਿ ਖੇਲਨ ਲਾਗ॥
ਹੋਲੀ ਕੀਨੀ ਸੰਤ ਸੇਵ॥
ਰੰਗੁ ਲਾਗਾ ਅਤਿ ਲਾਲ ਦੇਵ॥
(ਬਸੰਤ ਮਹਲਾ ੫ ਘਰੁ ੧, ਅੰਗ ੧੧੮੦)

ਭਾਈ ਨੰਦ ਲਾਲ ਗ੍ਰੰਥਾਵਲੀ ਸੰਪਾਦਕ ਡਾ: ਗੰਡਾ ਸਿੰਘ ਵਿੱਚ ਪੰਨਾ 58-59 ਤੇ ਹੋਲੀ ਬਾਰੇ ਇਸ ਤਰ੍ਹਾਂ ਅੰਕਿਤ ਹੈ।

ਗੁਲਿ ਹੋਲੀ ਬਬਾਗਿ ਦਹਿਰ ਬੂ ਕਰਦ
ਲਬਿ ਚੂੰ ਗੁੰਚਾ ਰਾ ਫਰਖੰਦਾ ਖੂ ਕਰਦ।
ਗੁਲਾਬੋ ਅੰਬਰੋ ਮਸ਼ਕੋ ਅਬੀਰੀ
ਚੂ ਬਾਰਾਨਿ ਬਾਰਿਸ਼ ਅਜ਼ ਸੂ ਬਸੂ ਕਰਦ।
ਜਹੇ ਪਿਚਕਾਰੀਏ ਪੁਰ ਜ਼ਅਰਫਾਨੀ
ਕਿ ਹਰ ਬੇਰੰਗ ਰਾ ਖ਼ੁਸ਼ਰੰਗੋ ਬੂ ਕਰਦ।
ਗੁਲਾਲਿ ਅਫ਼ਸਾਨੀਇ ਦਸਤਿ ਮੁਬਾਰਿਕ
ਜ਼ਮੀਨੋ ਆਸਮਾਂ ਰਾ ਸੁਰਖ਼ਰੂ ਕਰਦ।
ਦੋ ਆਲਮ ਗਸ਼ਤ ਰੰਗੀ ਅਜ਼ ਤੁਫੈਲਸ਼
ਚੂ ਸ਼ਾਹਮ ਜਾਮਾ ਰੰਗੀਨ ਦਰ ਗੁਲੂ ਕਰਦ।

ਭਾਵ:- ਹੋਲੀ ਦੇ ਫੁੱਲਾਂ ਨੇ ਜ਼ਮਾਨੇ ਦੇ ਬਾਗ਼ ਨੂੰ ਮਹਿਕ ਨਾਲ ਭਰ ਦਿੱਤਾ, ਬੰਦ ਕਲੀ ਵਰਗੇ ਹੋਠਾਂ ਨੂੰ ਸੁਭਾਗੀ ਤਬੀਅਤ ਵਾਲਾ ਬਣਾ ਦਿੱਤਾ। ਉਸ ਨੇ ਮੀਂਹ ਦੇ ਪਾਣੀ ਵਾਂਗ ਗੁਲਾਬ, ਅੰਬਰ, ਮੁਸ਼ਕ ਤੇ ਅਬੀਰ ਨੂੰ ਸਾਰੇ ਪਾਸੇ ਖਿਲਾਰ ਦਿੱਤਾ। ਕੇਸਰ ਭਰੀ ਪਿਚਕਾਰੀ ਦਾ ਕੀ ਕਹਿਣਾ ? ਕਿ ਉਸ ਨੇ ਹਰ ਬਦ-ਰੰਗ ਨੂੰ ਵੀ ਰੰਗੀਨ ਤੇ ਸੁਗੰਧਿਤ ਕਰ ਦਿੱਤਾ। ਉਸ ਦੇ ਮੁਬਾਰਕ ਹੱਥਾਂ ਦੇ ਗੁਲਾਲ ਛਿੜਕਣ ਨੇ ਧਰਤ ਅਸਮਾਨ ਨੂੰ ਲਾਲੋ-ਲਾਲ ਕਰ ਦਿੱਤਾ। ਉਸ ਦੀ ਕਿਰਪਾ ਦੁਆਰਾ ਦੋਵੇਂ ਦੁਨੀਆਂ ਰੰਗੀਨ ਹੋ ਗਈਆਂ। ਉਸ ਨੇ ਸ਼ਾਹਾਂ ਵਾਂਗ ਮੇਰੇ ਗਲ ਵਿੱਚ ਰੰਗੀਨ ਕੱਪੜੇ ਪਵਾ ਦਿੱਤੇ।

ਹੋਲੀ ਹੀ ਇੱਕ ਅਜਿਹਾ ਤਿਉਹਾਰ ਹੈ, ਜਿਸ ਦਿਨ ਲੋਕ ਆਪਣੇ ਪੁਰਾਣੇ ਜਾਂ ਹੰਢੇ ਹੋਏ ਕੱਪੜੇ ਕੱਢ ਕੇ ਪਾਉਂਦੇ ਹਨ। ਉਹਨਾਂ ਦੇ ਚਿਹਰਿਆਂ ਤੇ ਰੌਣਕ ਅਤੇ ਖ਼ੁਸ਼ੀ ਦੁਗਣੀ-ਚੌਗੁਣੀ ਝਲਕਦੀ ਹੁੰਦੀ ਹੈ, ਜਿੱਥੇ ਇਹ ਰੰਗ ਆਪਣੀ ਮਹਿਕ ਨਾਲ ਲੋਕਾਂ ਦੇ ਚਿਹਰੇ ਖਿੜਾਉਂਦੇ ਹਨ, ਉੱਥੇ ਇਹਨਾਂ ਰੰਗਾਂ ਵਿੱਚ ਰੰਗੇ ਲੋਕ ਧਰਮਾਂ, ਜਾਤਾਂ, ਗੋਤਾਂ, ਮਜ਼੍ਹਬਾਂ ਤੇ ਅਮੀਰੀ-ਗ਼ਰੀਬੀ ਦੇ ਭੇਦ-ਭੁਲਾ ਕੇ ਇੱਕ ਦੂਜੇ ਨੂੰ ਗਲ ਨਾਲ ਲਾਉਂਦੇ ਹਨ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਦੇ ਤਿਉਹਾਰ ਨੂੰ ਹੋਲੇ-ਮਹੱਲੇ ਦੇ ਰੂਪ ਵਿੱਚ ਮਨਾਉਣ ਦੇ ਆਦੇਸ਼ ਦਿੱਤੇ। ਗੁਰੂ ਜੀ ਨੇ ਜਦੋਂ ਹੋਲੇ-ਮਹੱਲੇ ਨੂੰ ਵੀਰਤਾ ਦੇ ਤਿਉਹਾਰ ਦਾ ਰੂਪ ਦੇ ਕੇ ਪ੍ਰਚਲਿਤ ਕੀਤਾ ਤਾਂ ਸਾਰੇ ਹੀ ਸਿੰਘ ਇਸ ਉਤਸਵ ਵਿੱਚ ਬੜੇ ਜੋਸ਼ ਤੇ ਸੱਜ-ਧੱਜ ਨਾਲ ਸ਼ਾਮਲ ਹੋਏ।

ਗੁਰੂ ਸਾਹਿਬ ਸਿੱਖਾਂ ਨੂੰ ਵੱਖ-ਵੱਖ ਰੰਗਾਂ ਦੇ ਪੁਸ਼ਾਕੇ ਪਾ ਕੇ ਦੋ ਹਿੱਸਿਆਂ ਵਿੱਚ ਵੰਡ ਦਿੰਦੇ। ਇੱਕ ਹਿੱਸਾ ਦੂਰ ਜੰਗਲ ਵਿੱਚ ਆਪਣਾ ਡੇਰਾ ਲਾਉਂਦਾ, ਦੂਜਾ ਉਹਨਾਂ ਉੱਤੇ ਹੱਲਾ ਬੋਲਦਾ, ਨਗਾਰਾ ਵੱਜਦਾ, ਸਿੰਘ ਘੋੜਿਆ ਉੱਤੇ ਸਵਾਰ ਹੋ ਕੇ ਸ਼ਸਤਰ ਲੈ ਕੇ ਮਾਰੋ-ਮਾਰ ਕਰਦੇ, ਦੂਜਿਆਂ ਉੱਤੇ ਹੱਲਾ ਬੋਲਦੇ। ਉਹ ਵੀ ਅੱਗੋਂ ਜੋਸ਼ ਬਹਾਦਰੀ ਨਾਲ ਇਹਨਾਂ ਦਾ ਮੁਕਾਬਲਾ ਕਰਦੇ। ਇਸ ਤਰ੍ਹਾਂ ਦੋ ਦਿਨ ਨਕਲੀ ਲੜਾਈਆਂ ਦਾ ਸਿਲਸਿਲਾ ਜਾਰੀ ਰਹਿੰਦਾ, ਤੀਜੇ ਦਿਨ ਮਹੱਲਾ ਕੱਢਿਆ ਜਾਂਦਾ। ਜਿਸ ਵਿੱਚ ਸਿੰਘ ਘੋੜ-ਸਵਾਰੀ ਤੇ ਸ਼ਸਤਰਾਂ ਦੇ ਕਰਤੱਵ ਦਿਖਾਉਂਦੇ। ਸਭ ਤੋਂ ਪਹਿਲਾਂ ਗੁਰੂ ਸਾਹਿਬ ਘੋੜਾ ਦੁੜਾਉਂਦੇ, ਤੀਰ ਨਾਲ ਦੇਗ ਨੂੰ ਭੋਗ ਲਾਉਣ ਕਾਰਨ ਇਹ ਕੜਾਹ-ਪ੍ਰਸ਼ਾਦ ਬਣ ਜਾਂਦਾ, ਸਮਾਪਤੀ ਸਮੇਂ ਸਿੰਘ ਰੱਜ-ਰੱਜ ਕੇ ਦੇਗ ਛਕਦੇ ਅਤੇ ਨਿਹਾਲ ਹੋ ਜਾਂਦੇ ਸਨ।

ਵਰਤਮਾਨ ਸਮੇਂ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਇਹ ਪ੍ਰੰਪਰਾ ਨਹੀਂ ਹੈ। ਪਹਿਲੇ ਦੋ ਦਿਨ ਤਾਂ ਵਿਸ਼ੇਸ਼ ਦੀਵਾਨ ਸਜਦੇ ਹਨ, ਪ੍ਰਸਿੱਧ ਰਾਗੀ, ਢਾਡੀ, ਪ੍ਰਚਾਰਕ ਗੁਰੂ ਜਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹਨ। ਸਿਆਸੀ ਕਾਨਫਰੰਸਾਂ ਹੁੰਦੀਆਂ ਹਨ। ਆਖਰੀ (ਮਹੱਲੇ ਵਾਲੇ) ਦਿਨ ਤਖ਼ਤ ਸ਼੍ਰੀ ਕੇਸਗੜ੍ਹ ਸਾਹਿਬ ਦੀ ਘਾਟੀ ਤੋਂ ਚਮਕਦੇ ਪਿੰਡੇ ਵਾਲੇ ਖ਼ੂਬਸੂਰਤ ਘੋੜਿਆਂ ਉੱਤੇ ਨਿਹੰਗ ਸਿੰਘ ਖ਼ਾਲਸਾਈ ਜਾਹੋ-ਜਲਾਲ ਨਾਲ ਵਾਹੋ-ਦਾਹੀ ਭੱਜੇ ਜਾਂਦੇ ਕਰਤੱਵ ਵਿਖਾਉਂਦੇ ਹਨ। ਸੰਗਤਾਂ ਹੋਲੇ-ਮਹੱਲੇ ਦਾ ਅਲੌਕਿਕ ਨਜ਼ਾਰਾ ਦੇਖ ਕੇ ਅਤਿ ਪ੍ਰਸੰਨ ਹੁੰਦੀਆਂ ਹਨ।

**ਕਰਨੈਲ ਸਿੰਘ ਐੱਮ.ਏ. ਲੁਧਿਆਣਾ**
**#1138/63-ਏ, ਗੁਰੂ ਤੇਗ਼ ਬਹਾਦਰ ਨਗਰ,**
**ਗਲੀ ਨੰਬਰ 1, ਚੰਡੀਗੜ੍ਹ ਰੋਡ,**
**ਜਮਾਲਪੁਰ, ਲੁਧਿਆਣਾ।**
**Emial :- Karnialisnghma@gmial.com**

# ਡਿੱਗਦਾ ਹੋਇਆ ਖ਼ਬਰਾਂ ਦਾ ਪੱਧਰ

ਸੰਸਾਰ ਵਿੱਚ ਹੋ ਰਹੀਆਂ ਗਤੀਵਿਧੀਆਂ ਨੂੰ ਜਾਣਨ ਲਈ ਅਤੇ ਆਪਣੇ ਆਪ ਨੂੰ ਸੁਚੇਤ ਅਤੇ ਜਾਗਰੂਕ ਰੱਖਣ ਲਈ ਖ਼ਬਰਾਂ ਸੁਣਨੀਆਂ ਬਹੁਤ ਜ਼ਰੂਰੀ ਹੁੰਦੀਆਂ ਹਨ। ਖ਼ਬਰਾਂ ਤੋਂ ਹੀ ਸਾਨੂੰ ਘਰ ਬੈਠੇ ਬਿਠਾਏ ਪੂਰੀ ਦੁਨੀਆ ਬਾਰੇ ਪਤਾ ਲੱਗਦਾ ਹੈ ਕਿ ਕਿੱਥੇ ਕੀ ਵਾਪਰ ਰਿਹਾ ਹੈ, ਕਿਹੜੀਆਂ ਨਵੀਆਂ ਖੋਜਾਂ ਕੀਤੀਆਂ ਜਾ ਰਹੀਆਂ ਹਨ, ਕਿੱਥੇ ਕੋਈ ਆਪਦਾ ਆਈ ਹੈ, ਗੱਲ ਕੀ ਸੂਈ ਤੋਂ ਲੈਕੇ ਜਹਾਜ਼ ਤੱਕ ਦੀ ਜਾਣਕਾਰੀ, ਆਪਣੇ ਸ਼ਹਿਰ ਤੋਂ ਲੈਕੇ ਸੰਸਾਰ ਤੱਕ ਦੀ ਜਾਣਕਾਰੀ, ਵਸਤਾਂ ਦੇ ਭਾਅ, ਦੇਸ਼ ਵਿਦੇਸ਼ ਨਾਲ਼ ਸਬੰਧਤ ਹਰ ਘਟਨਾਕ੍ਰਮ ਨੂੰ ਜਾਣਨ ਲਈ ਖ਼ਬਰਾਂ ਸੁਣਨੀਆਂ ਬਹੁਤ ਜ਼ਰੂਰੀ ਹਨ।

ਆਲ਼ੇ ਦੁਆਲ਼ੇ ਜਾਂ ਦੇਸ਼ਾਂ ਵਿਦੇਸ਼ਾਂ ਦੀਆਂ ਖ਼ਬਰਾਂ ਜਾਣਨ ਲਈ ਕਈ ਸਾਧਨ ਉਪਲਬਧ ਹਨ।ਖ਼ਬਰਾਂ ਬਹੁਤ ਸਾਰੇ ਵੱਖ-ਵੱਖ ਮਾਧਿਅਮਾਂ ਦੁਆਰਾ ਮੁਹੱਈਆ ਕੀਤੀਆਂ ਜਾਂਦੀਆਂ ਹਨ: ਜਿਵੇਂ ਮੂੰਹ ਦੇ ਸ਼ਬਦ, ਛਪਾਈ (ਅਖ਼ਬਾਰਾਂ)ਦੁਆਰਾ, ਪ੍ਰਸਾਰਣ ਦੁਆਰਾ, ਇਲੈਕਟ੍ਰਾਨਿਕ ਸੰਚਾਰ ਦੁਆਰਾ। ਕਈਆਂ ਨੂੰ ਚਾਹ ਦਾ ਸਵਾਦ ਹੀ ਅਖ਼ਬਾਰ ਪੜ੍ਹ ਕੇ ਆਉਂਦਾ ਹੈ। ਸਾਇੰਸ ਦੀਆਂ ਖੋਜਾਂ ਨਾਲ ਰੇਡੀਓ ਅਤੇ ਟੈਲੀਵਿਜ਼ਨ ਵੀ ਖ਼ਬਰਾਂ ਸੁਣਨ ਦਾ ਵਧੀਆ ਜ਼ਰੀਆ ਸਨ ਪਰ ਜਿਵੇਂ ਹੀ ਸਾਇੰਸ ਦੀ ਤਰੱਕੀ ਜਵਾਨੀ ਦੇ ਜੋਸ਼ ਵਿੱਚ ਆ ਰਹੀ ਹੈ ਤਿਵੇਂ ਤਿਵੇਂ ਸਾਡੇ ਖ਼ਬਰਾਂ ਪੜ੍ਹਨ, ਸੁਣਨ ਅਤੇ ਵੇਖਣ ਦੇ ਯੰਤਰ ਵੀ ਵਧਦੇ ਜਾ ਰਹੇ ਹਨ। ਯੰਤਰਾਂ ਦੇ ਵਧਣ ਦੇ ਨਾਲ ਨਾਲ ਉਹਨਾਂ ਦੇ ਚੈਨਲ ਵੀ ਵਧ ਰਹੇ ਹਨ।ਇੱਥੇ ਮੈਂ ਗੱਲ ਕਰਦੀ ਹਾਂ ਟੈਲੀਵਿਜ਼ਨ ਅਤੇ ਮੋਬਾਈਲ ਜਾਂ ਇੰਟਰਨੈੱਟ ਦੇ ਹੋਰ ਸਾਧਨਾਂ ਦੀ ਜਿਸ ਵਿੱਚ ਕਈ ਕਈ ਚੈਨਲ ਖ਼ਬਰਾਂ ਦੇ ਹੀ ਚਲਾਏ ਜਾਂਦੇ ਹਨ। ਮੰਨਿਆ ਕਿ ਆਨਲਾਈਨ ਪੱਤਰਕਾਰੀ ਰਾਹੀਂ ਖ਼ਬਰਾਂ ਨੂੰ ਤੇਜ਼ੀ ਨਾਲ ਡਿਲੀਵਰ ਕੀਤਾ ਜਾ ਰਿਹਾ ਹੈ । ਬਹੁਤ ਸਾਰੇ ਚੈਨਲ ਪ੍ਰਾਈਵੇਟ ਕੰਪਨੀਆਂ ਜਾਂ ਲੋਕਾਂ ਦੁਆਰਾ ਚਲਾਏ ਜਾਣ ਕਰਕੇ ਇਨ੍ਹਾਂ ਵਿੱਚ ਮੁਕਾਬਲੇ ਦੀ ਦੌੜ ਲੱਗੀ ਹੋਈ ਹੈ। ਇਹ ਸਭ ਆਪਣੀਆਂ ਖ਼ਬਰਾਂ ਨੂੰ ਸਭ ਤੋਂ ਪਹਿਲਾਂ ਅਤੇ ਸਭ ਤੋਂ ਰੌਚਿਕ ਤਰੀਕੇ ਨਾਲ ਪੇਸ਼ ਕਰਨ ਲਈ ਇਸ ਢੰਗ ਨਾਲ ਪੇਸ਼ ਕਰਦੇ ਹਨ ਕਿ ਇਹਨਾਂ ਦੀ ਮੁਕਾਬਲੇਬਾਜ਼ੀ ਦੇ ਚੱਕਰ ਵਿੱਚ ਖ਼ਬਰਾਂ ਦਾ ਪੱਧਰ ਦਿਨ ਬ ਦਿਨ ਡਿੱਗਦਾ ਹੀ ਜਾ ਰਿਹਾ ਹੈ। ਸਾਡੇ ਦੇਸ਼ ਵਿੱਚ ਬਹੁਤੇ ਚੈਨਲਾਂ ਤੇ ਇੱਕ ਖ਼ਬਰ ਨੂੰ ਹੀ ਸਾਰਾ ਸਾਰਾ ਦਿਨ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ ਕਿ ਵਿਅਕਤੀ ਉਸ ਅੱਗੇ ਬੈਠਾ ਉਤਸੁਕਤਾ ਨਾਲ ਸੁਣਦਾ ਹੋਇਆ ਜਿੱਥੇ ਆਪਣਾ ਸਮਾਂ ਬਰਬਾਦ ਕਰ ਰਿਹਾ ਹੁੰਦਾ ਹੈ ,ਉੱਥੇ ਆਪਣੇ ਘਰ ਦੇ ਕਈ




ਕੰਮ ਕਰਨ ਵਿੱਚ ਦੇਰੀ ਅਤੇ ਅੱਖਾਂ ਦੀ ਨਿਗਾਹ ਖ਼ਰਾਬ ਕਰ ਰਿਹਾ ਹੁੰਦਾ ਹੈ। ਖ਼ਬਰਾਂ ਨੂੰ ਤੋੜ ਮਰੋੜ ਕੇ ਇਸ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ ਕਿ ਦਰਸ਼ਕ ਨੂੰ ਫ਼ਿਲਮ ਵਾਂਗ ਪ੍ਰਤੀਤ ਹੁੰਦੀ ਹੈ। ਜਾਣਕਾਰੀ ਹਾਸਲ ਕਰਨ ਲਈ ਵਧੀਆ ਹੈ ਪਰ ਅੱਜ ਕੱਲ੍ਹ ਰਾਜਸੀ, ਸਮਾਜਿਕ, ਆਰਥਿਕ ਅਤੇ ਧਾਰਮਿਕ ਖਬਰਾਂ ਵਧਾ ਚੜ੍ਹਾ ਕੇ ਪੇਸ਼ ਕੀਤੀਆਂ ਜਾਂਦੀਆਂ ਹਨ ਅਤੇ ਇਹਨਾਂ ਤੋਂ ਕਰਵਾਈਆਂ ਜਾਣ ਵਾਲੀਆਂ ਬੇਸਿੱਟਾ ਡਿਬੇਟਾਂ ਜਿੱਥੇ ਲੋਕਾਂ ਅੰਦਰ ਧੜੇਬਾਜੀ ਦੀ ਭਾਵਨਾ ਪੈਦਾ ਕਰਦੀਆਂ ਹਨ ਉੱਥੇ ਹੀ ਸਮੇਂ ਦੀ ਬਰਬਾਦੀ ਵੀ ਕਰਦੀਆਂ ਹਨ।

ਪਹਿਲਾਂ ਪਹਿਲ ਘਰ ਦੀ ਲੜਾਈ ਗੁਆਂਢੀਆਂ ਨੂੰ ਪਤਾ ਨਹੀਂ ਲੱਗਦੀ ਸੀ ਤੇ ਗ਼ਲੀਆਂ ਵਿੱਚ ਦੋ ਘਰਾਂ ਦੀ ਲੜਾਈ ਮੁਹੱਲੇ ਵਿੱਚ ਪਤਾ ਨਹੀਂ ਲੱਗਦੀ ਸੀ ਜਿਸ ਕਰਕੇ ਉੱਥੇ ਹੀ ਹਲ ਨਿਕਲ ਕੇ ਵੱਡੇ ਵੱਡੇ ਮਸਲੇ ਅਸਾਨੀ ਨਾਲ ਸੁਲਝ ਜਾਂਦੇ ਸਨ।ਪਰ ਅੱਜ ਕੱਲ੍ਹ ਪਤੀ ਪਤਨੀ ਦੀਆਂ ਲੜਾਈਆਂ ਦੀਆਂ ਲਾਈਵ ਖ਼ਬਰਾਂ , ਮੁਹੱਲਿਆਂ ਵਿਚਲੀਆਂ ਲੜਾਈਆਂ ਦੀਆਂ ਖ਼ਬਰਾਂ ਪੇਸ਼ ਕਰਕੇ ਲੋਕਾਂ ਦੇ ਨਿੱਜੀ ਜੀਵਨ ਨੂੰ ਦੁਨੀਆਂ ਵਿੱਚ ਇੱਕ ਫਿਲਮ ਬਣਾ ਕੇ ਪੇਸ਼ ਕਰ ਦਿੱਤਾ ਜਾਂਦਾ ਹੈ,ਜਿਹੜੇ ਮਸਲੇ ਸੁਲਝਾਏ ਜਾ ਸਕਦੇ ਹਨ, ਫਿਰ ਉਹ ਵੀ ਨਹੀਂ ਸੁਲਝਦੇ। ਖ਼ਬਰਾਂ ਨੂੰ ਦਿਲਚਸਪ ਬਣਾਉਣ ਲਈ ਇਕੱਲੀ ਹੈੱਡ ਲਾਈਨਜ਼ ਨੂੰ ਘੰਟਾ ਘੰਟਾ ਪਹਿਲਾਂ ਹੀ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ ਕਿ ਵਿਆਕਤੀ ਉਸ ਨੂੰ ਸੁਣਨ ਲਈ ਆਪਣੇ ਕਈ ਜ਼ਰੂਰੀ ਕੰਮ ਛੱਡ ਕੇ ਮਿੱਥੇ ਸਮੇਂ ਤੇ ਵੇਖਣ ਦੀ ਉਡੀਕ ਕਰਨ ਲੱਗਦਾ ਹੈ । ਗੱਲ ਪ੍ਰਸਿੱਧ ਕਹਾਵਤ "ਖੋਦਿਆ ਪਹਾੜ ਤੇ ਨਿਕਲਿਆ ਚੂਹਾ" ਵਾਲੀ ਹੁੰਦੀ ਹੈ। ਖ਼ਬਰਾਂ ਸੁਣ ਕੇ ਜਾਣਕਾਰੀ ਵਧਾਉਣਾ ਜ਼ਰੂਰੀ ਹੈ ਪਰ ਇੱਕ ਹੀ ਖਬਰ ਨੂੰ ਕਿਸੇ ਫ਼ਿਲਮ ਵਾਂਗ ਵਾਰ ਵਾਰ ਦੇਖਣ ਨਾਲ ਦਿਮਾਗ ਉੱਪਰ ਭਾਰੂ ਨਹੀਂ ਕਰਨਾ ਚਾਹੀਦਾ। ਇਹ ਮਾਨਸਿਕ ਸਿਹਤ ਲਈ ਹਾਨੀਕਾਰਕ ਸਿੱਧ ਹੁੰਦਾ ਹੈ। ਕਈ ਵਾਰ ਇਹ ਵੀ ਸੁਣਨ ਨੂੰ ਮਿਲਦਾ ਹੈ ਕਿ ਕਿਤੇ ਭੁਚਾਲ ਜਾਂ ਕਿਸੇ ਹੋਰ ਤਰ੍ਹਾਂ ਦੀ ਆਪਦਾ ਦੀ ਬਰਬਾਦੀ ਦੇ ਮੰਜ਼ਰ ਸਾਰਾ ਦਿਨ ਵਾਰ ਵਾਰ ਵੇਖਣ ਨਾਲ ਕਈ ਕਮਜ਼ੋਰ ਦਿਲ ਵਾਲੇ ਲੋਕਾਂ ਦੀ ਮੌਤ ਹੋ ਜਾਂਦੀ ਹੈ। ਫਿਰਕੂ ਦੰਗਿਆਂ ਦੀਆਂ ਖ਼ਬਰਾਂ ਵਾਰ ਵਾਰ ਸੁਣ ਕੇ ਆਮ ਲੋਕਾਂ ਵਿੱਚ ਭੜਕਾਹਟ ਪੈਦਾ ਹੋ ਜਾਂਦੀ ਹੈ।ਸੋ ਮੁੱਕਦੀ ਗੱਲ ਇਹ ਹੈ ਕਿ ਇਨਸਾਨ ਨੂੰ ਆਪ ਹੀ ਸਮਝਣਾ ਪਵੇਗਾ ਕਿ ਜਿਹੜੀਆਂ ਖਬਰਾਂ ਸੁਣਨੀਆਂ ਹਨ , ਉਨ੍ਹਾਂ ਨੂੰ ਜਾਣਕਾਰੀ ਦੇ ਵਾਧੇ ਲਈ ਸੁਣਨਾ ਹੈ ਨਾ ਕਿ ਸਮਾਂ ਬਰਬਾਦ ਕਰਨ ਲਈ। ਇਸ ਲਈ ਐਧਰ ਓਧਰ ਦੀਆਂ ਫਾਲਤੂ ਖਬਰਾਂ ਪ੍ਰਤੀ ਸੁਚੇਤ ਹੋ ਕੇ ਉਹਨਾਂ ਵਿੱਚ ਸਮਾਂ ਨਸ਼ਟ ਹੋਣ ਤੋਂ ਬਚਾਉਣਾ ਚਾਹੀਦਾ ਹੈ।



**ਬਰਜਿੰਦਰ ਕੌਰ ਬਿਸਰਾਓ...**
**9988901324**

# ਜ਼ਿੰਦਗੀ ਦੀਆਂ ਉਲਝਣਾਂ ਦਾ ਆਨੰਦ ਮਾਣੋ — ਮੁਸ਼ਕਲਾਂ ਵਿੱਚੋਂ ਮੁਸਕਰਾਹਟ ਖੋਜਣ ਦੀ ਕਲਾ

ਜ਼ਿੰਦਗੀ ਇੱਕ ਸਿੱਧੀ ਲਕੀਰ ਨਹੀਂ, ਬਲਕਿ ਉਤਾਰ-ਚੜ੍ਹਾਵਾਂ ਨਾਲ ਭਰਿਆ ਇੱਕ ਸਫ਼ਰ ਹੈ। ਕਈ ਵਾਰ ਹਾਲਾਤ ਸਾਡੇ ਅਨੁਕੂਲ ਹੁੰਦੇ ਹਨ, ਤੇ ਕਈ ਵਾਰ ਉਲਝਣਾਂ ਸਾਨੂੰ ਅੰਦਰੋਂ ਹਿਲਾ ਦਿੰਦੀਆਂ ਹਨ। ਅਕਸਰ ਅਸੀਂ ਚਾਹੁੰਦੇ ਹਾਂ ਕਿ ਸਾਡੀ ਜ਼ਿੰਦਗੀ ਬਿਨਾਂ ਕਿਸੇ ਰੁਕਾਵਟ ਦੇ ਸਿੱਧੀ ਤੇ ਸੁਖਮਈ ਰਹੇ, ਪਰ ਅਸਲ ਹਕੀਕਤ ਇਹ ਹੈ ਕਿ ਉਲਝਣਾਂ ਹੀ ਜ਼ਿੰਦਗੀ ਨੂੰ ਅਸਲ ਅਰਥ ਦਿੰਦੀਆਂ ਹਨ। ਜੇ ਅਸੀਂ ਉਲਝਣਾਂ ਤੋਂ ਡਰ ਕੇ ਪਿੱਛੇ ਹਟ ਜਾਵਾਂਗੇ, ਤਾਂ ਕਦੇ ਵੀ ਅਸਲੀ ਖ਼ੁਸ਼ੀ ਅਤੇ ਤਜਰਬੇ ਦੀ ਮਿਠਾਸ ਮਹਿਸੂਸ ਨਹੀਂ ਕਰ ਸਕਾਂਗੇ। ਹਰ ਮਨੁੱਖ ਦੀ ਜ਼ਿੰਦਗੀ ਵਿੱਚ ਮੁਸ਼ਕਲ ਪੜਾਅ ਆਉਂਦੇ ਹਨ—ਚਾਹੇ ਉਹ ਪਰਿਵਾਰਕ ਤਣਾਅ ਹੋਵੇ, ਆਰਥਿਕ ਚੁਣੌਤੀਆਂ, ਨੌਕਰੀ ਦੀ ਅਨਿਸ਼ਚਿਤਤਾ ਜਾਂ ਰਿਸ਼ਤਿਆਂ ਵਿੱਚ ਗਲਤਫ਼ਹਿਮੀਆਂ। ਇਹ ਉਲਝਣਾਂ ਸਾਨੂੰ ਪਰਖਦੀਆਂ ਹਨ ਅਤੇ ਸਾਡੀ ਸਹਿਨਸ਼ੀਲਤਾ ਨੂੰ ਮਜ਼ਬੂਤ ਕਰਦੀਆਂ ਹਨ। ਜਿਵੇਂ ਸੋਨਾ ਅੱਗ ਵਿੱਚ ਤਪ ਕੇ ਖ਼ਰਾ ਹੁੰਦਾ ਹੈ, ਓਸੇ ਤਰ੍ਹਾਂ ਮਨੁੱਖ ਮੁਸ਼ਕਲਾਂ ਦਾ ਸਾਹਮਣਾ ਕਰਕੇ ਹੀ ਨਿਖਰਦਾ ਹੈ। ਜੇ ਜ਼ਿੰਦਗੀ ਵਿੱਚ ਕੋਈ ਚੁਣੌਤੀ ਨਾ ਹੋਵੇ, ਤਾਂ ਸਫ਼ਲਤਾ ਦੀ ਖੁਸ਼ੀ ਵੀ ਫਿੱਕੀ ਲੱਗੇਗੀ। ਉਲਝਣਾਂ ਨੂੰ ਸਜ਼ਾ ਸਮਝਣ ਦੀ ਬਜਾਏ ਇੱਕ ਸਿੱਖਿਆ ਵਜੋਂ ਦੇਖਣਾ ਚਾਹੀਦਾ ਹੈ। ਹਰ ਮੁਸ਼ਕਲ ਆਪਣੇ ਨਾਲ ਇੱਕ ਸਬਕ ਲਿਆਉਂਦੀ ਹੈ। ਕਈ ਵਾਰ ਅਸਫਲਤਾ ਸਾਨੂੰ ਸਿਖਾਉਂਦੀ ਹੈ ਕਿ ਸਾਡੀ ਤਿਆਰੀ ਕਿੱਥੇ ਕਮਜ਼ੋਰ ਰਹੀ, ਕਈ ਵਾਰ ਰਿਸ਼ਤਿਆਂ ਦਾ ਤਣਾਅ ਸਾਨੂੰ ਧੀਰਜ ਅਤੇ ਸਮਝਦਾਰੀ ਦੀ ਮਹੱਤਤਾ ਦੱਸਦਾ ਹੈ। ਜੇ ਅਸੀਂ ਹਰ ਹਾਲਾਤ ਵਿੱਚ ਸਿੱਖਣ ਦੀ ਸੋਚ ਰੱਖੀਏ, ਤਾਂ ਕੋਈ ਵੀ ਉਲਝਣ ਸਾਨੂੰ ਹਰਾ ਨਹੀਂ ਸਕਦੀ। ਜ਼ਿੰਦਗੀ ਦੀਆਂ ਉਲਝਣਾਂ ਦਾ ਆਨੰਦ ਮਾਣਨ ਦਾ ਅਰਥ ਇਹ ਨਹੀਂ ਕਿ ਅਸੀਂ ਦੁੱਖ ਵਿੱਚ ਖ਼ੁਸ਼ੀ ਲੱਭੀਏ, ਬਲਕਿ ਇਹ ਹੈ ਕਿ ਅਸੀਂ ਹਾਲਾਤਾਂ ਨੂੰ ਸਵੀਕਾਰ ਕਰਕੇ ਉਨ੍ਹਾਂ ਨੂੰ ਆਪਣੀ ਤਾਕਤ ਬਣਾਈਏ। ਜਦੋਂ ਅਸੀਂ ਮੁਸ਼ਕਲਾਂ ਤੋਂ ਭੱਜਣ ਦੀ ਬਜਾਏ ਉਨ੍ਹਾਂ ਦਾ ਸਾਹਮਣਾ ਕਰਦੇ ਹਾਂ, ਤਾਂ ਅੰਦਰ ਇੱਕ ਵਿਸ਼ਵਾਸ ਪੈਦਾ ਹੁੰਦਾ ਹੈ ਕਿ "ਮੈਂ ਕਰ ਸਕਦਾ ਹਾਂ।" ਇਹ ਵਿਸ਼ਵਾਸ ਹੀ ਸਾਨੂੰ ਅੱਗੇ ਵਧਾਉਂਦਾ ਹੈ। ਅਕਸਰ ਲੋਕ ਦੂਜਿਆਂ ਦੀ ਜ਼ਿੰਦਗੀ ਨਾਲ ਆਪਣੀ ਤੁਲਨਾ ਕਰਕੇ ਆਪਣੇ ਆਪ ਨੂੰ ਹੋਰ ਉਲਝਣਾਂ ਵਿੱਚ ਫਸਾ ਲੈਂਦੇ ਹਨ। ਹਰ ਮਨੁੱਖ ਦਾ ਸਫ਼ਰ ਵੱਖਰਾ ਹੁੰਦਾ ਹੈ। ਕਿਸੇ ਦੀ ਸਫ਼ਲਤਾ ਦੇ ਪਿੱਛੇ ਵੀ ਅਨੇਕਾਂ ਅਣਦਿੱਖੀਆਂ ਮੁਸ਼ਕਲਾਂ ਹੁੰਦੀਆਂ ਹਨ। ਇਸ ਲਈ ਆਪਣੀ ਜ਼ਿੰਦਗੀ ਨੂੰ ਸਵੀਕਾਰ ਕਰਕੇ, ਆਪਣੇ ਸਫ਼ਰ ਨੂੰ ਪਿਆਰ ਕਰਨਾ ਹੀ ਅਸਲ ਖ਼ੁਸ਼ੀ ਦਾ ਰਾਜ਼ ਹੈ। ਸਮੇਂ ਦੇ ਨਾਲ ਹਰ ਉਲਝਣ ਸੁਲਝ ਜਾਂਦੀ ਹੈ। ਜੋ ਅੱਜ ਅਸੰਭਵ ਜਾਪਦਾ ਹੈ, ਕੱਲ੍ਹ ਇੱਕ ਯਾਦ ਬਣ ਜਾਂਦਾ ਹੈ। ਜਦੋਂ ਅਸੀਂ ਪਿੱਛੇ ਮੁੜ ਕੇ ਦੇਖਦੇ ਹਾਂ, ਤਾਂ ਸਮਝ ਆਉਂਦੀ ਹੈ ਕਿ ਉਹੀ ਮੁਸ਼ਕਲ ਦਿਨ ਸਾਨੂੰ ਮਜ਼ਬੂਤ ਬਣਾਉਣ ਵਾਲੇ ਸਨ। ਇਸ ਲਈ ਜਦੋਂ ਵੀ ਕੋਈ ਉਲਝਣ ਆਵੇ, ਆਪਣੇ ਆਪ ਨੂੰ ਇਹ ਯਾਦ ਦਿਵਾਓ ਕਿ ਇਹ ਵੀ ਲੰਘ ਜਾਵੇਗੀ। ਜ਼ਿੰਦਗੀ ਦੀਆਂ ਉਲਝਣਾਂ ਵਿੱਚ ਆਨੰਦ ਮਾਣਨ ਲਈ ਸਾਨੂੰ ਸਕਾਰਾਤਮਕ ਸੋਚ ਵਿਕਸਿਤ ਕਰਨੀ ਪਵੇਗੀ। ਹਰ ਦਿਨ ਨੂੰ ਇੱਕ ਨਵਾਂ ਮੌਕਾ ਸਮਝੋ। ਆਪਣੇ ਮਨ ਨੂੰ ਸ਼ਾਂਤ ਰੱਖਣ ਲਈ ਧਿਆਨ, ਪ੍ਰਾਰਥਨਾ ਜਾਂ ਸੈਰ ਵੀ ਬਹੁਤ ਲਾਭਕਾਰੀ ਹੁੰਦੀ ਹੈ। ਆਪਣੇ ਪਿਆਰਿਆਂ ਨਾਲ ਗੱਲਬਾਤ ਕਰਨ ਨਾਲ ਮਨ ਦਾ ਭਾਰ ਹਲਕਾ ਹੁੰਦਾ ਹੈ। ਜਦੋਂ ਅਸੀਂ ਅੰਦਰੋਂ ਮਜ਼ਬੂਤ ਹੁੰਦੇ ਹਾਂ, ਤਾਂ ਬਾਹਰੀ ਹਲਾਤਾਂ ਦਾ ਅਸਰ ਘੱਟ ਪੈਂਦਾ ਹੈ। ਅੰਤ ਵਿੱਚ, ਜ਼ਿੰਦਗੀ ਇੱਕ ਰੰਗਮੰਚ ਵਾਂਗ ਹੈ, ਜਿੱਥੇ ਹਰ ਦ੍ਰਿਸ਼ ਮਹੱਤਵਪੂਰਨ ਹੈ—ਚਾਹੇ ਉਹ ਖ਼ੁਸ਼ੀ ਦਾ ਹੋਵੇ ਜਾਂ ਦੁੱਖ ਦਾ। ਜੇ ਅਸੀਂ ਸਿਰਫ਼ ਖ਼ੁਸ਼ੀਆਂ ਨੂੰ ਹੀ ਕਬੂਲ ਕਰੀਏ ਅਤੇ ਦੁੱਖਾਂ ਤੋਂ ਭੱਜੀਏ, ਤਾਂ ਕਹਾਣੀ ਅਧੂਰੀ ਰਹਿ ਜਾਵੇਗੀ। ਇਸ ਲਈ ਹਰ ਉਲਝਣ ਨੂੰ ਆਪਣੇ ਵਿਕਾਸ ਦਾ ਹਿੱਸਾ ਮੰਨੋ, ਹਰ ਚੁਣੌਤੀ ਨੂੰ ਮੌਕਾ ਬਣਾਓ ਅਤੇ ਹਰ ਦਿਨ ਨੂੰ ਨਵੀਂ ਉਮੀਦ ਨਾਲ ਜੀਓ।

ਜ਼ਿੰਦਗੀ ਦੀਆਂ ਉਲਝਣਾਂ ਤੋਂ ਡਰੋ ਨਾ, ਉਨ੍ਹਾਂ ਦਾ ਆਨੰਦ ਮਾਣੋ। ਕਿਉਂਕਿ ਇਹੀ ਉਲਝਣਾਂ ਸਾਨੂੰ ਸੰਵਾਰਦੀਆਂ ਹਨ, ਸਾਨੂੰ ਅਸਲ ਇਨਸਾਨ ਬਣਾਉਂਦੀਆਂ ਹਨ ਅਤੇ ਸਾਨੂੰ ਸਿਖਾਉਂਦੀਆਂ ਹਨ ਕਿ ਮੁਸ਼ਕਲਾਂ ਦੇ ਬਾਵਜੂਦ ਵੀ ਮੁਸਕਰਾਉਣਾ ਕਿਵੇਂ ਹੈ। ਜਦੋਂ ਅਸੀਂ ਇਹ ਕਲਾ ਸਿੱਖ ਲੈਂਦੇ ਹਾਂ, ਤਾਂ ਜ਼ਿੰਦਗੀ ਸੱਚਮੁੱਚ ਇੱਕ ਸੋਹਣਾ ਸਫ਼ਰ ਬਣ ਜਾਂਦੀ ਹੈ।



**ਜਸਵਿੰਦਰ ਪਾਲ ਸ਼ਰਮਾ**
**ਸਸ ਮਾਸਟਰ**
**ਸਸਸਸ ਹਾਕੂਵਾਲਾ**
**ਸ੍ਰੀ ਮੁਕਤਸਰ ਸਾਹਿਬ**
**79860-27454**

# ਹਸਤ ਕਲਾ ਦਾ ਮਾਹਿਰ ਤੇ ਨੇਕ ਰੂਹ — ਰਾਜ ਮਿਸਤਰੀ ਲੱਖਾ ਸਿੰਘ

ਹਰ ਮਨੁੱਖ ਨੂੰ ਰੱਬ ਕੋਈ ਨਾ ਕੋਈ ਗੁਣ ਬਖਸ਼ ਕੇ ਇਸ ਧਰਤੀ ਤੇ ਭੇਜਦਾ ਹੈ ਪਰ ਫਿਰ ਵੀ ਬਹੁਤ ਥੋੜ੍ਹੇ ਲੋਕ ਹੁੰਦੇ ਹਨ ਜੋ ਆਪਣੇ ਇਸ ਅੰਦਰਲੇ ਗੁਣ ਨੂੰ ਬਾਹਰ ਕੱਢ ਪਾਉਂਦੇ ਹਨ। ਅਜਿਹਾ ਹੀ ਇੱਕ ਹਸਤ ਕਲਾ ਦਾ ਮਾਹਿਰ ਰਾਜ ਮਿਸਤਰੀ ਲੱਖਾ ਸਿੰਘ ਸੀ ਜੋ ਪਿਛਲੇ ਦਿਨੀਂ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਦੇ ਜਾਣ ਨਾਲ ਨਾ ਕੇਵਲ ਉਨ੍ਹਾਂ ਦੇ ਪਰਿਵਾਰ ਨੂੰ, ਬਲਕਿ ਸਮੁੱਚੇ ਭਾਈਚਾਰੇ ਅਤੇ ਉਸਾਰੀ ਕਲਾ ਦੇ ਖੇਤਰ ਨੂੰ ਇੱਕ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਲੱਖਾ ਸਿੰਘ ਦਾ ਜਨਮ ਪਿੰਡ ਘੁੱਦੂਵਾਲਾ ਜ਼ਿਲ੍ਹਾ ਮਾਨਸਾ ਵਿਖੇ ਇੱਕ ਮੱਧਵਰਗੀ ਪਰਿਵਾਰ ਵਿੱਚ ਹੋਇਆ। ਉਸ ਨੇ ਚੜ੍ਹਦੀ ਉਮਰ ਵਿੱਚ ਹੀ ਆਪਣੇ ਪਿਤਾ ਪੁਰਖੀ ਕਿੱਤੇ ਨੂੰ ਅਪਣਾ ਲਿਆ ਸੀ। ਜਿਸ ਕਰਕੇ ਉਹ ਬਹੁਤ ਹੀ ਥੋੜ੍ਹੇ ਸਮੇਂ ਵਿੱਚ ਹੱਥ ਦੇ ਬਹੁਤ ਹੀ ਨਿਪੁੰਨ ਅਤੇ ਸੁਲਝਿਆ ਹੋਇਆ ਮਿਸਤਰੀ ਬਣ ਗਿਆ ਸੀ। ਉਸ ਦੀ ਨਿਪੁੰਨਤਾ ਦਾ ਪਤਾ ਇਸ ਗੱਲ ਤੋਂ ਹੀ ਲੱਗ ਜਾਂਦਾ ਹੈ ਕਿ ਸਾਡੇ ਇਲਾਕੇ ਵਿੱਚ ਪੁਰਾਣੇ ਸਮੇਂ ਵਿੱਚ ਵਾਹਣ ਉੱਚੇ ਹੋਣ ਕਰਕੇ ਪਾਣੀ ਝਲਾਰਾਂ ਨਾਲ ਲੱਗਦਾ ਸੀ। ਇਸ ਲਈ ਖੇਤਾਂ ਵਿੱਚ ਸਿੰਚਾਈ ਕਰਨ ਲਈ ਝਲਾਰਾਂ ਲੱਗੀਆਂ ਹੁੰਦੀਆਂ ਸਨ। ਪਰ ਇਹ ਝਲਾਰ ਹਰੇਕ ਮਿਸਤਰੀ ਫਿੱਟ ਨਹੀਂ ਕਰ ਸਕਦਾ ਸੀ। ਪਰ ਲੱਖਾ ਸਿੰਘ ਪੂਰੇ ਇਲਾਕੇ ਵਿੱਚ ਝਲਾਰ ਲਗਾਉਣ ਵਿੱਚ ਵੀ ਮਾਹਿਰ ਮਿਸਤਰੀ ਸੀ।

ਉਨ੍ਹਾਂ ਦੀਆਂ ਉਂਗਲਾਂ ਵਿੱਚ ਉਹ ਜਾਦੂ ਸੀ ਕਿ ਉਹ ਇੱਟਾਂ ਅਤੇ ਗਾਰੇ ਨਾਲ ਅਜਿਹੀਆਂ ਇਮਾਰਤਾਂ ਖੜ੍ਹੀਆਂ ਕਰਦੇ ਸਨ, ਜਿਨ੍ਹਾਂ ਵਿੱਚੋਂ ਮਜ਼ਬੂਤੀ ਅਤੇ ਕਲਾ ਸਪੱਸ਼ਟ ਝਲਕਦੀ ਸੀ। ਉਨ੍ਹਾਂ ਨੇ ਆਪਣੇ ਜੀਵਨ ਕਾਲ ਵਿੱਚ ਅਨੇਕਾਂ ਘਰਾਂ ਦੀਆਂ ਨੀਹਾਂ ਰੱਖੀਆਂ ਅਤੇ ਅਣਗਿਣਤ ਪਰਿਵਾਰਾਂ ਦੀਆਂ ਛੱਤਾਂ ਨੂੰ ਸੰਵਾਰਿਆ। ਉਨ੍ਹਾਂ ਲਈ ਕੰਮ ਸਿਰਫ਼ ਰੋਜ਼ੀ-ਰੋਟੀ ਦਾ ਸਾਧਨ ਨਹੀਂ ਸੀ, ਸਗੋਂ ਇੱਕ ਇਬਾਦਤ ਸੀ। ਮਿਸਤਰੀ ਲੱਖਾ ਸਿੰਘ ਜੀ ਦਾ ਜਾਣਾ ਕੇਵਲ ਇੱਕ ਇਨਸਾਨ ਦਾ ਜਾਣਾ ਨਹੀਂ, ਸਗੋਂ ਪੰਜਾਬ ਦੀ ਇੱਕ ਵਿਲੱਖਣ ਕਲਾ ਦੇ ਯੁੱਗ ਦਾ ਵੀ ਅੰਤ ਹੈ। ਉਹ ਜਿੰਨੇ ਮਾਹਿਰ ਘਰ ਉਸਾਰਨ ਵਿੱਚ ਸਨ, ਉਸ ਤੋਂ ਕਿਤੇ ਵੱਧ ਉਹ ਆਪਣੀ 'ਬੋਤਲ ਕਲਾ' (Bottled Art) ਲਈ ਪੂਰੇ ਪੰਜਾਬ ਵਿੱਚ ਮਸ਼ਹੂਰ ਸਨ। ਲੱਖਾ ਸਿੰਘ ਜੀ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਸੀ ਕਿ ਉਹ ਕੱਚ ਦੀਆਂ ਬੋਤਲਾਂ ਦੇ



ਤੰਗ ਮੂੰਹ ਰਾਹੀਂ ਬਿਨਾਂ ਕਿਸੇ ਜੋੜ ਦੇ ਬਹੁਤ ਹੀ ਖੂਬਸੂਰਤ ਕਲਾਕ੍ਰਿਤੀਆਂ ਤਿਆਰ ਕਰਦੇ ਸਨ। ਉਨ੍ਹਾਂ ਵੱਲੋਂ ਬੋਤਲਾਂ ਦੇ ਅੰਦਰ ਬਣਾਏ ਗਏ ਚਰਖੇ, ਪੀਂਘਾਂ, ਹਲ-ਪੰਜਾਲੀ, ਮੰਜੀਆਂ ਅਤੇ ਧਾਰਮਿਕ ਚਿੰਨ੍ਹ ਵੇਖ ਕੇ ਹਰ ਕੋਈ ਹੈਰਾਨ ਰਹਿ ਜਾਂਦਾ ਸੀ। ਬੋਤਲ ਦੇ ਅੰਦਰ ਲੱਕੜ ਜਾਂ ਧਾਗੇ ਨਾਲ ਨਿੱਕੀਆਂ-ਨਿੱਕੀਆਂ ਚੀਜ਼ਾਂ ਨੂੰ ਸੈੱਟ ਕਰਨਾ ਅਜਿਹੀ ਕਲਾ ਹੈ ਜਿਸ ਲਈ ਬੇਅੰਤ ਧੀਰਜ ਅਤੇ ਇਕਾਗਰਤਾ ਦੀ ਲੋੜ ਹੁੰਦੀ ਹੈ। ਉਨ੍ਹਾਂ ਨੇ ਆਪਣੀ ਇਸ ਕਲਾ ਰਾਹੀਂ ਪੰਜਾਬ ਦੇ ਵਿਰਸੇ ਨੂੰ ਕੱਚ ਦੀਆਂ ਬੋਤਲਾਂ ਵਿੱਚ ਸਾਂਭ ਕੇ ਰੱਖਿਆ। ਉਨ੍ਹਾਂ ਦੀਆਂ ਬਣਾਈਆਂ ਇਹ ਕਲਾਕ੍ਰਿਤੀਆਂ ਅੱਜ ਵੀ ਪੰਜਾਬ



ਦੇ ਕਈ ਘਰਾਂ ਅਤੇ ਮੇਲਿਆਂ ਦਾ ਸ਼ਿੰਗਾਰ ਹਨ। ਇੱਕ ਰਾਜ ਮਿਸਤਰੀ ਦੇ ਤੌਰ 'ਤੇ ਉਨ੍ਹਾਂ ਦੀ ਇਮਾਨਦਾਰੀ ਅਤੇ ਨਿਪੁੰਨਤਾ ਦੀਆਂ ਮਿਸਾਲਾਂ ਅੱਜ ਵੀ ਲੋਕ ਦਿੰਦੇ ਹਨ। ਉਨ੍ਹਾਂ ਦੇ ਹੱਥਾਂ ਦੀ ਮਜ਼ਬੂਤੀ ਇਮਾਰਤਾਂ ਵਿੱਚ ਬੋਲਦੀ ਸੀ ਅਤੇ ਉਨ੍ਹਾਂ ਦੀ ਕਲਾਤਮਕ ਸੋਚ ਬੋਤਲਾਂ ਵਿੱਚ ਝਲਕਦੀ ਸੀ। ਉਹ ਸਹੀ ਅਰਥਾਂ ਵਿੱਚ 'ਕਿਰਤ ਦੇ ਪੁਜਾਰੀ' ਸਨ।

ਲੱਖਾ ਸਿੰਘ ਜੀ ਦੀ ਪਛਾਣ ਸਿਰਫ਼ ਉਨ੍ਹਾਂ ਦੇ ਹੁਨਰ ਤੱਕ ਸੀਮਤ ਨਹੀਂ ਸੀ। ਉਹ ਇੱਕ ਬਹੁਤ ਹੀ ਨਿਮਰ, ਮਿਲਣਸਾਰ ਅਤੇ ਇਮਾਨਦਾਰ ਇਨਸਾਨ ਸਨ। ਉਨ੍ਹਾਂ ਦੇ ਚਿਹਰੇ 'ਤੇ ਹਮੇਸ਼ਾ ਰਹਿਣ ਵਾਲੀ ਗੰਭੀਰਤਾ ਅਤੇ ਨੂਰ ਉਨ੍ਹਾਂ ਦੇ ਅਨੁਭਵੀ ਹੋਣ ਦੀ ਗਵਾਹੀ ਦਿੰਦਾ ਸੀ। ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਵੀ ਉਨ੍ਹਾਂ ਨੇ ਹਮੇਸ਼ਾ ਇਮਾਨਦਾਰੀ ਨਾਲ ਕੰਮ ਕਰਨ ਨੂੰ ਪਹਿਲ ਦਿੱਤੀ। ਸਿਆਣੇ ਕਹਿੰਦੇ ਹਨ ਕਿ ਹੱਥਾਂ ਦੀ ਕਿਰਤ ਕਰਨ ਵਾਲੇ ਇਨਸਾਨ ਅਸਲ ਵਿੱਚ ਰੱਬ ਦੇ ਨੇੜੇ ਹੁੰਦੇ ਹਨ, ਅਤੇ ਲੱਖਾ ਸਿੰਘ ਜੀ ਨੇ ਉਮਰ ਭਰ ਆਪਣੀ ਕਿਰਤ ਨਾਲ ਇਸ ਕਥਨ ਨੂੰ ਸੱਚ ਕਰ ਵਿਖਾਇਆ ਸੀ।

ਮਿਸਤਰੀ ਲੱਖਾ ਸਿੰਘ ਵਰਗੇ ਕਲਾਕਾਰ ਰੋਜ਼-ਰੋਜ਼ ਪੈਦਾ ਨਹੀਂ ਹੁੰਦੇ। ਉਨ੍ਹਾਂ ਨੇ ਆਪਣੀ ਮਿਹਨਤ ਸਦਕਾ ਨਾ ਕੇਵਲ ਆਪਣਾ ਨਾਮ ਬਣਾਇਆ, ਸਗੋਂ ਆਪਣੇ ਪਿੰਡ ਅਤੇ ਇਲਾਕੇ ਦਾ ਮਾਣ ਵੀ ਵਧਾਇਆ ਹੈ। ਉਨ੍ਹਾਂ ਦੀ ਅਚਾਨਕ ਮੌਤ ਨਾਲ ਸੂਖਮ ਕਲਾ ਜਗਤ ਨੂੰ ਅਜਿਹਾ ਘਾਟਾ ਪਿਆ ਹੈ ਜਿਸ ਨੂੰ ਕਦੇ ਪੂਰਿਆ ਨਹੀਂ ਜਾ ਸਕੇਗਾ। ਭਾਵੇਂ ਅੱਜ ਉਹ ਸਰੀਰਕ ਤੌਰ 'ਤੇ ਸਾਡੇ ਵਿੱਚ ਨਹੀਂ ਰਹੇ, ਪਰ ਉਨ੍ਹਾਂ ਦੁਆਰਾ ਬਣਾਈਆਂ ਗਈਆਂ ਇਮਾਰਤਾਂ ਅਤੇ ਉਨ੍ਹਾਂ ਦੀਆਂ ਮਿੱਠੀਆਂ ਯਾਦਾਂ ਹਮੇਸ਼ਾ ਸਾਡੇ ਦਿਲਾਂ ਵਿੱਚ ਜ਼ਿੰਦਾ ਰਹਿਣਗੀਆਂ। ਉਨ੍ਹਾਂ ਦਾ ਜੀਵਨ ਆਉਣ ਵਾਲੀ ਪੀੜ੍ਹੀ ਲਈ ਮਿਹਨਤ ਅਤੇ ਲਗਨ ਦੀ ਇੱਕ ਵੱਡੀ ਮਿਸਾਲ ਹੈ। ਉਨ੍ਹਾਂ ਦੀਆਂ ਬਣਾਈਆਂ ਕਲਾਕ੍ਰਿਤੀਆਂ ਹਮੇਸ਼ਾ ਸਾਡੇ ਦਰਮਿਆਨ ਉਨ੍ਹਾਂ ਦੀ ਯਾਦ ਬਣ ਕੇ ਰਹਿਣਗੀਆਂ। ਅਖੀਰ ਵਿੱਚ ਉਸ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਾਂ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਿੱਛੇ ਰਹਿ ਗਏ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।

# ਜ਼ਿੰਦਗੀ ਮਾਣਨ ਲਈ ਹੈ ਦਿਲੋਂ ਜੀਓ, ਖੁੱਲ੍ਹ ਕੇ ਜੀਓ



ਅਸੀਂ ਅਕਸਰ ਕਹਿੰਦੇ ਹਾਂ “ਸਮਾਂ ਨਹੀਂ ਮਿਲਦਾ”, “ਹਾਲਾਤ ਠੀਕ ਨਹੀਂ”, “ਲੋਕ ਕੀ ਕਹਿਣਗੇ?”

ਪਰ ਸੱਚ ਇਹ ਹੈ ਕਿ ਜ਼ਿੰਦਗੀ ਇੰਤਜ਼ਾਰ ਕਰਨ ਲਈ ਨਹੀਂ ਮਿਲਦੀ। ਇਹ ਨਾ ਕੱਲ੍ਹ ਲਈ ਰੁਕਦੀ ਹੈ, ਨਾ ਕਿਸੇ ਦੀ ਮਨਜ਼ੂਰੀ ਲਈ। ਜ਼ਿੰਦਗੀ ਹਰ ਸਵੇਰ ਸਾਡੇ ਦਰਵਾਜ਼ੇ ‘ਤੇ ਖੜਕਦੀ ਹੈ ਤੇ ਕਹਿੰਦੀ ਹੈ“ਮੈਨੂੰ ਮਾਣੋ, ਮੈਨੂੰ ਜੀਓ!”ਸੂਰਜ ਹਰ ਰੋਜ਼ ਚੜ੍ਹਦਾ ਹੈ, ਬਿਨਾ ਕਿਸੇ ਸ਼ਿਕਵੇ ਦੇ। ਅਸੀਂ ਕਿਉਂ ਹਾਰ ਮੰਨ ਲਈਏ ਕੱਲ੍ਹ ਜੋ ਵੀ ਹੋਇਆ — ਉਹ ਇੱਕ ਅਧਿਆਇ ਸੀ। ਅੱਜ ਨਵੀਂ ਕਿਤਾਬ ਖੁਲ੍ਹੀ ਹੈ। ਜੇ ਤੁਸੀਂ ਡਿੱਗੇ ਹੋ, ਤਾਂ ਖੜ੍ਹੋ। ਜੇ ਤੁਸੀਂ ਹਾਰੇ ਹੋ, ਤਾਂ ਮੁੜ ਕੋਸ਼ਿਸ਼ ਕਰੋ। ਕਿਉਂਕਿ ਜ਼ਿੰਦਗੀ ਉਹਨਾਂ ਦੀ ਹੁੰਦੀ ਹੈ ਜੋ ਡਰਦੇ ਨਹੀਂ

ਲੋਕਾਂ ਦੀ ਸੋਚ ਦਾ ਭਾਰ ਚੁੱਕਦੇ-ਚੁੱਕਦੇ ਅਸੀਂ ਆਪਣੀ ਖੁਸ਼ੀ ਭੁੱਲ ਜਾਂਦੇ ਹਾਂ। ਕੀ ਅਸੀਂ ਆਪਣੀ ਜ਼ਿੰਦਗੀ ਹੋਰਾਂ ਦੀ ਰਾਏ ਨਾਲ ਜੀਉਣੀ ਹੈ?ਜੋ ਦਿਲ ਕਹਿੰਦਾ ਹੈ, ਉਹ ਕਰੋ। ਜੇ ਗਾਉਣਾ ਚਾਹੁੰਦੇ ਹੋ — ਗਾਓ। ਜੇ ਲਿਖਣਾ ਚਾਹੁੰਦੇ ਹੋ — ਲਿਖੋ। ਜੇ ਨਵਾਂ ਰਸਤਾ ਬਣਾਉਣਾ ਚਾਹੁੰਦੇ ਹੋ — ਬਣਾਓ। ਹਿੰਮਤ ਹੀ ਅਸਲ ਆਜ਼ਾਦੀ ਹੈ।

ਖੁਸ਼ੀ ਕਿਸੇ ਵੱਡੀ ਚੀਜ਼ ਵਿੱਚ ਨਹੀਂ ਲੁਕੀ ਹੋਈ।

ਇਹ ਛੋਟੀਆਂ-ਛੋਟੀਆਂ ਲਹਿਰਾਂ ਵਿੱਚ ਹੈ —

ਮਾਂ ਦੀ ਦੂਆ,ਦੋਸਤ ਦੀ ਹੰਸੀ,ਕਿਸੇ ਦੀ ਸੱਚੀ ਤਾਰੀਫ਼, ਤੇ ਆਪਣੇ ਦਿਲ ਦਾ ਸੁਕੂਨ। ਜੋ ਮਿਲਿਆ ਹੈ, ਉਸਦਾ ਸ਼ੁਕਰ ਕਰੋ।

ਕਿਉਂਕਿ ਸ਼ੁਕਰਾਨਾ ਕਰਨ ਵਾਲਾ ਇਨਸਾਨ ਕਦੇ ਖਾਲੀ ਨਹੀਂ ਰਹਿੰਦਾ।

ਜਦ ਤੱਕ ਸੁਪਨੇ ਜਿਊਂਦੇ ਹਨ, ਤਦ ਤੱਕ ਇਨਸਾਨ ਜਿਊਂਦਾ ਹੈ।

ਉਮਰ ਦੀ ਕੋਈ ਹੱਦ ਨਹੀਂ ਹੁੰਦੀ ਸੁਪਨੇ ਦੇਖਣ ਲਈ।

ਸਫ਼ਲਤਾ ਦਾ ਰਸਤਾ ਲੰਮਾ ਹੋ ਸਕਦਾ ਹੈ,

ਪਰ ਜੇ ਜ਼ਜਬਾ ਸੱਚਾ ਹੋਵੇ — ਮੰਜਿਲ ਦੂਰ ਨਹੀਂ ਰਹਿੰਦੀ।

ਜ਼ਿੰਦਗੀ ਰੋਣ ਲਈ ਨਹੀਂ...ਨਾਰਾਜ਼ ਰਹਿਣ ਲਈ ਨਹੀਂ...ਨਫ਼ਰਤ ਪਾਲਣ ਲਈ ਨਹੀਂ ਜ਼ਿੰਦਗੀ ਮਾਣਨ ਲਈ ਹੈ।

ਇਸ ਲਈ ਹੱਸੋ...ਮੁਸਕਰਾਓ...ਪਿਆਰ ਕਰੋ...ਮਾਫ਼ ਕਰੋ...

ਅਤੇ ਹਰ ਦਿਨ ਨੂੰ ਅਖੀਰਲਾ ਸਮਝ ਕੇ ਪੂਰੀ ਤਰ੍ਹਾਂ ਜੀਓ।

ਕਿਉਂਕਿ ਜਦੋਂ ਅਸੀਂ ਦਿਲੋਂ ਜੀਉਂਦੇ ਹਾਂ ਤਾਂ ਜ਼ਿੰਦਗੀ ਵੀ ਸਾਡੇ ਲਈ ਮੁਸਕਰਾਂਦੀ ਹੈ।



ਗੁਰਭਿੰਦਰ ਗੁਰੀ

# ਏ.ਆਈ. ਕ੍ਰਾਂਤੀ: ਮਨੁੱਖੀ ਬੁੱਧੀ ਲਈ ਵਰਦਾਨ ਜਾਂ ਹੋਂਦ ਦਾ ਸੰਕਟ?

ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਅੱਜ ਦੇ ਦੌਰ ਦੀ ਸਭ ਤੋਂ ਚਰਚਿਤ ਅਤੇ ਕ੍ਰਾਂਤੀਕਾਰੀ ਤਕਨੀਕ ਬਣ ਚੁੱਕੀ ਹੈ। ਜਿਸ ਨੇ ਮਨੁੱਖੀ ਜੀਵਨ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕੀਤਾ ਹੈ। ਇਸ ਨੂੰ ਸੌਖੀ ਭਾਸ਼ਾ ਵਿੱਚ 'ਬਣਾਵਟੀ ਬੁੱਧੀ' ਕਿਹਾ ਜਾਂਦਾ ਹੈ। ਜਿਸ ਦਾ ਮਤਲਬ ਹੈ ਮਸ਼ੀਨਾਂ ਦੇ ਅੰਦਰ ਸੋਚਣ, ਸਮਝਣ ਅਤੇ ਫੈਸਲੇ ਲੈਣ ਦੀ ਸਮਰੱਥਾ ਪੈਦਾ ਕਰਨਾ। ਇਹ ਤਕਨੀਕ ਸਿਰਫ ਕੰਪਿਊਟਰ ਵਿਗਿਆਨ ਦਾ ਇੱਕ ਹਿੱਸਾ ਨਹੀਂ ਰਹੀ, ਸਗੋਂ ਇਹ ਮਨੁੱਖੀ ਸੱਭਿਅਤਾ ਦੇ ਵਿਕਾਸ ਦਾ ਇੱਕ ਨਵਾਂ ਪਾਠ ਹੈ। ਜਦੋਂ ਅਸੀਂ ਇਤਿਹਾਸ ਵੱਲ ਝਾਤ ਮਾਰਦੇ ਹਾਂ, ਤਾਂ ਮਨੁੱਖ ਨੇ ਹਮੇਸ਼ਾ ਅਜਿਹੇ ਸੰਦ ਬਣਾਉਣ ਦੀ ਕੋਸ਼ਿਸ਼ ਕੀਤੀ ਹੈ, ਜੋ ਉਸ ਦੇ ਕੰਮ ਨੂੰ ਸੌਖਾ ਬਣਾ ਸਕਣ, ਪਰ ਏ.ਆਈ. ਇਨ੍ਹਾਂ ਸਾਰੇ ਸੰਦਾਂ ਤੋਂ ਵੱਖਰੀ ਹੈ ਕਿਉਂਕਿ ਇਹ ਸਿਰਫ਼ ਹੁਕਮਾਂ ਦਾ ਪਾਲਣ ਨਹੀਂ ਕਰਦੀ, ਸਗੋਂ ਅੰਕੜਿਆਂ ਤੋਂ ਸਿੱਖਦੀ ਹੈ ਅਤੇ ਸਮੇਂ ਦੇ ਨਾਲ ਆਪਣੇ ਆਪ ਨੂੰ ਬਿਹਤਰ ਬਣਾਉਂਦੀ ਹੈ। ਇਸ ਦੀ ਸ਼ੁਰੂਆਤ ਵੀਹਵੀਂ ਸਦੀ ਦੇ ਅੱਧ ਵਿੱਚ ਹੋਈ ਸੀ, ਪਰ ਅੱਜ ਦੇ ਸਮੇਂ ਵਿੱਚ ਉਪਲਬਧ ਵਿਸ਼ਾਲ ਡੇਟਾ ਅਤੇ ਸ਼ਕਤੀਸ਼ਾਲੀ ਪ੍ਰੋਸੈਸਰਾਂ ਨੇ ਇਸ ਨੂੰ ਇੱਕ ਅਜਿਹੀ ਤਾਕਤ ਬਣਾ ਦਿੱਤਾ ਹੈ, ਜੋ ਆਉਣ ਵਾਲੇ ਸਮੇਂ ਵਿੱਚ ਦੁਨੀਆ ਦਾ ਨਕਸ਼ਾ ਬਦਲ ਕੇ ਰੱਖ ਦੇਵੇਗੀ।

ਇਸ ਤਕਨੀਕ ਦੀ ਕਾਰਜਪ੍ਰਣਾਲੀ ਬਹੁਤ ਗੁੰਝਲਦਾਰ ਹੈ ਪਰ ਇਸ ਦਾ ਪ੍ਰਭਾਵ ਬੜਾ ਸਰਲ ਅਤੇ ਡੂੰਘਾ ਹੈ। ਏ.ਆਈ. ਮੁੱਖ ਤੌਰ 'ਤੇ ਅਲਗੋਰਿਦਮ ਅਤੇ ਮਸ਼ੀਨ ਲਰਨਿੰਗ 'ਤੇ ਅਧਾਰਤ ਹੁੰਦੀ ਹੈ, ਜਿੱਥੇ ਕੰਪਿਊਟਰ ਪ੍ਰਣਾਲੀਆਂ ਨੂੰ ਲੱਖਾਂ-ਕਰੋੜਾਂ ਸੂਚਨਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਹ ਪ੍ਰਣਾਲੀਆਂ ਉਨ੍ਹਾਂ ਸੂਚਨਾਵਾਂ ਵਿੱਚੋਂ ਪੈਟਰਨ ਲੱਭਦੀਆਂ ਹਨ ਅਤੇ ਫਿਰ ਉਨ੍ਹਾਂ ਦੇ ਅਧਾਰ 'ਤੇ ਨਤੀਜੇ ਕੱਢਦੀਆਂ ਹਨ। ਉਦਾਹਰਣ ਵਜੋਂ, ਜਦੋਂ ਅਸੀਂ ਆਪਣੇ ਸਮਾਰਟਫੋਨ 'ਤੇ ਚਿਹਰੇ ਦੀ ਪਛਾਣ ਦੀ ਵਰਤੋਂ ਕਰਦੇ ਹਾਂ ਜਾਂ ਇੰਟਰਨੈੱਟ 'ਤੇ ਕੁਝ ਖੋਜਦੇ ਹਾਂ, ਤਾਂ ਪਰਦੇ ਦੇ ਪਿੱਛੇ ਏ.ਆਈ. ਹੀ ਕੰਮ ਕਰ ਰਹੀ ਹੁੰਦੀ ਹੈ। ਇਹ ਤਕਨੀਕ ਹੁਣ ਸਿਰਫ਼ ਗਣਿਤ ਦੇ ਸਵਾਲ ਹੱਲ ਕਰਨ ਤੱਕ ਸੀਮਤ ਨਹੀਂ ਰਹੀ, ਸਗੋਂ ਇਹ ਕਵਿਤਾਵਾਂ ਲਿਖ ਰਹੀ ਹੈ, ਚਿੱਤਰਕਾਰੀ ਕਰ ਰਹੀ ਹੈ ਅਤੇ ਇੱਥੋਂ ਤੱਕ ਕਿ ਡਾਕਟਰੀ ਇਲਾਜ ਵਿੱਚ ਮਾਹਿਰ ਡਾਕਟਰਾਂ ਦੀ ਮਦਦ ਵੀ ਕਰ ਰਹੀ ਹੈ। ਇਹ ਮਨੁੱਖੀ ਦਿਮਾਗ ਦੀ ਨਕਲ ਕਰਨ ਦੀ ਇੱਕ ਕੋਸ਼ਿਸ਼ ਹੈ, ਜਿੱਥੇ ਨਿਊਰਲ ਨੈੱਟਵਰਕ ਰਾਹੀਂ ਮਸ਼ੀਨਾਂ ਨੂੰ ਅਹਿਸਾਸ ਅਤੇ ਤਰਕ ਦੀ ਦੁਨੀਆ ਨਾਲ ਜੋੜਿਆ ਜਾ ਰਹੀ ਹੈ। ਇਹ ਬੌਧਿਕ ਸਮਰੱਥਾ ਜਦੋਂ ਸੰਚਾਰ ਦੇ ਮਾਧਿਅਮਾਂ ਵਿੱਚ ਪ੍ਰਵੇਸ਼ ਕਰਦੀ ਹੈ, ਤਾਂ ਇਹ ਜਾਣਕਾਰੀ ਦੇ ਪ੍ਰਵਾਹ ਨੂੰ ਇੱਕ ਨਵੀਂ ਗਤੀ ਪ੍ਰਦਾਨ ਕਰਦੀ ਹੈ।

ਸੰਚਾਰ ਅਤੇ ਮੀਡੀਆ ਦਾ ਖੇਤਰ, ਜਿਸ ਵਿੱਚ ਰੇਡੀਓ, ਟੀਵੀ, ਅਖਬਾਰ ਅਤੇ ਪੱਤਰਕਾਰੀ ਸ਼ਾਮਲ ਹਨ, ਏ.ਆਈ. ਦੁਆਰਾ ਪੂਰੀ ਤਰ੍ਹਾਂ ਬਦਲ ਦਿੱਤਾ ਗਿਆ ਹੈ। ਅੱਜ ਏ.ਆਈ. ਐਂਕਰ ਟੀਵੀ 'ਤੇ ਖ਼ਬਰਾਂ ਪੜ੍ਹ ਰਹੇ ਹਨ ਅਤੇ ਅਖਬਾਰਾਂ ਵਿੱਚ ਖ਼ਬਰਾਂ ਲਿਖਣ ਲਈ ਏ.ਆਈ. ਟੂਲਸ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਦੇ ਫਾਇਦੇ ਇਹ ਹਨ ਕਿ ਜਾਣਕਾਰੀ ਬਹੁਤ ਤੇਜ਼ੀ ਨਾਲ ਲੋਕਾਂ ਤੱਕ ਪਹੁੰਚਦੀ ਹੈ ਅਤੇ ਡੇਟਾ ਦਾ ਵਿਸ਼ਲੇਸ਼ਣ ਕਰਨਾ ਸੌਖਾ ਹੋ ਗਿਆ ਹੈ। ਪਰ ਪੱਤਰਕਾਰੀ ਦੇ ਖੇਤਰ ਵਿੱਚ ਇਹ ਇੱਕ ਵੱਡਾ ਨੈਤਿਕ ਸੰਕਟ ਵੀ ਹੈ। ਜੇਕਰ ਖ਼ਬਰਾਂ ਲਿਖਣ ਵਾਲੀ ਮਸ਼ੀਨ ਕੋਲ ਮਨੁੱਖੀ ਸੰਵੇਦਨਸ਼ੀਲਤਾ ਨਹੀਂ ਹੋਵੇਗੀ, ਤਾਂ ਉਹ ਸੱਚਾਈ ਅਤੇ ਨਿਰਪੱਖਤਾ ਦੀ ਰੱਖਿਆ ਕਿਵੇਂ ਕਰੇਗੀ? ਪੱਤਰਕਾਰੀ ਦਾ ਮੂਲ ਸਿਧਾਂਤ 'ਸੱਚ ਦੀ ਖੋਜ' ਹੈ, ਪਰ ਏ.ਆਈ. ਕਈ ਵਾਰ ਅਜਿਹੀ ਜਾਣਕਾਰੀ ਪੈਦਾ ਕਰ ਦਿੰਦੀ ਹੈ। ਜੋ ਸੱਚ ਲੱਗਦੀ ਹੈ ਪਰ ਹਕੀਕਤ ਵਿੱਚ ਗਲਤ ਹੁੰਦੀ ਹੈ। ਇਹ ਪੱਤਰਕਾਰੀ ਦੀ ਭਰੋਸੇਯੋਗਤਾ ਲਈ ਇੱਕ ਵੱਡੀ ਚੁਣੌਤੀ ਹੈ, ਜੋ ਅੱਗੇ ਚੱਲ ਕੇ ਰਾਜਨੀਤਿਕ ਪ੍ਰਚਾਰ ਦਾ ਹਥਿਆਰ ਬਣ ਜਾਂਦੀ ਹੈ।

ਭਾਰਤੀ ਰਾਜਨੀਤੀ ਦੇ ਪ੍ਰਸੰਗ ਵਿੱਚ ਏ.ਆਈ. ਦੀ ਗਲਤ ਵਰਤੋਂ ਇੱਕ ਬਹੁਤ ਹੀ ਚਿੰਤਾਜਨਕ ਵਿਸ਼ਾ ਹੈ। ਅਜੋਕੀ ਰਾਜਨੀਤੀ ਵਿੱਚ ਵੋਟਾਂ ਦੇ ਧਰੁਵੀਕਰਨ ਲਈ ਸੋਸ਼ਲ ਮੀਡੀਆ ਅਤੇ ਏ.ਆਈ. ਅਲਗੋਰਿਦਮ ਦੀ ਵਰਤੋਂ ਲੋਕਾਂ ਦੀ ਮਾਨਸਿਕਤਾ ਨਾਲ ਖੇਡਣ ਲਈ ਕੀਤੀ ਜਾ ਰਹੀ ਹੈ। ਇੱਥੇ 'ਡੀਪ ਫੇਕ' ਤਕਨੀਕ ਦਾ ਜ਼ਿਕਰ ਕਰਨਾ ਬਹੁਤ ਜ਼ਰੂਰੀ ਹੈ, ਜੋ ਕਿਸੇ ਵਿਅਕਤੀ ਦੇ ਚਿਹਰੇ ਅਤੇ ਆਵਾਜ਼ ਦੀ ਇੰਨੀ ਸਟੀਕ ਨਕਲ ਕਰਦੀ ਹੈ ਕਿ ਅਸਲੀ ਅਤੇ ਨਕਲੀ ਵਿੱਚ ਫਰਕ ਕਰਨਾ ਅਸੰਭਵ ਹੋ ਜਾਂਦਾ ਹੈ। ਜਦੋਂ ਕਿਸੇ ਰਾਜਨੀਤਿਕ ਨੇਤਾ ਦੀ ਨਕਲੀ ਵੀਡੀਓ ਬਣਾ ਕੇ ਕਿਸੇ ਧਰਮ ਜਾਂ ਜਾਤ ਵਿਰੁੱਧ ਭੜਕਾਊ ਗੱਲਾਂ ਕਹਾਈਆਂ ਜਾਂਦੀਆਂ ਹਨ, ਤਾਂ ਆਮ ਜਨਤਾ ਉਸ ਨੂੰ ਸੱਚ ਮੰਨ ਲੈਂਦੀ ਹੈ। ਇਹ ਸਿਰਫ਼ ਵੋਟਾਂ ਲੈਣ ਤੱਕ ਸੀਮਤ ਨਹੀਂ ਹੈ, ਸਗੋਂ ਇਹ ਲੋਕਤੰਤਰ ਦੀ ਬੁਨਿਆਦ 'ਤੇ ਹਮਲਾ ਹੈ। ਰਾਜਨੀਤਿਕ ਪ੍ਰਚਾਰ ਹੁਣ ਤਰਕ ਅਤੇ ਵਿਕਾਸ ਦੇ ਮੁੱਦਿਆਂ ਤੋਂ ਹਟ ਕੇ 'ਧਾਰਨਾ ਬਣਾਉਣ' ਦੀ ਖੇਡ ਬਣ ਗਿਆ ਹੈ, ਜੋ ਸਮਾਜਿਕ ਤਾਣੇ-ਬਾਣੇ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ।

ਜੇਕਰ ਅਸੀਂ ਸਮਾਜ ਸ਼ਾਸਤਰ ਦੇ ਨਜ਼ਰੀਏ ਤੋਂ ਦੇਖੀਏ, ਤਾਂ ਭਾਰਤੀ ਸਮਾਜ ਦੀ ਬਣਤਰ ਬਹੁਤ ਗੁੰਝਲਦਾਰ ਹੈ। ਜਾਤ-ਪਾਤ ਦੀ ਜਕੜ, ਲਿੰਗ ਅਸਮਾਨਤਾ ਅਤੇ ਆਰਥਿਕ ਪਾੜਾ ਸਾਡੇ ਸਮਾਜ ਦੇ ਪੁਰਾਣੇ ਜ਼ਖਮ ਹਨ। ਏ.ਆਈ. ਵਰਗੀ ਆਧੁਨਿਕ ਤਕਨੀਕ ਜਦੋਂ ਅਜਿਹੇ ਸਮਾਜ ਵਿੱਚ ਪ੍ਰਵੇਸ਼ ਕਰਦੀ ਹੈ, ਤਾਂ ਇਹ ਸਮਾਜਿਕ ਵੰਡੀਆਂ ਨੂੰ ਹੋਰ ਡੂੰਘਾ ਕਰਨ ਦਾ ਜ਼ਰੀਆ ਵੀ ਬਣ ਸਕਦੀ ਹੈ। ਮਨੁੱਖੀ ਰਿਸ਼ਤਿਆਂ 'ਤੇ ਵੀ ਇਸ ਦਾ ਪ੍ਰਭਾਵ ਪੈ ਰਿਹਾ ਹੈ, ਜਿੱਥੇ ਲੋਕ ਅਸਲੀ ਸੰਪਰਕ ਨਾਲੋਂ ਡਿਜੀਟਲ ਸੰਪਰਕ ਨੂੰ ਤਰਜੀਹ ਦੇ ਰਹੇ ਹਨ। ਏ.ਆਈ. ਚੈਟਬੋਟਸ ਲੋਕਾਂ ਦੇ ਮਾਨਸਿਕ ਸਲਾਹਕਾਰ ਬਣ ਰਹੇ ਹਨ, ਜਿਸ ਨਾਲ ਮਨੁੱਖੀ 'ਹਮਦਰਦੀ' ਦੀ ਸਮਰੱਥਾ ਘਟ ਰਹੀ ਹੈ। ਲੋਕ ਮਨੁੱਖਾਂ ਨਾਲੋਂ ਮਸ਼ੀਨਾਂ ਨਾਲ ਗੱਲ ਕਰਨਾ ਸੌਖਾ ਸਮਝ ਰਹੇ ਹਨ, ਜੋ ਸਮਾਜਿਕ ਇਕੱਲਤਾ ਅਤੇ ਮਾਨਸਿਕ ਸਿਹਤ ਲਈ ਨਵੇਂ ਖ਼ਤਰੇ ਪੈਦਾ ਕਰ ਰਿਹਾ ਹੈ। ਇਹ ਮਾਨਸਿਕ ਬਦਲਾਅ ਸਾਡੀ ਸਿਰਜਣਾਤਮਕਤਾ ਅਤੇ ਸਾਹਿਤਕ ਸੋਚ ਨੂੰ ਵੀ ਪ੍ਰਭਾਵਿਤ ਕਰਦਾ ਹੈ।

ਸੱਭਿਆਚਾਰ ਅਤੇ ਸਾਹਿਤ ਦੇ ਖੇਤਰ ਵਿੱਚ ਏ.ਆਈ. ਦੀ ਦਖਲਅੰਦਾਜ਼ੀ ਇੱਕ ਗੰਭੀਰ ਬਹਿਸ ਦਾ ਵਿਸ਼ਾ ਹੈ। ਸਾਹਿਤ ਹਮੇਸ਼ਾ ਮਨੁੱਖੀ ਅਨੁਭਵਾਂ, ਪੀੜਾਂ ਅਤੇ ਵਲਵਲਿਆਂ ਦੀ ਉਪਜ ਰਿਹਾ ਹੈ। ਜਦੋਂ ਏ.ਆਈ. ਕੋਈ ਕਵਿਤਾ ਜਾਂ ਕਹਾਣੀ ਲਿਖਦੀ ਹੈ, ਤਾਂ ਉਹ ਕਰੋੜਾਂ ਸ਼ਬਦਾਂ ਦੇ ਡੇਟਾ ਦਾ ਵਿਸ਼ਲੇਸ਼ਣ ਕਰਕੇ ਇੱਕ ਸੁੰਦਰ ਰਚਨਾ ਤਾਂ ਤਿਆਰ ਕਰ ਸਕਦੀ ਹੈ, ਪਰ ਕੀ ਉਸ ਵਿੱਚ ਉਹ 'ਰੂਹ' ਹੁੰਦੀ ਹੈ। ਜੋ ਇੱਕ ਲੇਖਕ ਆਪਣੀ ਕਲਮ ਨਾਲ ਪ੍ਰੋਉਂਦਾ ਹੈ? ਅੱਜ ਸੰਗੀਤ ਦੀਆਂ ਧੁਨਾਂ ਅਤੇ ਚਿੱਤਰਕਾਰੀ ਵੀ ਏ.ਆਈ. ਰਾਹੀਂ ਹੋ ਰਹੀ ਹੈ। ਇਸ ਨਾਲ ਸਿਰਜਣਾਤਮਕਤਾ ਦਾ ਲੋਕਤੰਤਰੀਕਰਨ ਤਾਂ ਹੋਇਆ ਹੈ, ਪਰ ਅਸਲੀ ਕਲਾਕਾਰ ਦੀ ਮੌਲਿਕਤਾ ਅਤੇ ਉਸ ਦੇ ਰੁਜ਼ਗਾਰ 'ਤੇ ਖ਼ਤਰਾ ਮੰਡਰਾ ਰਿਹਾ ਹੈ। ਮਸ਼ੀਨੀ ਅਨੁਵਾਦ ਨੇ ਦੁਨੀਆ ਭਰ ਦੇ ਸਾਹਿਤ ਨੂੰ ਨੇੜੇ ਤਾਂ ਲਿਆਂਦਾ ਹੈ, ਪਰ ਕਈ ਵਾਰ ਸਥਾਨਕ ਭਾਸ਼ਾ ਦੇ ਮੁਹਾਵਰੇ ਅਤੇ ਮਿਠਾਸ ਇਸ ਪ੍ਰਕਿਰਿਆ ਵਿੱਚ ਗੁਆਚ ਜਾਂਦੇ ਹਨ। ਇਹ ਬੌਧਿਕ ਤਬਦੀਲੀ ਸਿੱਖਿਆ ਦੇ ਖੇਤਰ ਵਿੱਚ ਵੀ ਨਵੀਆਂ ਸੰਭਾਵਨਾਵਾਂ ਪੈਦਾ ਕਰਦੀ ਹੈ।

ਸਿੱਖਿਆ ਦੇ ਖੇਤਰ ਵਿੱਚ ਏ.ਆਈ. ਨੇ ਇੱਕ ਨਵੀਂ ਕ੍ਰਾਂਤੀ ਲਿਆਂਦੀ ਹੈ। ਹੁਣ ਪੜ੍ਹਾਈ ਸਕੂਲ ਦੀਆਂ ਚਾਰ ਦੀਵਾਰੀਆਂ ਤੱਕ ਸੀਮਤ ਨਹੀਂ ਰਹੀ। ਏ.ਆਈ. ਅਧਾਰਤ ਪਲੇਟਫਾਰਮ ਹਰ ਵਿਦਿਆਰਥੀ ਦੀ ਸਿੱਖਣ ਦੀ ਸਮਰੱਥਾ ਅਨੁਸਾਰ ਪਾਠਕ੍ਰਮ ਨੂੰ ਢਾਲ ਸਕਦੇ ਹਨ। ਇਹ ਇੱਕ ਨਿੱਜੀ ਅਧਿਆਪਕ ਵਾਂਗ ਕੰਮ ਕਰਦੀ ਹੈ, ਜੋ 24 ਘੰਟੇ ਉਪਲਬਧ ਹੈ। ਖੋਜ ਕਾਰਜਾਂ ਵਿੱਚ ਇਹ ਤਕਨੀਕ ਮਹੀਨਿਆਂ ਦਾ ਕੰਮ ਮਿੰਟਾਂ ਵਿੱਚ ਕਰ ਸਕਦੀ ਹੈ। ਦੁਨੀਆ ਭਰ ਦੇ ਡੇਟਾਬੇਸ ਨੂੰ ਸਕਿੰਟਾਂ ਵਿੱਚ ਖੰਗਾਲ ਕੇ ਸਹੀ ਜਾਣਕਾਰੀ ਮੁਹੱਈਆ ਕਰਵਾਉਣਾ ਏ.ਆਈ. ਕਾਰਨ ਹੀ ਸੰਭਵ ਹੋਇਆ ਹੈ। ਹਾਲਾਂਕਿ, ਇਸ ਨਾਲ ਨਕਲ ਅਤੇ ਮੌਲਿਕਤਾ ਵਰਗੇ ਸਵਾਲ ਵੀ ਖੜ੍ਹੇ ਹੋ ਰਹੇ ਹਨ। ਜਿੱਥੇ ਸਿੱਖਿਆ ਮਾਨਸਿਕ ਵਿਕਾਸ ਕਰਦੀ ਹੈ, ਉੱਥੇ ਸਿਹਤ ਸੇਵਾਵਾਂ ਮਨੁੱਖੀ ਜੀਵਨ ਦੀ ਰੱਖਿਆ ਕਰਦੀਆਂ ਹਨ।

ਸਿਹਤ ਸੇਵਾਵਾਂ ਦੇ ਖੇਤਰ ਵਿੱਚ ਏ.ਆਈ. ਕਿਸੇ ਵਰਦਾਨ ਤੋਂ ਘੱਟ ਨਹੀਂ ਹੈ। ਬਿਮਾਰੀਆਂ ਦੀ ਜਲਦੀ ਪਛਾਣ ਕਰਨ ਵਿੱਚ ਇਸ ਦੀ ਸ਼ੁੱਧਤਾ ਹੈਰਾਨੀਜਨਕ ਹੈ। ਕੈਂਸਰ ਵਰਗੀਆਂ ਬਿਮਾਰੀਆਂ ਦਾ ਪਤਾ ਸ਼ੁਰੂਆਤੀ ਪੜਾਅ 'ਤੇ ਲਗਾਉਣ ਲਈ ਏ.ਆਈ. ਮਸ਼ੀਨਾਂ ਰਿਪੋਰਟਾਂ ਦਾ ਇੰਨੀ ਬਾਰੀਕੀ ਨਾਲ ਵਿਸ਼ਲੇਸ਼ਣ ਕਰਦੀਆਂ ਹਨ ਕਿ ਮਨੁੱਖੀ ਅੱਖ ਤੋਂ ਉਹ ਨੁਕਤੇ ਰਹਿ ਸਕਦੇ ਹਨ। ਨਵੀਆਂ ਦਵਾਈਆਂ ਦੀ ਖੋਜ ਅਤੇ ਜੀਨੋਮ ਸੀਕੁਐਂਸਿੰਗ ਵਿੱਚ ਇਸ ਨੇ ਸਮਾਂ ਅਤੇ ਖਰਚਾ ਬਹੁਤ ਘਟਾ ਦਿੱਤਾ ਹੈ। ਭਵਿੱਖ ਵਿੱਚ ਅਸੀਂ ਅਜਿਹੇ ਰੋਬੋਟਿਕ ਸਰਜਨ ਦੇਖ ਸਕਾਂਗੇ ਜੋ ਬੇਹੱਦ ਗੁੰਝਲਦਾਰ ਆਪ੍ਰੇਸ਼ਨ ਕਰਨ ਵਿੱਚ ਸਫਲ ਹੋਣਗੇ। ਸਿਹਤ ਤੋਂ ਬਾਅਦ ਜੇਕਰ ਅਸੀਂ ਰੋਜ਼ਾਨਾ ਜੀਵਨ ਦੇ ਆਰਥਿਕ ਪਹਿਲੂ ਵੱਲ ਦੇਖੀਏ, ਤਾਂ ਉੱਥੇ ਵੀ ਏ.ਆਈ. ਦੀ ਜਕੜ ਮਜ਼ਬੂਤ ਹੈ।

ਬੈਂਕਿੰਗ ਅਤੇ ਵਿੱਤੀ ਖੇਤਰ ਵਿੱਚ ਏ.ਆਈ. ਨੇ ਲੈਣ-ਦੇਣ ਨੂੰ ਬਹੁਤ ਸੁਰੱਖਿਅਤ ਅਤੇ ਤੇਜ਼ ਬਣਾਇਆ ਹੈ। ਧੋਖਾਧੜੀ ਦੀ ਪਛਾਣ ਕਰਨ ਵਾਲੇ ਸਿਸਟਮ ਸਕਿੰਟਾਂ ਵਿੱਚ ਸ਼ੱਕੀ ਕਾਰਵਾਈਆਂ ਨੂੰ ਰੋਕ ਦਿੰਦੇ ਹਨ। ਪਰ ਦੂਜੇ ਪਾਸੇ, ਏ.ਆਈ. ਅਧਾਰਤ 'ਸਾਈਬਰ ਅਪਰਾਧ' ਵੀ ਵਧ ਗਏ ਹਨ। ਅੱਜ 'ਵਾਇਸ ਕਲੋਨਿੰਗ' ਰਾਹੀਂ ਕਿਸੇ ਰਿਸ਼ਤੇਦਾਰ ਦੀ ਆਵਾਜ਼ ਕੱਢ ਕੇ ਪੈਸੇ ਠੱਗਣ ਦੀਆਂ ਘਟਨਾਵਾਂ ਆਮ ਹੋ ਰਹੀਆਂ ਹਨ। ਇਸੇ ਤਰ੍ਹਾਂ ਖਪਤਕਾਰ ਸੱਭਿਆਚਾਰ ਵਿੱਚ ਏ.ਆਈ. ਅਲਗੋਰਿਦਮ ਸਾਨੂੰ ਉਹੀ ਚੀਜ਼ਾਂ ਦਿਖਾਉਂਦੇ ਹਨ, ਜੋ ਅਸੀਂ ਖਰੀਦਣਾ ਚਾਹੁੰਦੇ ਹਾਂ, ਜਿਸ ਨਾਲ ਸਾਡੀ 'ਚੋਣ ਦੀ ਆਜ਼ਾਦੀ' ਹੌਲੀ-ਹੌਲੀ ਖਤਮ ਹੋ ਰਹੀ ਹੈ। ਅਸੀਂ ਅਣਜਾਣੇ ਵਿੱਚ ਉਹੀ ਖਰੀਦ ਰਹੇ ਹਾਂ ਜੋ ਮਸ਼ੀਨ ਸਾਨੂੰ ਖਰੀਦਣ ਲਈ ਪ੍ਰੇਰਿਤ ਕਰ ਰਹੀ ਹੈ। ਇਹ ਆਰਥਿਕ ਪ੍ਰਭਾਵ ਸਿੱਧੇ ਤੌਰ 'ਤੇ ਰੁਜ਼ਗਾਰ ਨਾਲ ਜੁੜਿਆ ਹੋਇਆ ਹੈ।

ਆਰਥਿਕਤਾ ਅਤੇ ਰੁਜ਼ਗਾਰ ਦੇ ਪੱਖੋਂ ਏ.ਆਈ. ਇੱਕ ਦੋਧਾਰੀ ਤਲਵਾਰ ਹੈ। ਇੱਕ ਪਾਸੇ ਇਹ ਉਦਯੋਗਾਂ ਵਿੱਚ ਉਤਪਾਦਨ ਵਧਾ ਰਹੀ ਹੈ, ਪਰ ਦੂਜੇ ਪਾਸੇ ਇਹ ਡਰ ਹੈ ਕਿ ਮਸ਼ੀਨਾਂ ਮਨੁੱਖਾਂ ਦੀ ਥਾਂ ਲੈ ਲੈਣਗੀਆਂ। ਡੇਟਾ ਐਂਟਰੀ ਅਤੇ ਕਸਟਮਰ ਸਰਵਿਸ ਵਰਗੇ ਖੇਤਰਾਂ ਵਿੱਚ ਵੱਡੀ ਪੱਧਰ 'ਤੇ ਆਟੋਮੇਸ਼ਨ ਹੋ ਰਹੀ ਹੈ। ਅਸਲ ਚੁਣੌਤੀ ਇਹ ਹੈ ਕਿ ਸਾਨੂੰ ਆਪਣੀ ਕਿਰਤ ਸ਼ਕਤੀ ਨੂੰ ਨਵੇਂ ਹੁਨਰ ਸਿਖਾਉਣੇ ਪੈਣਗੇ। ਰੁਜ਼ਗਾਰ ਦੇ ਨਾਲ-ਨਾਲ ਖੇਡਾਂ ਦੇ ਖੇਤਰ ਵਿੱਚ ਵੀ ਏ.ਆਈ. ਨੇ ਅੰਕੜਿਆਂ ਦੀ ਇੱਕ ਨਵੀਂ ਜੰਗ ਸ਼ੁਰੂ ਕਰ ਦਿੱਤੀ ਹੈ। ਅੱਜ ਖੇਡਾਂ ਸਿਰਫ ਸਰੀਰਕ ਜ਼ੋਰ ਨਹੀਂ ਰਹੀਆਂ, ਸਗੋਂ ਏ.ਆਈ. ਇਹ ਤੈਅ ਕਰਦੀ ਹੈ ਕਿ ਕਿਸ ਖਿਡਾਰੀ ਦੀ ਕੀ ਕਮਜ਼ੋਰੀ ਹੈ ਅਤੇ ਕਿਸ ਰਣਨੀਤੀ ਨਾਲ ਖੇਡਣਾ ਹੈ। ਇਹ 'ਡਾਟਾ-ਵਾਰ' ਖੇਡਾਂ ਦੀ ਕੁਦਰਤੀ ਚਮਕ ਨੂੰ ਪ੍ਰਭਾਵਿਤ ਕਰ ਰਹੀ ਹੈ।

ਖੇਤੀਬਾੜੀ ਵਰਗੇ ਰਵਾਇਤੀ ਖੇਤਰ ਵਿੱਚ ਏ.ਆਈ. ਕਿਸਾਨਾਂ ਲਈ ਇੱਕ ਵਿਗਿਆਨਕ ਸਹਾਰਾ ਬਣ ਕੇ ਉੱਭਰੀ ਹੈ। 'ਪ੍ਰੀਸੀਜ਼ਨ ਫਾਰਮਿੰਗ' ਰਾਹੀਂ ਮਿੱਟੀ ਦੀ ਸਿਹਤ ਅਤੇ ਫਸਲਾਂ ਦੀਆਂ ਬਿਮਾਰੀਆਂ ਦਾ ਪਹਿਲਾਂ ਹੀ ਪਤਾ ਲਗਾਇਆ ਜਾ ਸਕਦਾ ਹੈ। ਸਮਾਰਟ ਸਿੰਚਾਈ ਪ੍ਰਣਾਲੀਆਂ ਅਤੇ ਸੈਂਸਰ ਇਹ ਦੱਸਦੇ ਹਨ ਕਿ ਪੌਦੇ ਨੂੰ ਕਿੰਨੇ ਪਾਣੀ ਦੀ ਲੋੜ ਹੈ, ਜੋ ਪੰਜਾਬ ਵਰਗੇ ਸੂਬਿਆਂ ਵਿੱਚ ਡਿੱਗ ਰਹੇ ਪਾਣੀ ਦੇ ਪੱਧਰ ਨੂੰ ਬਚਾਉਣ ਵਿੱਚ ਮਦਦਗਾਰ ਹੋ ਸਕਦਾ ਹੈ। ਡਰੋਨਾਂ ਰਾਹੀਂ ਕੀਟਨਾਸ਼ਕਾਂ ਦਾ ਸਹੀ ਛਿੜਕਾਅ ਵਾਤਾਵਰਣ ਨੂੰ ਵੀ ਬਚਾਉਂਦਾ ਹੈ। ਵਾਤਾਵਰਣ ਦੇ ਸੰਦਰਭ ਵਿੱਚ ਏ.ਆਈ. ਜਲਵਾਯੂ ਤਬਦੀਲੀ ਨੂੰ ਸਮਝਣ ਅਤੇ ਪ੍ਰਦੂਸ਼ਣ ਘਟਾਉਣ ਵਿੱਚ ਸਹਾਈ ਹੈ, ਪਰ ਇਸ ਦੇ ਡੇਟਾ ਸੈਂਟਰਾਂ ਦੁਆਰਾ ਕੀਤੀ ਜਾਂਦੀ ਬਿਜਲੀ ਦੀ ਖਪਤ ਇੱਕ ਨਵੀਂ ਚੁਣੌਤੀ ਹੈ।

ਅਪਰਾਧ ਵਿਗਿਆਨ ਅਤੇ ਸੁਰੱਖਿਆ ਵਿੱਚ ਏ.ਆਈ. ਦੀ ਵਰਤੋਂ ਪੁਲਿਸਿੰਗ ਨੂੰ ਆਧੁਨਿਕ ਬਣਾ ਰਹੀ ਹੈ। 'ਪ੍ਰੀਡਿਕਟਿਵ ਪੁਲਿਸਿੰਗ' ਰਾਹੀਂ ਅਪਰਾਧ ਹੋਣ ਦੀ ਸੰਭਾਵਨਾ ਵਾਲੇ ਇਲਾਕਿਆਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਪਰ ਅੰਤਰਰਾਸ਼ਟਰੀ ਪੱਧਰ 'ਤੇ 'ਆਟੋਨੋਮਸ ਹਥਿਆਰ' ਦੁਨੀਆ ਲਈ ਸਭ ਤੋਂ ਵੱਡਾ ਖ਼ਤਰਾ ਹਨ। ਜੇਕਰ ਜੰਗ ਦੇ ਮੈਦਾਨ ਵਿੱਚ ਫੈਸਲੇ ਮਸ਼ੀਨਾਂ ਲੈਣਗੀਆਂ, ਤਾਂ ਮਨੁੱਖੀ ਹੋਂਦ ਨੂੰ ਖ਼ਤਰਾ ਹੋ ਸਕਦਾ ਹੈ। ਦੂਜੇ ਪਾਸੇ, ਪੁਲਾੜ ਵਿਗਿਆਨ ਵਿੱਚ ਏ.ਆਈ. ਬ੍ਰਹਿਮੰਡ ਦੀਆਂ ਉਨ੍ਹਾਂ ਗੁੰਝਲਾਂ ਨੂੰ ਸੁਲਝਾ ਰਹੀ ਹੈ। ਜਿੱਥੇ ਮਨੁੱਖੀ ਪਹੁੰਚ ਅਸੰਭਵ ਹੈ। ਦੂਰ-ਦੁਰਾਡੇ ਗ੍ਰਹਿਆਂ 'ਤੇ ਭੇਜੇ ਗਏ ਰੋਵਰ ਏ.ਆਈ. ਰਾਹੀਂ ਹੀ ਆਪਣੇ ਫੈਸਲੇ ਲੈਂਦੇ ਹਨ।

ਇਸ ਸਾਰੀ ਤਕਨੀਕੀ ਚਮਕ-ਧਮਕ ਦੇ ਪਿੱਛੇ ਇੱਕ ਬਹੁਤ ਹੀ ਗੰਭੀਰ ਵਿਸ਼ਾ 'ਨਿੱਜਤਾ ਅਤੇ ਡਿਜੀਟਲ ਪੈੜਾਂ' ਦਾ ਹੈ। ਅੱਜ ਸਾਡੀ ਹਰ ਪਸੰਦ, ਨਫ਼ਰਤ, ਖਰੀਦਦਾਰੀ ਅਤੇ ਇੱਥੋਂ ਤੱਕ ਕਿ ਸਾਡੇ ਨਿੱਜੀ ਸੁਪਨੇ ਵੀ ਏ.ਆਈ. ਦੇ ਡੇਟਾਬੇਸ ਵਿੱਚ ਦਰਜ ਹੋ ਰਹੇ ਹਨ। ਅਸੀਂ ਅਣਜਾਣੇ ਵਿੱਚ ਆਪਣੀ ਆਜ਼ਾਦੀ ਇੱਕ ਅਜਿਹੇ ਅਦਿੱਖ ਸਿਸਟਮ ਨੂੰ ਸੌਂਪ ਰਹੇ ਹਾਂ, ਜੋ ਸਾਡੀ ਸੋਚ ਨੂੰ ਕੰਟਰੋਲ ਕਰਨ ਦੀ ਸਮਰੱਥਾ ਰੱਖਦਾ ਹੈ। ਜੇਕਰ ਇਹ ਡੇਟਾ ਗਲਤ ਹੱਥਾਂ ਵਿੱਚ ਚਲਾ ਜਾਂਦਾ ਹੈ, ਤਾਂ ਇਹ ਸਿਰਫ਼ ਆਰਥਿਕ ਨੁਕਸਾਨ ਹੀ ਨਹੀਂ ਕਰੇਗਾ, ਸਗੋਂ ਮਨੁੱਖੀ ਸੁਭਾਅ ਨੂੰ ਹੀ ਬਦਲ ਕੇ ਰੱਖ ਦੇਵੇਗਾ। ਇੱਥੇ 'ਨੈਤਿਕ ਏ.ਆਈ.' (ਓਟਹਿਚਓਲ ਅੀ) ਦਾ ਸਵਾਲ ਉੱਠਦਾ ਹੈ। ਕੀ ਇੱਕ ਮਸ਼ੀਨ ਨੂੰ ਇਹ ਫੈਸਲਾ ਲੈਣ ਦਾ ਹੱਕ ਹੋਣਾ ਚਾਹੀਦਾ ਹੈ ਕਿ ਕਿਸ ਇਨਸਾਨ ਨੂੰ ਨੌਕਰੀ ਮਿਲੇਗੀ ਜਾਂ ਕਿਸ ਨੂੰ ਇਲਾਜ? ਇਹ ਨੈਤਿਕ ਦੁਵਿਧਾ ਹੀ ਆਉਣ ਵਾਲੇ ਸਮੇਂ ਵਿੱਚ ਮਨੁੱਖ ਅਤੇ ਮਸ਼ੀਨ ਵਿਚਕਾਰਲੀ ਜੰਗ ਦਾ ਅਸਲ ਮੈਦਾਨ ਹੋਵੇਗੀ।

ਇਹ ਕਹਿਣਾ ਗਲਤ ਨਹੀਂ ਹੋਵ- ੇਗਾ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਮਨੁੱਖੀ ਇਤਿਹਾਸ ਦਾ ਸਭ ਤੋਂ ਸ਼ਕਤੀਸ਼ਾਲੀ ਸੰਦ ਹੈ। ਇਹ ਕੋਈ ਜਾਦੂ ਨਹੀਂ, ਸਗੋਂ ਮਨੁੱਖੀ ਬੁੱਧੀ ਦਾ ਹੀ ਇੱਕ ਵਿਸਤਾਰ ਹੈ। ਇਸ ਦੀ ਸਫਲਤਾ ਇਸ ਗੱਲ 'ਤੇ ਨਿਰਭਰ ਨਹੀਂ ਕਰਦੀ ਕਿ ਇਹ ਤਕਨੀਕ ਕਿੰਨੀ ਪ੍ਰਬਲ ਹੈ, ਸਗੋਂ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਇਸ ਨੂੰ ਚਲਾਉਣ ਵਾਲੀ ਮਨੁੱਖੀ ਚੇਤਨਾ ਕਿੰਨੀ ਸੰਵੇਦਨਸ਼ੀਲ ਹੈ। ਜੇਕਰ ਅਸੀਂ ਇਸ ਨੂੰ ਸਿਰਫ ਮੁਨਾਫੇ, ਰਾਜਨੀਤਿਕ ਸੱਤਾ ਜਾਂ ਜੰਗੀ ਹਵਸ ਲਈ ਵਰਤਾਂਗੇ, ਤਾਂ ਇਹ ਮਨੁੱਖੀ ਹੋਂਦ ਲਈ ਖ਼ਤਰਾ ਬਣ ਸਕਦੀ ਹੈ। ਪਰ ਜੇਕਰ ਅਸੀਂ ਇਸ ਨੂੰ ਮਨੁੱਖਤਾ ਦੀਆਂ ਵੱਡੀਆਂ ਸਮੱਸਿਆਵਾਂ ਜਿਵੇਂ ਕਿ ਗਰੀਬੀ, ਲਾਇਲਾਜ ਬਿਮਾਰੀਆਂ ਅਤੇ ਵਾਤਾਵਰਣਕ ਸੰਕਟ ਨੂੰ ਹੱਲ ਕਰਨ ਲਈ ਵਰਤਾਂਗੇ, ਤਾਂ ਇਹ ਧਰਤੀ 'ਤੇ ਇੱਕ ਨਵਾਂ ਸਵਰਗ ਸਿਰਜ ਸਕਦੀ ਹੈ। ਮਨੁੱਖ ਨੂੰ ਮਸ਼ੀਨ ਤੋਂ ਡਰਨ ਦੀ ਲੋੜ ਨਹੀਂ, ਸਗੋਂ ਆਪਣੀ 'ਮਨੁੱਖਤਾ' ਨੂੰ ਬਚਾਉਣ ਦੀ ਲੋੜ ਹੈ। ਤਕਨੀਕ ਦੇ ਇਸ ਹੜ੍ਹ ਵਿੱਚ ਸਾਡਾ ਸਭ ਤੋਂ ਵੱਡਾ ਹਥਿਆਰ ਸਾਡੀ 'ਨੈਤਿਕਤਾ' ਹੀ ਹੋਵੇਗੀ। ਭਵਿੱਖ ਸਾਡੇ ਬੂਹੇ 'ਤੇ ਦਸਤਕ ਦੇ ਰਿਹਾ ਹੈ ਅਤੇ ਇਹ ਤੈਅ ਕਰਨਾ ਸਾਡੇ ਹੱਥ ਵਿੱਚ ਹੈ ਕਿ ਅਸੀਂ ਇੱਕ ਅਜਿਹਾ ਸੰਸਾਰ ਸਿਰਜੀਏ ਜਿੱਥੇ ਆਰਟੀਫੀਸ਼ੀਅਲ ਇੰਟੈਲੀਜੈਂਸ ਮਨੁੱਖ ਦੀ ਗੁਲਾਮ ਨਹੀਂ, ਸਗੋਂ ਇਨਸਾਨੀਅਤ ਦੇ ਭਲੇ ਲਈ ਇੱਕ ਸੁਚੱਜੀ ਸਹਿਯੋਗੀ ਬਣ ਕੇ ਵਿਚਰੇ।

"ਏ.ਆਈ. ਦਾ ਅਸਲੀ ਖ਼ਤਰਾ ਇਹ ਨਹੀਂ ਕਿ ਮਸ਼ੀਨਾਂ ਮਨੁੱਖਾਂ ਵਾਂਗ ਸੋਚਣ ਲੱਗ ਪੈਣਗੀਆਂ, ਸਗੋਂ ਇਹ ਹੈ ਕਿ ਕਿਤੇ ਮਨੁੱਖ ਮਸ਼ੀਨਾਂ ਵਾਂਗ ਸੋਚਣਾ ਨਾ ਸ਼ੁਰੂ ਕਰ ਦੇਵੇ।"





**ਗੁਰਪ੍ਰੀਤ ਸਿੰਘ ਬਿਲਿੰਗ**
ਰਾਬਤਾ: 75086-98066
preetnews@gmial.com

# ਮਨੁੱਖਤਾ ਨੂੰ ਇਕ ਰੰਗ ਵਿੱਚ ਰੰਗਦੀ ਹੋਲੀ

ਹੋਲੀ ਸਿਰਫ਼ ਰੰਗਾਂ ਦੀ ਖੇਡ ਹੀ ਨਹੀਂ, ਇਹ ਦਿਲਾਂ ਨੂੰ ਜੋੜਨ ਵਾਲਾ ਇੱਕ ਮਹਤਵਪੂਰਨ ਦਿਨ ਵੀ ਹੈ। ਜਦੋਂ ਕੋਈ ਆਪਣੇ ਹੱਥਾਂ ਨਾਲ ਰੰਗ-ਬਿਰੰਗੇ ਰੰਗਾਂ ਨੂੰ ਸਾਹ-ਮਣੇ ਵਾਲੇ ਦੇ ਚਿਹਰੇ ‘ਤੇ ਲਗਾਉਂਦਾ ਹੈ, ਤਾਂ ਉਹ ਕੇਵਲ ਰੰਗ ਨਹੀਂ ਲਗਾ ਰਿਹਾ ਹੁੰਦਾ, ਸਗੋਂ ਆਪਣੇ ਅੰਦਰ ਦੇ ਪਿਆਰ ਨੂੰ ਆਪਣੇਪਨ ਨਾਲ ਸਾਂਝਾ ਕਰ ਰਿਹਾ ਹੁੰਦਾ ਹੈ। ਇਸ ਇਕ ਪਲ ਵਿੱਚ ਅਹੰਕਾਰ ਦੀਆਂ ਉੱਚੀਆਂ ਕੰਧਾਂ ਢਹਿ ਜਾਂਦੀਆਂ ਹਨ ਅਤੇ ਦਿਲਾਂ ਵਿਚਕਾਰ ਦੀ ਦੂਰੀ ਆਪਣੇ ਆਪ ਘਟਣ ਲੱਗਦੀ ਹੈ। ਰੰਗਾਂ ਦੀ ਇਹ ਭਾਸ਼ਾ ਬਿਨਾਂ ਸ਼ਬਦਾਂ ਦੇ ਹੀ ਸਭ ਕੁਝ ਕਹਿ ਜਾਂਦੀ ਹੈ।

ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਵੀ ਵੇਖੀਏ ਤਾਂ ਅੱਜ ਦਾ ਮਨੁੱਖ ਰੁਝੇਵੇਂ ਅਤੇ ਤਣਾਅਪੂਰਨ ਜੀਵਨ ਵਿੱਚ ਘਿਰਿਆ ਹੋਇਆ ਹੈ। ਕੰਮ ਦਾ ਦਬਾਅ, ਸਮੇਂ ਦੀ ਕਮੀ ਅਤੇ ਮੁਕਾਬਲੇ ਦੀ ਦੌੜ ਨੇ ਮਨ ਨੂੰ ਬੇਹੱਦ ਥਕੇਵੇਂ ਨਾਲ ਜਕੜਿਆ ਹੋਇਆ ਹੈ। ਅਜਿਹੇ ਹਾਲਾਤਾਂ ਵਿੱਚ ਹੋਲੀ ਇੱਕ ਮਨੋਵਿਗਿਆਨਕ ਰਾਹਤ ਵਾਂਗ ਕੰਮ ਕਰਦੀ ਹੈ। ਹੱਸਣਾ, ਨੱਚਣਾ ਅਤੇ ਸਮੂਹਿਕ ਖੁਸ਼ੀ ਵਿੱਚ ਸ਼ਾਮਲ ਹੋਣਾ ਮਨ ਅੰਦਰ ਦੇ ਤਣਾਅ ਨੂੰ ਘਟਾਉਂਦਾ ਹੈ। ਜਦੋਂ ਮਨੁੱਖ ਖੁੱਲ੍ਹ ਕੇ ਹੱਸਦਾ ਹੈ, ਤਾਂ ਉਸਦੇ ਅੰਦਰ ਦੀ ਘੁੱਟਣ ਹੌਲੇ-ਹੌਲੇ ਖਤਮ ਹੋਣ ਲੱਗਦੀ ਹੈ।

ਹੋਲੀ ਸਾਨੂੰ ਦੱਬੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਦਾ ਵੀ ਮੌਕਾ ਦਿੰਦੀ ਹੈ। ਅਕਸਰ ਅਸੀਂ ਰੋਜ਼ਾਨਾ ਜੀਵਨ ਵਿੱਚ ਆਪਣੇ ਗਿਲੇ-ਸ਼ਿਕਵੇ ਅੰਦਰ ਹੀ ਦਬਾ ਲੈਂਦੇ ਹਾਂ,



ਜਿਸ ਨਾਲ ਮਨ ਭਾਰੀ ਹੋ ਜਾਂਦਾ ਹੈ। ਪਰ ਇਸ ਤਿਉਹਾਰ ਦੇ ਦਿਨ ਜਦੋਂ ਅਸੀਂ ਪੁਰਾਣੀਆਂ ਰੰਜਿਸ਼ਾਂ ਭੁੱਲ ਕੇ ਇਕ-ਦੂਜੇ ਨੂੰ ਗਲੇ ਮਿਲਦੇ ਹਾਂ, ਤਾਂ ਮਨ ਦਾ ਬੋਝ ਹਲਕਾ ਹੋ ਜਾਂਦਾ ਹੈ। ਮਾਫ਼ੀ ਅਤੇ ਸੁਲ੍ਹਾ ਦੀ ਇਹ ਭਾਵਨਾ ਰਿਸ਼ਤਿਆਂ ਵਿੱਚ ਇੱਕ ਨਵੀਂ ਤਾਜ਼ਗੀ ਭਰ ਦਿੰਦੀ ਹੈ। ਟੁੱਟੇ ਹੋਏ ਸਬੰਧ ਮੁੜ ਜੁੜਣ ਲੱਗਦੇ ਹਨ ਅਤੇ ਵਿਸ਼ਵਾਸ ਦੀ ਨਵੀਂ ਡੋਰ ਬਣਦੀ ਹੈ। ਹੋਲੀ ਦਾ ਸਭ ਤੋਂ ਮਹੱਤਵਪੂਰਨ ਪੱਖ ਇਹ ਹੈ ਕਿ ਇਹ ਸਾਨੂੰ ਮੈਂ ਤੋਂ ਅਸੀਂ ਵੱਲ ਲੈ ਜਾਂਦੀ ਹੈ। ਜਦੋਂ ਸਾਰੇ ਵਰਗਾਂ ਅਤੇ ਉਮਰਾਂ ਦੇ ਲੋਕ ਇਕੱਠੇ ਹੋ ਕੇ ਰੰਗਾਂ ਵਿੱਚ ਰੰਗ ਜਾਂਦੇ ਹਨ, ਤਾਂ ਸਮਾਨਤਾ ਦਾ ਸੁੰਦਰ ਦ੍ਰਿਸ਼ ਵੇਖਣ ਨੂੰ ਮਿਲਦਾ ਹੈ। ਇਸ ਸਮੂਹਿਕ ਖੁਸ਼ੀ ਵਿੱਚ ਵਿਅਕਤੀ ਆਪਣੀ ਇਕੱਲੇਪਨ ਦੀ ਭਾਵਨਾ ਭੁੱਲ ਜਾਂਦਾ ਹੈ ਅਤੇ ਆਪਣੇ ਆਪ ਨੂੰ ਇੱਕ ਵੱਡੇ ਪਰਿਵਾਰ ਦਾ ਹਿੱਸਾ ਮਹਿਸੂਸ ਕਰਦਾ ਹੈ। ਜੋਕਿ ਮਨੁੱਖੀ ਮਨ ਨੂੰ ਮਜ਼ਬੂਤੀ ਦਿੰਦਾ ਹੈ। ਡਿਜੀਟਲ ਯੁੱਗ ਵਿੱਚ ਜਿੱਥੇ ਸੰਬੰਧ ਅਕਸਰ ਮੋਬਾਈਲ ਸਕ੍ਰੀਨਾਂ ਤੱਕ ਸੀਮਿਤ ਹੋ ਰਹੇ ਹਨ, ਪਰ ਹੋਲੀ ਅਸਲ ਮਿਲਾਪ ਦੀ ਮਹੱਤਤਾ ਨੂੰ ਮੁੜ ਜੀਵੰਤ ਕਰਦੀ ਹੈ। ਸੰਦੇਸ਼ਾਂ ਦੀ ਥਾਂ ਜਦੋਂ ਅਸੀਂ ਇੱਕ-ਦੂਜੇ ਨੂੰ ਸਾਹਮਣੇ ਮਿਲ ਕੇ ਮੁਸਕਰਾਹਟ ਸਾਂਝੀ ਕਰਦੇ ਹਾਂ, ਤਾਂ ਰਿਸ਼ਤਿਆਂ ਵਿੱਚ ਗਹਿਰਾਈ ਆਉਂਦੀ ਹੈ। ਅਸਲੀ ਛੋਹ ਅਤੇ ਸਾਂਝੀ ਹੱਸਣ ਦੀ ਖੁਸ਼ਬੂ ਉਹ ਅਨੁਭਵ ਦੇਂਦੀ ਜੋ ਕੋਈ ਡਿਜੀਟਲ ਮਾਧਿਅਮ ਨਹੀਂ ਦੇ ਸਕਦਾ।ਇਸ ਲਈ ਹੋਲੀ ਸਿਰਫ਼ ਰੰਗਾਂ ਦਾ ਤਿਉਹਾਰ ਹੀ ਨਹੀਂ, ਇਹ ਮਨ ਦੀ ਮੁਕਤੀ ਅਤੇ ਰਿਸ਼ਤਿਆਂ ਦੀ ਨਵੀਂ ਸ਼ੁਰੂਆਤ ਦਾ ਪ੍ਰਤੀਕ ਵੀ ਹੈ। ਇਹ ਸਾਨੂੰ ਸਿਖਾਉਂਦੀ ਹੈ ਕਿ ਜ਼ਿੰਦਗੀ ਦੇ ਅਸਲ ਰੰਗ ਪਿਆਰ, ਮਾਫ਼ੀ ਅਤੇ ਸਾਂਝੀ ਖੁਸ਼ੀ ਵਿੱਚ ਹੀ ਵੱਸਦੇ ਹਨ। ਜਦੋਂ ਅਸੀਂ ਦਿਲਾਂ ਨੂੰ ਰੰਗ ਲਗਾਉਂਦੇ ਹਾਂ, ਤਦੋਂ ਹੀ ਹੋਲੀ ਦੀ ਅਸਲ ਖੂਬਸੂਰਤੀ ਪ੍ਰਗਟ ਹੁੰਦੀ ਹੈ।



**ਬਲਦੇਵ ਸਿੰਘ ਬੇਦੀ**
**ਜਲੰਧਰ**

## "ਬਦਲਿਆ ਦੌਰ"

ਗੱਭਰੂਆਂ ਦੀ ਮੈਂ ਟੌਰ ਵੇਖਦਾਂ,
ਮੁੜ ਆਈਆਂ ਨੇ ਸਿਰ ਤੇ ਪੱਗਾਂ,
ਹੁਣ ਮੈਂ ਬਦਲਿਆ ਦੌਰ ਵੇਖਦਾਂ,
ਟੇਢੀਆਂ ਪੱਗਾਂ, ਕੁੰਡੀਆਂ ਮੁੱਛਾਂ,
ਬੜੀ ਮੈਂ ਕਰਕੇ, ਗੌਰ ਵੇਖਦਾਂ,
ਬੁੱਲਟ ਕਾਲੇ,ਤੇ ਚਿੱਟਾ ਕੁੜਤਾ,
ਫਿਰ ਮੈਂ ਉਹੀ, ਟੌਰ ਵੇਖਦਾਂ,
ਜਾਗਟ,ਜੁੱਤੀਆਂ,ਕੜੇ ਗੁੱਟਾ ਤੇ,
ਪੱਗ ਨਾਲ ਵੱਖਰੀ, ਟੌਰ ਵੇਖਦਾਂ,
ਪੱਗ ਪਟਿਆਲਾਸ਼ਾਹੀ, ਸਿਰ ਤੇ ,
ਸਜਿਆ ਹਰ ਇੱਕ ਭੌਰ, ਵੇਖਦਾਂ,
ਫੱਬਣ ਸਿਰਾਂ ਤੇ ਟੇਢੀਆ,ਪੱਗਾਂ,
ਆਇਆ, ਪੰਜਾਬੀ ਦੌਰ ਵੇਖਦਾਂ,
ਥਾਂ-ਥਾਂ ਪੱਗੜੀ ਸੈਂਟਰ ਖੁੱਲ੍ਹੇ,
ਸੂਟ ਦੀ ਪੱਗ ਨਾਲ, ਟੌਰ ਵੇਖਦਾਂ,
ਸਿਰ ਤੇ ਚੁੰਨੀ,ਲੰਮੀਆਂ ਗੁੱਤਾਂ
ਉਹੀ ਪੁਰਾਣਾ,ਦੌਰ ਵੇਖਦਾਂ,
ਸੂਟ ਪੰਜਾਬੀ, ਕੱਢਮੀਂ ਜੁੱਤੀ,
ਸਿਰ ਸਜੇ,ਦੁਮਾਲੇ ਗੋਲ ਵੇਖਦਾਂ,
ਨੀਲੇ ਬਾਣੇ,ਵਿੱਚ ਸਜੀਆਂ ਫੌਜਾਂ,
ਵੱਖਰੀ ਜੱਗ ਤੇ,ਟੌਰ ਵੇਖਦਾਂ,
ਅਨੰਦਪੁਰੀ,ਵਿੱਚ ਵੱਜਣ ਨਗਾਰੇ,
ਉਹੀ ਪੁਰਾਤਨ,ਦੌਰ ਵੇਖਦਾਂ,
ਸੰਦੀਪ ਗੁਰਾਂ ਦੇ ਲੱਗ ਕੇ ਚਰਨੀ,
ਮੈਂ ਦੁਨੀਆਂ ਨਵੀਂ, ਨਕੋਰ ਵੇਖਦਾਂ ,



**ਸੰਦੀਪ ਸਿੰਘ ' ਬਖੋਪੀਰ '**
**ਸੰਪਰਕ:-9815321017**

# ਆਸਟ੍ਰੇਲੀਆ ਦੇ ਬਜ਼ੁਰਗ




ਆਸਟ੍ਰੇਲੀਆ ਦੇ ਬਜ਼ੁਰਗ ਆਪਣੇ ਆਪ ਨੂੰ ਕਿਸਮਤ ਵਾਲੇ ਕਹਿੰਦੇ। ਵਾਤਾਵਰਣ ਪ੍ਰਦੂਸ਼ਣ ਰਹਿਤ, ਤਰੋਤਾਜ਼ਾ ਸਦੈਵ ਨੇ ਰਹਿੰਦੇ। 70 ਸਾਲ ਦੀ ਉਮਰ ਤੱਕ ਰੁਜ਼ਗਾਰ ਵਿੱਚ ਨੇ ਰਹਿੰਦੇ।ਉਸ ਤੋਂ ਬਾਅਦ ਵੀ ਟਿੱਕ ਕੇ ਨਾ ਬਹਿੰਦੇ। ਉਮਰ ਦੇ ਅਖੀਰ ਤੱਕ, ਅਪਣੇ ਸਾਰੇ ਕੰਮ ਆਪ ਨੇ ਕਰਦੇ। ਵ੍ਹੀਲਚੇਅਰ ਤੇ ਨੇੜੇ ਤੇੜੇ ਸਾਰੇ ਕੰਮ ਆਪ ਹੀ ਕਰਦੇ। ਬੇਖੌਫ ਮੌਲਾਂ ਵਿੱਚ ਘੁੰਮਣ, ਨਾ ਕਿਸੇ ਤੋਂ ਡਰਦੇ। ਦਿਵਿਆਂਗ, ਅਪੰਗ,ਤੁਰਨ ਫਿਰਨ ਤੋਂ ਲਾਚਾਰ,ਸਭ ਭਾਵੇਂ ਔਲਾਦ ਨਾਲੋਂ, ਉਨ੍ਹਾਂ ਦੀ ਜਵਾਨੀ ਵੇਲੇ ਹੀ ਤੋੜ ਵਿਛੋੜਾ ਕਰ ਲੈਂਦੇ ਹਨ ਪਰ ਆਉਣ ਜਾਣ ਬਣਿਆ ਰਹਿੰਦਾ ਹੈ। ਅਪਣੇ ਦੁਖ ਸੁਖ ਸਾਂਝੇ ਕਰ ਲੈਂਦੇ ਹਨ।

ਜਦੋਂ ਬਜ਼ੁਰਗ ਸਾਰੇ ਪਾਸਿਓਂ ਬੇਸਹਾਰਾ ਹੋ ਜਾਂਦੇ ਹਨ,ਫਿਰ ਸਾਮਾਜਿਕ ਭਲਾਈ ਵਿਭਾਗ ਦੀ ਮੱਦਦ ਲਈ ਜਾਂਦੀ ਹੈ। ਉਨ੍ਹਾਂ ਨੂੰ ਫੰਡ ਵਾਊਚਰ ਦਿੱਤੇ ਜਾਂਦੇ ਹਨ,ਥਰਡ ਪਾਰਟੀ ਅਦਾਇਗੀਆਂ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਨੂੰ ਹਰ ਪ੍ਰਕਾਰ ਦੀ ਸੁਵਿਧਾ ਅਤੇ ਸਹੂਲਤ ਦਿੱਤੀ ਜਾਂਦੀ ਹੈ। ਆਈਲੈਂਡਰਜ ਨੂੰ ਵੀ ਮੁੱਖ ਧਾਰਾ ਵਿੱਚ ਜੁੜਨ ਲਈ ਪ੍ਰੇਰਿਤ ਕਰਕੇ ਸੁਵਿਧਾਵਾਂ ਅਤੇ ਸਹਾਇਤਾ ਦਿੱਤੀ ਜਾਂਦੀ ਹੈ। ਬਾਬਿਆਂ ਦੀ ਚੜ੍ਹਦੀ ਕਲਾ ਦੇ ਨਾਲ, ਆਸਟ੍ਰੇਲੀਆ ਦੇਸ਼ ਹੁੰਦਾ ਨਿਹਾਲ। ਬਹੁਤ ਨਿੱਘੇ ਅਤੇ ਨਿਮਰ ਸੁਭਾਅ ਦੇ ਮਾਲਕ ਬਣਕੇ ਮਨ ਮੋਹ ਲੈਂਦੇ ਹਨ। ਮੌਲੇ ਅਤੇ ਚੁਸਤ, ਦੋਨੋਂ ਤਰ੍ਹਾਂ ਦੇ ਬਾਬਿਆਂ ਦੀ ਜਿ਼ਿੰਦਾਬਾਦ ਕਰਨੀ ਬਣਦੀ ਹੈ।



**ਅਮਰਜੀਤ ਸਿੰਘ ਤੂਰ ਪਿੰਡ**
**ਕੁਲਬੁਰਛਾਂਜ਼ਿਲਾ ਪਟਿਆਲਾ।**
**ਹਾਲ-ਆਬਾਦ ਬ੍ਰਿਸਬੇਨ,**
**ਆਸਟ੍ਰੇਲੀਆ ਫੋਨ ਨੰਬਰ:**
**9878469639**

Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484

email:-Samajweekly@gmail.com